

ਪੱਗ ਦੀ ਲਾਜ

-ਮਨਿੰਦਰ ਸਿੰਘ ਬਾਜਾ

ਗੁਰਮਤਿ ਪੁਸਤਕ ਭੰਡਾਰ ਦੁਆਰਾ ਪ੍ਰਕਾਸ਼ਿਤ ਪੁਸਤਕ

ਤਬੈ ਰੋਸ ਜਾਗਯੋ



ਡਾ. ਸੁਖਪ੍ਰੀਤ ਸਿੰਘ 'ਉਦੋਕੇ' ਅਜਿਹਾ ਨੌਜਵਾਨ ਲੇਖਕ ਹੈ, ਜਿਸ ਦੀ ਲਿਖਣ ਕਲਾ ਦੇ ਹਿੱਸੇ ਬਜ਼ੁਰਗ ਵਿਦਵਾਨਾਂ ਵਾਲੀਆਂ ਉਡਾਰੀਆਂ ਅਤੇ ਆਲਮਾਂ ਵਾਲੇ ਖਿਆਲ ਆਏ ਹਨ। ਡਾ. ਉਦੋਕੇ ਆਪਣੀ ਪਹਿਲੀ ਪੁਸਤਕ 'ਗੰਜਿ ਸ਼ਹੀਦਾਂ' (ਯੋਗੀ ਯਾਰ ਅੱਲਾ ਖ਼ਾਂ) ਦਾ ਫ਼ਾਰਸੀ ਤੋਂ ਪੰਜਾਬੀ ਅਨੁਵਾਦ ਕਰ ਕੇ ਸਿੱਖ ਜਗਤ ਦੀਆਂ ਸਾਹਿਤਕ ਉਚਾਈਆਂ ਨੂੰ ਛੋਹਣ ਲੱਗਾ। ਉਸ ਦੀ ਨਵੀਂ ਪੁਸਤਕ 'ਤਬੈ ਰੋਸ ਜਾਗਯੋ' ਸਿੱਖ ਸਾਹਿਤ ਦੇ ਰਸਤੇ ਉੱਤੇ ਇਕ ਨਵਾਂ ਮੀਲ ਪੱਥਰ ਹੈ।


ਸਿੱਖ ਮਤ ਉੱਪਰ ਹੋ ਰਹੇ ਬੌਧਿਕ ਹਮਲਿਆਂ ਦੀ ਵਾਗਡੋਰ ਅੱਜ ਕੱਲ੍ਹ ਹਿੰਦੂ ਮਾਨਸਿਕਤਾ ਦੀ ਅਲੰਬਰਦਾਰ ਕਹਾਉਂਦੀ ਹਿੰਦੂ ਫ਼ਾਸ਼ੀ ਜਥੇਬੰਦੀ ਰਾਸ਼ਟਰੀ ਸਵੈਮ ਸੰਘ (ਆਰ.ਐਸ.ਐਸ.) ਦੇ ਹੱਥ ਵਿਚ ਹੈ। ਆਰ.ਐਸ.ਐਸ. ਗਾਹੇ-ਬਗਾਹੇ ਆਪਣੇ ਜ਼ੈਅ-ਖਰੀਦ ਲੇਖਕਾਂ ਅਤੇ ਢੁੱਚਰਵਾਦੀ ਵਿਦਵਾਨਾਂ ਰਾਹੀਂ ਨਾ-ਕਾਬਲੇ ਬਰਦਾਸ਼ਤ ਲਿਖਤਾਂ ਦੁਆਰਾ ਅਜਿਹੇ ਹਮਲੇ ਕਰਵਾਉਂਦੀ ਰਹਿੰਦੀ ਹੈ।

ਸਿੱਖਾਂ ਨੂੰ ਕੇਸਾਧਾਰੀ ਹਿੰਦੂਆਂ ਦਾ ਲਕਬ ਦੇਣਾ, ਗੁਰਬਾਣੀ ਨੂੰ ਵੇਦਾਂ ਦੀ ਗੰਗੋਤਰੀ ਆਖਣਾ, ਗੁਰੂ ਸਾਹਿਬਾਂ ਅਤੇ ਗੁਰੂ ਸੰਤਾਨਾਂ ਨੂੰ ਰਾਮ ਚੰਦਰ ਦੇ ਵੰਸ਼ਜ ਆਖਣਾ, ਸਿਰ ਘਸਿਆਂ ਨੂੰ ਸਹਿਜਧਾਰੀ ਸਿੱਖਾਂ ਦਾ ਦਰਜਾ ਦੇਣਾ, ਗੁਰੂ ਸਾਹਿਬਾਨਾਂ ਨੂੰ ਦੇਵੀ ਪੂਜ, ਗਊ ਪੂਜ ਆਦਿਕ ਕਹਿਣ ਦਾ ਬੇਸ਼ਰਮੀ ਭਰਿਆ ਯਤਨ ਕਰਨਾ। ਸਿੱਖ ਸੂਰਵੀਰਾਂ, ਸ਼ਹੀਦਾਂ ਨੂੰ ਹਿੰਦੂਵਾਦੀ ਖੇਮੇ ਵਿਚ ਸੁੱਟਣ ਦੀ ਜੁਰਅਤ ਕਰਨਾ, ਅਜਿਹੇ ਹੋਰ ਹਜ਼ਾਰਾਂ ਕੁਫ਼ਰ ਭਰੇ ਕਾਰਨਾਮੇ, ਆਰ.ਐਸ.ਐਸ. ਦੀ ਬ੍ਰਾਹਮਣਵਾਦੀ ਸੋਚ ਦੇ ਹਿੱਸੇ ਆਏ ਹਨ। ਪਰ ਆਮ ਸਿੱਖ ਸੰਗਤਾਂ ਨੂੰ ਇਨ੍ਹਾਂ ਦੇ ਕੰਮ ਕਰਨ ਦੇ ਢੰਗ, ਇਨ੍ਹਾਂ ਦੀਆਂ ਬਿਪਰਵਾਦੀ ਚਾਲਾਂ ਦੀ ਬਹੁਤੀ ਜਾਣਕਾਰੀ ਨਹੀਂ ਹੈ।

ਡਾ. ਸੁਖਪ੍ਰੀਤ ਸਿੰਘ ਉਦੋਕੇ ਦੀ ਇਹ ਪੁਸਤਕ ਬ੍ਰਾਹਮਣਵਾਦੀਆਂ ਦੇ ਅਸਲ ਮਨੂੰ ਚਿਹਰੇ ਨੂੰ ਨੰਗਾ ਕਰਦੀ ਹੈ। ੫੬੯ ਸਫ਼ੇ ਦੀ ਇਹ ਕਿਤਾਬ ਵਿਚ ਲੇਖਕ ਵੱਲੋਂ ਤਕਰੀਬਨ ੫੮ ਅਜਿਹੇ ਵਿਸ਼ਿਆਂ ਉੱਪਰ ਜਾਣਕਾਰੀ ਪਾਈ ਗਈ ਹੈ, ਜਿਨ੍ਹਾਂ ਰਾਹੀਂ ਬ੍ਰਾਹਮਣਵਾਦੀਆਂ ਨੇ ਸਿੱਖ ਇਨਕਲਾਬੀ ਵਿਚਾਰਧਾਰਾ ਨੂੰ ਫ਼ੁਟਿਆਉਣ ਦਾ ਯਤਨ ਕੀਤਾ ਹੈ। ਸੰਘ ਦੀ ਪੰਜਾਬ ਵਿਚ ਕਾਰਜ ਵਿਧੀ, ਆਰ.ਐਸ.ਐਸ. ਦਾ ਸਿੱਖਾਂ ਪ੍ਰਤੀ ਨਜ਼ਰੀਆ, ਬ੍ਰਾਹਮਣਵਾਦੀਆਂ ਦੇ ਸਿੱਖ ਸੰਘਰਸ਼ ਬਾਰੇ ਵਿਚਾਰ, ਇਤਿਹਾਸ ਦਾ ਭਗਵਾਂ ਕਰਨ, ਕੀ ਗੁਰਬਾਣੀ ਵੇਦਾਂ ਦਾ ਸਾਰ ਹੈ, ਕੀ ਜਪੁਜੀ ਗੀਤਾ ਦਾ ਸਾਰ ਹੈ, ਸਿੱਖ ਇਤਿਹਾਸ ਮੇ ਰਾਜ ਜਨਮ ਭੂਮੀ, ਮੰਦਰ ਮਸਜਿਦ ਝਗੜੇ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਨਾਂ ਕਿਉਂ ਜੋੜਿਆ ਜਾ ਰਿਹਾ ਹੈ, ਕੀ ਅਯੁੱਧਿਆ ਰਾਮ ਜਨਮ ਭੂਮੀ ਹੈ, ਕੀ ਬੰਦਾ ਸਿੰਘ ਬਹਾਦਰ, ਬੰਦਾ ਬੈਰਾਗੀ ਸੀ, ਸਿੱਖਾਂ ਨੂੰ ਵੱਖਰੇ ਕੈਲੰਡਰ ਦੀ ਲੋੜ ਕਿਉਂ, ਕੀ ਜਨਸੰਘੀਆਂ ਨੇ ਹਰਿਮੰਦਰ ਸਾਹਿਬ ਦੀ ਰੱਖਿਆ ਕੀਤੀ, ਘੱਟ ਗਿਣਤੀਆਂ ਸਿੱਖਾਂ ਅਤੇ ਦਲਿਤ ਵੀਰਾਂ ਨੂੰ ਬਿਪਰ ਦੀ ਦੂਹਰੀ ਨੀਤੀ ਸਮਝਣ ਦੀ ਲੋੜ; ਆਦਿਕ ਵਿਸ਼ਿਆਂ ਉੱਪਰ ਲਿਖੇ ਹੋਏ ਲੇਖ ਪਾਠਕ ਦੀ ਜਾਣਕਾਰੀ ਵਿਚ ਵਾਧਾ ਹੀ ਨਹੀਂ ਕਰਦੇ, ਸਗੋਂ ਪਾਠਕ ਬਿਪਰ ਦਾ ਸ਼ਾਤਰ ਦਿਮਾਗ ਅਤੇ ਚਾਲਬਾਜ਼ ਚਿਹਰਾ ਤੱਕ ਕੇ ਅਵਾਕ ਰਹਿ ਜਾਂਦਾ ਹੈ।

ਇਕ ਜ਼ਰੂਰੀ ਗੱਲ ਹੋਰ ਕਿ ਪੁਸਤਕ ਛਪਣ ਤੋਂ ਰੋਕਣ ਲਈ ਆਰ.ਐਸ.ਐਸ. ਦੀ ਪਗੜੀਧਾਰੀ ਬ੍ਰਾਹਮਣ ਜਮਾਤ (ਰਾਸ਼ਟਰੀ ਸਿੱਖ ਸੰਗਤ) ਵੱਲੋਂ ਵੱਡੇ ਲਾਲਚ ਵੀ ਦਿੱਤੇ ਗਏ ਤੇ ਗਾਹੇ-ਬਗਾਹੇ ਜਾਨੋਂ ਮਾਰਨ ਦੀਆਂ ਧਮਕੀਆਂ ਵੀ। ਪਰ ਡਾ. ਸੁੱਖ ਆਪਣੇ ਰਾਹ ਤੋਂ ਨਾ ਥਿੜਕਿਆ। ਮੇਰੀ ਦਿਲੀ ਤਮੰਨਾ ਹੈ ਕਿ ਡਾ. ਉਦੋਕੇ ਕਲਮ ਨਾਲ ਸਿੱਖ ਪੰਥ ਦੀ ਹੋਰ ਸੇਵਾ ਕਰਦਾ ਰਹੇ। ਹਰ ਸਿੱਖ ਨੂੰ ਉਸ ਦੀ ਪੁਸਤਕ ਇਕ ਵਾਰ ਜ਼ਰੂਰੀ ਪੜਨੀ ਚਾਹੀਦੀ ਹੈ। ਅੰਤ ਵਿਚ ਦੋ ਸ਼ਬਦ ਬਿਪਰ ਸੋਚ ਨੂੰ:

ਸਾਨੂੰ ਪਤੈ ਤੁਸੀਂ ਗੰਗੂ ਦੇ ਨਵੇਂ ਵਾਰਸ ਹੋ, ਜੋ ਗੰਗੂ ਤੋਂ ਚੱਲੀ ਲੜੀ, ਤੁਹਾਡੇ 'ਤੇ ਹੈ ਖੜੀ।
ਤਾਂ ਇਹ ਨਾ ਸਮਝ ਲੈਣਾ, ਕਿ ਗੋਬਿੰਦ ਦੇ ਵਾਰਸ ਖਤਮ ਹਨ, ਮੌਤ ਦੇ ਆਸ਼ਕ ਖਤਮ ਹਨ
ਤੁਸੀਂ ਤ੍ਰਿਸ਼ੂਲ ਨੂੰ, ਤਲਵਾਰ ਨੂੰ ਜਾਂ ਹੋਰ ਕਿਸੇ ਹਥਿਆਰ ਨੂੰ ਤਿਆਰ ਕਰ ਲਵੋ।
ਖ਼ਾਲਸਾ ਤਿਆਰ-ਬਰ-ਤਿਆਰ ਹੈ।
ਬਸ ਹੁਣ ਤਾਂ ਤੁਹਾਡੀ ਅਗਲੀ ਗੱਦਾਰੀ ਦਾ ਇੰਤਜ਼ਾਰ ਹੈ।



ਪੱਗ ਦੀ ਲਾਜ

-ਮਨਿੰਦਰ ਸਿੰਘ ਬਾਜਾ

ੴ ਸਤਿਗੁਰ ਪ੍ਰਸਾਦਿ ॥

ਪੱਗ ਦੀ ਲਾਜ

ਲੇਖਕ :

ਮਨਿੰਦਰ ਸਿੰਘ ਬਾਜਾ

ਪੁਸਤਕ ਮਿਲ ਦਾ ਪਤਾ :

ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)

154, ਘੰਟਾ ਘਰ ਮਾਰਕੀਟ, ਸਕੂਟਰ ਸਟੈਂਡ ਦੇ ਉੱਪਰ,

ਅੰਮ੍ਰਿਤਸਰ। ਫੋਨ : 0183-5101231

ਮੋਬਾਇਲ : 98726-58302, 98151-61234

PAG DI LAAJ

(Punjabi)

ਪਹਿਲੀ ਵਾਰ : 2005
ਦੂਜੀ ਵਾਰ : 2006
ਤੀਜੀ ਵਾਰ : 2010

ਕੀਮਤ :
80 ਰੁਪਏ (ਭਾਰਤ)
07 ਡਾਲਰ (ਕੈਨੇਡਾ)
05 ਡਾਲਰ (ਅਮਰੀਕਾ)
03 ਪੌਂਡ (ਇੰਗਲੈਂਡ)

ਪ੍ਰਕਾਸ਼ਕ :
ਗੁਰਮਤਿ ਪੁਸਤਕ ਭੰਡਾਰ (31 ਨੰਬਰ ਵਾਲੇ)
154, ਘੰਟਾ ਘਰ ਮਾਰਕੀਟ, (ਸਕੂਟਰ ਸਟੈਂਡ ਦੇ ਉਪਰ), ਅੰਮ੍ਰਿਤਸਰ।
ਫ਼ੋਨ : 0183-5101231, 98726-58302, 98151-61234

ਛਾਪਕ : ਪ੍ਰਿੰਟਵੈੱਲ, ਅੰਮ੍ਰਿਤਸਰ

Printed in India

5

ਸਮਰਪਣ

ਸਿੱਖ ਗੁਰਧਾਮਾਂ ਦੀ

ਮਾਣ ਮਰਯਾਦਾ ਖ਼ਾਤਰ

ਜੂਝਣ ਵਾਲੇ

ਸਿੰਘ, ਸਿੰਘਣੀਆਂ

ਅਤੇ

ਭੁਝੰਗੀਆਂ ਨੂੰ

ਇਸ ਨਾਵਲ ਬਾਰੇ ਕੁਝ ਸ਼ਬਦ ਮੇਰੇ ਵੱਲੋਂ

ਮਨਿੰਦਰ ਸਿੰਘ ਬਾਜਾ ਦਾ ਨਾਵਲ 'ਪੱਗ ਦੀ ਲਾਜ' ਸਿੱਖ ਧਰਮ ਵਿੱਚ ਬੜੀ ਅਹਿਮ ਮਹੱਤਤਾ ਰੱਖਣ ਵਾਲਾ ਹੈ। ਇਸ ਵਿੱਚ ਸ਼ਹੀਦ ਸਤਵੰਤ ਸਿੰਘ ਤੇ ਉਸ ਦੇ ਪੂਰੇ ਪਰਿਵਾਰ ਦੀ ਕਹਾਣੀ ਨੂੰ ਮਨਿੰਦਰ ਸਿੰਘ ਬਾਜਾ ਨੇ ਬੜੇ ਪਿਆਰ ਨਾਲ ਗੁੰਦਿਆ ਹੈ। ਸ਼ਹੀਦ ਸਤਵੰਤ ਸਿੰਘ ਤੇ ਉਸ ਦੀ ਮੰਗੇਤਰ ਸੁਰਿੰਦਰ ਕੌਰ ਦੀ ਜਜ਼ਬਾਤਾਂ ਭਰੀ ਕਹਾਣੀ ਹੈ ਇਹ ਨਾਵਲ। ਇਸ ਵਿੱਚ ਦਰਸਾਇਆ ਗਿਆ ਹੈ ਕਿ ਕਿਵੇਂ ਦੁਨੀਆਂ ਭਰ ਵਿੱਚ ਬੈਠੇ ਸਿੱਖਾਂ ਦੀ ਪੱਗ ਨੂੰ ਦਾਗ ਲੱਗਣ ਤੋਂ ਬਚਾਇਆ ਹੈ ਸਤਵੰਤ ਸਿੰਘ ਤੇ ਉਸ ਦੇ ਸਾਥੀਆਂ ਨੇ। ਜਜ਼ਬੇ ਦੀ ਲਹਿਰ ਨੌਜਵਾਨ ਸਤਵੰਤ ਸਿੰਘ ਦੇ ਦਿਲ ਵਿੱਚੋਂ ਹੀ ਫੁੱਟੀ ਸੀ ਕਿਉਂਕਿ ਉਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ-ਢੇਰੀ ਹੋਇਆ ਤੇ ਸ੍ਰੀ ਹਰਿਮੰਦਰ ਸਾਹਿਬ 'ਤੇ ਲੱਗੇ ਗੋਲੀਆਂ ਦੇ ਨਿਸ਼ਾਨ ਆਪਣੇ ਅੱਖੀਂ ਜਾ ਕੇ ਵੇਖੇ ਸਨ। ਸ਼ਰਧਾ ਨਾਲ ਗੁਰੂ ਘਰ ਆਏ ਬੇਦੋਸ਼ੇ ਸਿੱਖ ਨੌਜਵਾਨਾਂ, ਔਰਤਾਂ, ਬਜ਼ੁਰਗਾਂ ਤੇ ਬੱਚੇ ਜਿਨ੍ਹਾਂ ਨੂੰ ਫੌਜੀ ਟੈਂਕਾਂ ਤੇ ਬੰਦੂਕਾਂ ਦੀਆਂ ਗੋਲੀਆਂ ਦਾ ਨਿਸ਼ਾਨਾ ਬਣਾਇਆ ਗਿਆ ਸੀ, ਦੀਆਂ ਗੱਲਾਂ ਸਿੱਖ ਸੰਗਤਾਂ ਕੋਲੋਂ ਸੁਣ ਕੇ ਸਤਵੰਤ ਸਿੰਘ ਦਾ ਜਵਾਨ ਖ਼ੂਨ ਉਬਾਲਾ ਖਾ ਗਿਆ। ਮਨਿੰਦਰ ਸਿੰਘ ਬਾਜਾ ਭਾਵੇਂ ਘੱਟ ਪੜ੍ਹਿਆ ਲਿਖਿਆ ਹੈ, ਪਰ ਫੇਰ ਵੀ ਉਹ ਵਧਾਈ ਦਾ ਪਾਤਰ ਹੈ ਕਿਉਂਕਿ ਉਸ ਨੇ ਸਿੱਖ ਇਤਿਹਾਸ ਦੇ ਪੰਨਿਆਂ ਨੂੰ ਫਰੋਲਣ ਦਾ ਬੀੜਾ ਤਾਂ ਚੁੱਕਿਆ ਹੈ, ਜੋ ਹਰੇਕ ਦੇ ਵੱਸ ਦਾ ਰੋਗ ਨਹੀਂ ਹੈ। ਇਹ ਨਾਵਲ ਲਿਖਣ ਲਈ ਉਸ ਨੂੰ ਸਤਵੰਤ ਸਿੰਘ ਦੇ ਪਰਿਵਾਰ ਦੇ ਇੱਕ-ਇੱਕ ਮੈਂਬਰ ਨੂੰ ਮਿਲਣ ਲਈ ਅਨੇਕਾਂ ਚੱਕਰ ਲਾਉਣੇ ਪਏ ਹਨ ਤੇ ਇਸ ਕੰਮ ਨੂੰ ਨੇਪਰੇ ਚਾੜ੍ਹਨ ਲਈ ਉਹਨੇ ਸਖ਼ਤ ਮਿਹਨਤ ਕੀਤੀ ਹੈ। ਇਸ ਨਾਵਲ ਵਿੱਚ ਇੱਕ ਗੱਲ ਸ਼ਪਸ਼ਟ ਕੀਤੀ ਗਈ ਹੈ, ਕਿ ਸਰਬੱਤ ਦਾ ਭਲਾ ਮੰਗਣ ਵਾਲੀ ਸਿੱਖ ਕੌਮ ਕਿਸੇ ਨੂੰ ਡਰਾਉਂਦੀ, ਧਮਕਾਉਂਦੀ ਨਹੀਂ। ਪਰ ਜੇਕਰ ਕੋਈ ਸਿੱਖੀ ਤੇ ਵਾਰ ਕਰੇ ਤਾਂ ਉਹਦੀ ਭਾਜੀ ਮੋੜਨ ਵਿੱਚ ਦੇਰ ਵੀ ਨਹੀਂ ਕਰਦੀ। ਸਿੱਖ ਬਹਾਦਰ ਤੇ ਅਣਖ ਵਾਲੇ ਹਨ। ਉਹਨਾਂ ਦਾ ਮਨੋਬਲ ਬਹੁਤ ਉੱਚਾ ਹੈ, ਤਾਂ ਹੀ ਦੁਨੀਆਂ ਭਰ ਵਿੱਚ ਸਿੱਖਾਂ ਦੀ ਨਿਵੇਕਲੀ ਸ਼ਾਨ ਅੱਜ ਵੀ ਕਾਇਮ ਹੈ। ਮਨਿੰਦਰ ਸਿੰਘ ਬਾਜਾ ਦੀ ਇਹ ਰਚਨਾ 'ਪੱਗ ਦੀ ਲਾਜ' ਸਾਂਭ ਕੇ ਰੱਖਣ ਵਾਲੀ ਹੈ, ਕਿਉਂਕਿ ਇਹ ਤੱਥਾਂ ਤੇ ਅਧਾਰਿਤ ਇੱਕ ਅਹਿਮ ਦਸਤਾਵੇਜ਼ ਹੈ।

ਸੁਖਪਾਲ ਸਿੰਘ ਢਿੱਲੋਂ

ਮੁੱਖ ਬੰਦ

ਕਦੇ ਅਕਾਲੀ ਦਲ ਨਿਰਭੈ ਯੋਧਿਆਂ ਦੀ ਧਾਰਮਿਕ ਤੇ ਰਾਜਸੀ, ਸਿਆਸੀ ਹੱਕਾਂ ਲਈ ਜੂਝਣ ਵਾਲੀ, ਕੁਰਬਾਨੀ ਵਾਲੇ ਤਿਆਗੀ, ਬੇਗਰਜ਼ ਸਿੱਖਾਂ ਦੀ ਜਥੇਬੰਦੀ ਰਹੀ ਹੈ। ਅਕਾਲੀ ਦਲ ਨੇ 1947 ਤੋਂ ਪਹਿਲਾਂ ਅੰਗਰੇਜ਼ ਸਾਮਰਾਜ ਤੋਂ ਹਿੰਦੁਸਤਾਨ ਦੀ ਅਜ਼ਾਦੀ ਅਤੇ ਅੰਗਰੇਜ਼ਾਂ ਦੇ ਪਿੱਠੂ ਮਹੰਤਾਂ ਤੋਂ ਗੁਰਦੁਆਰਿਆਂ ਦੀ ਅਜ਼ਾਦੀ ਲਈ ਸੰਘਰਸ਼ ਕੀਤਾ। ਮਹਾਨ ਕੁਰਬਾਨੀਆਂ ਕੀਤੀਆਂ ਤੇ ਆਪਣੇ ਹੱਕ ਪ੍ਰਾਪਤ ਕੀਤੇ। ਅੰਗਰੇਜ਼ ਸਾਮਰਾਜ ਤੋਂ ਹਿੰਦੁਸਤਾਨ ਅਜ਼ਾਦ ਕਰਵਾ ਕੇ, ਗੁਰਦੁਆਰਿਆਂ ਦੀ ਸੇਵਾ-ਸੰਭਾਲ ਪੰਥ ਦੇ ਹਵਾਲੇ ਕੀਤੀ। ਸਮੇਂ ਦੇ ਬੀਤਣ ਨਾਲ ਅਕਾਲੀ ਦਲ ਉੱਤੇ ਅਜਿਹੇ ਆਗੂਆਂ ਦਾ ਕਬਜ਼ਾ ਹੋ ਗਿਆ, ਜਿਹੜੇ ਖੁਦਗਰਜ਼, ਮਨਮੁੱਖ, ਧਰਮਹੀਣ, ਮੌਕਾ-ਪ੍ਰਸਤ, ਲੂੰਬੜ-ਚਾਲੀ ਅਤੇ ਸਿੱਖ ਕੌਮ ਨੂੰ ਪੈਰ ਪੈਰ ਉੱਤੇ ਧੋਖਾ ਦੇਣ ਵਾਲੇ (ਧੋਖਾ ਦੇ ਕੇ) ਕੁਰਸੀ ਪ੍ਰਾਪਤੀ ਲਈ ਆਪਣੇ ਅਸਲੀ ਚਿਹਰੇ ਵਿਖਾ ਚੁੱਕੇ ਹਨ। ਸਿੱਖਾਂ ਵਿਚ ਇਹ ਲੋਕ ਹੁਣ ਵੀ ਆਪਣੇ ਆਪ ਨੂੰ ਪੰਥਕ ਹੋਣ ਦਾ ਪ੍ਰਚਾਰ ਕਰ ਕੇ ਸਿੱਖਾਂ ਨੂੰ ਗੁੰਮਰਾਹ ਕਰ ਰਹੇ ਹਨ।

ਇਹ ਇਕ ਇਤਿਹਾਸਕ ਸੱਚ ਹੈ ਕਿ ਜਦੋਂ ਅਕਾਲੀ ਪੰਜਾਬ ਵਿਚ ਰਾਜ ਭਾਗ ਦੇ ਮਾਲਕ ਹੁੰਦੇ ਹਨ ਅਤੇ ਕੇਂਦਰ ਸਰਕਾਰ ਵਿਚ ਭਾਈਵਾਲ ਹੁੰਦੇ ਹਨ ਤਾਂ ਇਹਨਾਂ ਨੂੰ ਪੰਜਾਬ ਦੇ ਹੱਕ ਚੇਤੇ ਨਹੀਂ ਆਉਂਦੇ। ਉਦੋਂ ਕਿਉਂ ਨਹੀਂ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ ਲਈ ਯਤਨ ਕਰਦੇ ? ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਮੰਗ ਕਿਉਂ ਨਹੀਂ ਕਰਦੇ ? ਕਿਉਂ ਨਹੀਂ ਪੰਜਾਬ ਦੇ ਦਰਿਆਵਾਂ ਦੇ ਪਾਣੀ, ਬਿਜਲੀ ਉੱਤੇ ਪੰਜਾਬ ਦੇ ਹੱਕ ਦਾ ਦਾਅਵਾ ਕਰਦੇ ? ਕਿਉਂ ਨਹੀਂ ਸੰਵਿਧਾਨ ਦੀ ਧਾਰਾ 25, ਸਿੱਖ ਹਿੰਦੂ ਹੀ ਹਨ, ਵਿਚ (ਸਿੱਖ ਇਕ ਵੱਖਰੀ ਕੌਮ ਹੈ) ਸੋਧ ਕਰਵਾਉਂਦੇ ? ਕਿਉਂ ਨਹੀਂ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਜਾਂਚ ਰਾਹੀਂ ਪਾਏ ਗਏ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਂਦੇ ? ਕਿਉਂ ਨਹੀਂ ਝੂਠੇ ਪੁਲਿਸ ਮੁਕਾਬਲਿਆਂ ਦੀ ਜਾਂਚ ਕਰਵਾਉਂਦੇ ? ਜੂਨ 1984 ਦੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ

ਤਖ਼ਤ ਸਾਹਿਬ ਉੱਤੇ ਹਿੰਦੁਸਤਾਨ ਦੀ ਸਰਕਾਰ ਦੇ ਫ਼ੌਜੀ ਹਮਲੇ ਦੌਰਾਨ ਲੁੱਟੇ ਤੋਸ਼ੇਖ਼ਾਨੇ ਨੂੰ ਵਾਪਸ ਕਰਾਉਂਦੇ? ਹਿੰਦੁਸਤਾਨ ਸਰਕਾਰ ਵੱਲੋਂ ਸ੍ਰੀ ਦਰਬਾਰ ਸਾਹਿਬ ਉੱਪਰ ਹੋਏ ਘੱਲੂਘਾਰੇ (ਜੂਨ 1984) ਦੇ ਵਿਰੋਧ ਵਿਚ ਭਗੌੜੇ ਹੋਏ ਧਰਮੀ ਫ਼ੌਜੀਆਂ ਦੀ ਕਿਉਂ ਨਹੀਂ ਸਾਰ ਲੈਂਦੇ? ਕਿਉਂ ਨਹੀਂ ਪੰਜਾਬ ਵਾਸਤੇ ਖ਼ੁਦਮੁਖ਼ਤਿਆਰੀ ਦਾ ਮਤਾ ਪਾਸ ਕਰਦੇ?

ਜਦੋਂ ਅਕਾਲੀਆਂ ਹੇਠੋਂ ਕੁਰਸੀ ਨਿਕਲ ਜਾਂਦੀ ਹੈ, ਫਿਰ ਪੰਥ ਨੂੰ ਖ਼ਤਰਾ, ਸਤਲੁਜ-ਯਮਨਾ ਲਿੰਕ ਨਹਿਰ, ਕੇਂਦਰ ਸਰਕਾਰ ਦਾ ਸਿੱਖਾਂ ਨਾਲ ਧੱਕਾ, ਸਰਕਾਰ ਤੋਂ ਆਪਣੇ ਹੱਕ ਲੈਣੇ, ਹਿੰਦੁਸਤਾਨ ਦੀ ਸਰਕਾਰ ਅਜ਼ਾਦੀ ਤੋਂ ਬਾਅਦ ਸਿੱਖਾਂ ਨਾਲ ਵਿਤਕਰਾ ਕਰ ਰਹੀ ਹੈ, ਆਦਿ ਅਖ਼ਬਾਰਾਂ ਵਿਚ ਬਿਆਨ ਛਪਾਉਂਦੇ ਹਨ, ਸਟੇਜਾਂ ਤੋਂ ਭਾਸ਼ਨ ਦਿੰਦੇ ਹਨ, ਐਲਾਨ ਕਰਦੇ ਹਨ, ਅਸੀਂ ਸਿੱਖ ਕੌਮ ਨਾਲ ਧੱਕਾ ਨਹੀਂ ਹੋਣ ਦਿਆਂਗੇ, ਅਸੀਂ ਪੰਥ ਲਈ ਆਪਣਾ ਖ਼ੂਨ ਵਹਾ ਦਿਆਂਗੇ, ਅਸੀਂ ਚੁੱਪ ਕਰ ਕੇ ਨਹੀਂ ਬੈਠਾਂਗੇ। ਉੱਠੋ ਸਿੰਘੋ, ਸਿੱਖਾਂ ਦੇ ਹੱਕਾਂ ਲਈ ਜੂਝ ਮਰੀਏ, ਪੰਥ ਨੂੰ ਖ਼ਤਰਾ ਹੈ, ਪੰਥ ਦੇ ਦੁਸ਼ਮਣਾਂ ਨੂੰ ਲੋਹੇ ਦੇ ਚਣੇ ਚਬਾਈਏ, ਰੇਲ ਗੱਡੀਆਂ ਰੋਕੀਏ, ਬੱਸਾਂ ਰੋਕੀਏ, ਡਿਪਟੀ ਕਮਿਸ਼ਨਰਾਂ ਦੇ ਦਫ਼ਤਰਾਂ ਦਾ ਘੇਰਾਉ ਕਰੀਏ, ਚੰਡੀਗੜ੍ਹ ਧਰਨਾ ਦੇਣਾ ਹੈ, ਸਤਲੁਜ-ਯਮਨਾ ਲਿੰਕ ਨਹਿਰ ਦੀ ਉਸਾਰੀ ਰੋਕੀਏ, ਸ਼ਹੀਦੀਆਂ ਦੇਈਏ, ਅਸੀਂ ਤੁਹਾਡੇ ਨਾਲ ਹਾਂ, ਅਸੀਂ ਜੇਲ੍ਹਾਂ ਵਿਚ ਜਾਣ ਤੋਂ ਨਹੀਂ ਡਰਦੇ।

ਖ਼ਾਸ ਕਰਕੇ ਪ੍ਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ, ਸੁਰਜੀਤ ਸਿੰਘ ਬਰਨਾਲਾ ਅਜਿਹੇ ਦਗੇਬਾਜ਼ ਹਨ ਜੋ ਸਿੱਖ ਕੌਮ ਨਾਲ ਗ਼ੱਦਾਰੀ, ਸਿੱਖੀ ਰਵਾਇਤਾਂ ਦਾ ਘਾਣ ਕਰਨ ਲੱਗਿਆਂ ਭੋਰਾ ਜਿੰਨੀ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਗਰਮ ਭਾਸ਼ਨਾਂ ਨਾਲ, ਰਾਜ ਸੱਤਾ ਤੋਂ ਬਾਹਰ ਹੁੰਦਿਆਂ, ਹਕੂਮਤ ਨਾਲ ਟਕਰਾ ਪੈਦਾ ਕਰਦੇ ਹਨ, ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਹਨ। ਸਿੱਖ ਜਵਾਨੀ ਨਾਲ ਆਪਣੀ ਕੂਟਨੀਤੀ ਦੀ ਖੇਡ ਖੇਡਦੇ ਹਨ, ਸਿੱਖਾਂ ਦੇ ਪੁੱਤਾਂ ਨੂੰ ਸੰਘਰਸ਼ ਦੇ ਰਾਹ ਤੋਰਦੇ ਹਨ, ਮਰਵਾਉਂਦੇ ਹਨ, ਆਪਣੇ ਧੀਆਂ ਪੁੱਤ ਵਿਦੇਸ਼ਾਂ ਵਿਚ ਪੜ੍ਹਨ ਦੇ ਬਹਾਨੇ ਭੇਜਦੇ ਹਨ। ਸਿੱਖ ਨੌਜਵਾਨਾਂ ਨੂੰ ਸੰਘਰਸ਼ ਦੇ ਰਾਹ ਤੋਰਦੇ ਹਨ, ਜਿਥੋਂ ਅਣਖੀਲੇ ਯੋਧਿਆਂ ਨੂੰ ਵਾਪਸ ਮੁੜਨਾ ਮੁਸ਼ਕਲ ਹੋ ਜਾਂਦਾ ਹੈ। ਪੁਲਿਸ ਝੂਠੇ ਪੁਲਿਸ ਮੁਕਾਬਲੇ ਬਣਾਉਂਦੀ ਹੈ। ਅਕਾਲੀ ਲੀਡਰ ਸਿਰਫ਼ ਉਹਨਾਂ ਦੇ ਭੋਗ 'ਤੇ ਪਹੁੰਚ ਕੇ ਗਰਮ ਭਾਸ਼ਨ ਦੇ ਕੇ ਸੁਰਖ਼ਰੂ ਹੋ ਜਾਂਦੇ ਹਨ। ਉਸ ਤੋਂ ਬਾਅਦ ਸਿੱਖ ਯੋਧਿਆਂ ਦੀ ਕਦੇ ਸਾਰ ਨਹੀਂ ਲੈਂਦੇ। ਉੱਤੋਂ ਉੱਤੋਂ ਅਕਾਲੀ ਖਾੜਕੂਆਂ ਦੀ ਧਿਰ ਹੋਣ ਦੇ

ਵਿਖਾਵੇ ਕਰਦੇ ਹਨ। ਅੰਦਰਖਾਤੇ ਕੇਂਦਰ ਸਰਕਾਰ ਨਾਲ ਗੁਪਤ ਮੀਟਿੰਗਾਂ ਕਰਦੇ, ਰਿਆਇਤਾਂ ਲੈਂਦੇ, ਖ਼ੁਦਗਰਜ਼ੀ ਪੂਰੀ ਕਰਦੇ ਹਨ। ਆਪਣੇ ਨਿੱਜੀ ਲਾਭ ਲਈ ਕੇਂਦਰ ਸਰਕਾਰ ਦੇ ਅੱਗੇ ਪਿੱਛੇ ਪੂਛ ਹਿਲਾਉਂਦੇ ਹਨ, ਸਿੱਖ ਕੌਮ ਨਾਲ ਧੋਖਾ ਕਰਦੇ ਆ ਰਹੇ ਹਨ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ।

ਅਕਾਲੀ ਗ਼ੱਦਾਰੀ ਕਰਦੇ ਹਨ ਤਾਂ ਇਹ ਮਤਲਬ ਨਹੀਂ ਕਿ ਕਾਂਗਰਸ ਪਾਰਟੀ ਚੰਗੀ ਹੈ। ਪਰ ਦੁੱਖ ਤਾਂ ਇਸ ਗੱਲ ਦਾ ਹੈ ਕਿ ਕਾਂਗਰਸ ਤਾਂ ਸਿੱਖਾਂ ਦੀ ਸ਼ੁਰੂ ਤੋਂ ਹੀ ਦੁਸ਼ਮਣ ਪਾਰਟੀ ਹੈ ਤੇ ਅੱਜ ਵੀ ਹੈ। ਪਰ ਰੋਸ ਆਪਣੇ ਉਹਨਾਂ ਅਕਾਲੀ ਭਰਾਵਾਂ 'ਤੇ ਹੈ ਜਿਹੜੇ ਆਪਣੇ ਹੋ ਕੇ ਕੌਮ ਨਾਲ ਗ਼ੱਦਾਰੀ ਕਰਦੇ ਆ ਰਹੇ ਹਨ। ਸਿੱਖਾਂ ਦੇ ਪੁੱਤ ਸੰਘਰਸ਼ ਦੇ ਰਾਹ ਪਾ ਕੇ ਮਰਵਾਉਂਦੇ ਹਨ ਤੇ ਆਪਣੇ ਵਿਦੇਸ਼ਾਂ ਵਿਚ ਭੇਜ ਦੇਂਦੇ ਹਨ। ਇਹਨਾਂ ਦੀ ਸਿੱਖ ਸੰਘਰਸ਼ ਵਿਚ ਕੁੱਤੀ ਵੀ ਨਹੀਂ ਮਰਦੀ। ਅਕਾਲੀ ਸਮੇਂ ਦੀ ਉਡੀਕ ਵਿਚ ਰਹਿੰਦੇ ਹਨ ਤਾਂ ਕਿ ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦਾ ਮੁੱਲ ਵੱਟ ਕੇ ਆਪਣੀ ਖ਼ੁਦਗਰਜ਼ੀ, ਹਉਮੈਂ ਨੂੰ ਪੱਠੇ ਪਾ ਸਕਣ। ਆਪਣਾ ਉੱਲੂ ਸਿੱਧਾ ਕਰਦੇ ਹਨ। ਅਕਾਲੀ ਪੰਜਾਬ ਦੇ ਹਾਕਮ ਹੋਣ, ਫਿਰ ਪੰਥ ਪਏ ਢੱਠੇ ਖੂਹ ਵਿਚ। ਹੁਣ ਸਾਰੇ ਧਰਮ ਯੁੱਧ, ਅਨੰਦਪੁਰ ਦੇ ਮਤੇ, ਚਿੱਤੜਾਂ ਹੇਠਾਂ ਪੂਰੀ ਤਰ੍ਹਾਂ ਦਬਾ ਲੈਂਦੇ ਹਨ। ਮਜਾਲ ਕਿਤੇ ਧੂਖ ਵੀ ਨਿਕਲ ਜਾਏ।

4 ਅਗਸਤ 1982 ਨੂੰ ਸਿੱਖ ਕੌਮ ਵੱਲੋਂ ਆਪਣੇ ਹੱਕਾਂ ਦੀ ਪ੍ਰਾਪਤੀ ਅਤੇ ਅਜ਼ਾਦੀ ਤੋਂ ਬਾਅਦ ਹਿੰਦ ਸਰਕਾਰ ਵੱਲੋਂ ਸਿੱਖਾਂ ਨਾਲ ਕੀਤੇ ਜਾ ਰਹੇ ਵਿਤਕਰਿਆਂ ਦੇ ਖ਼ਿਲਾਫ਼ ਸ਼ਾਂਤਮਈ ਧਰਮ ਯੁੱਧ ਮੋਰਚਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰ ਕੇ ਆਰੰਭ ਕੀਤਾ ਗਿਆ, ਜੋ ਹਿੰਦੁਸਤਾਨ ਸਰਕਾਰ ਦੇ ਹਰ ਤਰ੍ਹਾਂ ਦੇ ਜ਼ੁਲਮੋ-ਸਿਤਮ ਸਹਾਰਦਾ ਹੋਇਆ ਮੰਜ਼ਲ ਦਰ ਮੰਜ਼ਲ ਚੜ੍ਹਦੀ ਕਲਾ ਵਿਚ ਚੱਲ ਰਿਹਾ ਸੀ। ਧਰਮ ਯੁੱਧ ਮੋਰਚੇ ਦੀ ਕਮਾਨ ਦੀ ਕਾਮਯਾਬੀ ਦਾ ਸਿਹਰਾ 20ਵੀਂ ਸਦੀ ਦੇ ਮਹਾਨ ਇਨਕਲਾਬੀ ਜਰਨੈਲ ਸੱਚ ਦਾ ਸੂਰਜ, ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ, ਕਹਿਣੀ ਕਥਨੀ ਦੇ ਪੂਰੇ, ਕਰਨੀ ਦੇ ਸੂਰੇ, ਬੇਦਾਗ ਸਿਆਸੀ, ਤਪੱਸਵੀ ਦੇ ਹੱਥ ਵਿਚ ਹੋਣ ਕਾਰਨ ਸੰਤ ਜੀ ਦੇ ਸਿਰ ਜਾਂਦਾ ਹੈ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਨੇ ਸਿੱਖ ਹੱਕਾਂ ਦੀ ਪ੍ਰਾਪਤੀ ਲਈ ਆਰੰਭੇ ਸਿੱਖ ਸੰਘਰਸ਼ ਦੀ ਅਗਵਾਈ ਸੀਸ ਤਲੀ 'ਤੇ ਰੱਖ ਕੇ ਕੀਤੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਸਰਕਾਰ ਦੇ ਜ਼ੁਲਮ ਅੱਗੇ ਝੁਕੇ ਨਹੀਂ, ਸਗੋਂ ਸਿੱਖ ਪੰਥ ਦੇ ਦੋਖੀਆਂ ਨੂੰ ਲੋਹੇ ਦੇ ਚਣੇ ਚਬਾ ਕੇ ਖ਼ਾਲਸਾਈ ਰਵਾਇਤਾਂ ਨੂੰ ਸੁਰਜੀਤ ਕਰ ਕੇ ਸੁੱਤੀ ਹੋਈ ਕੌਮ

ਵਿਚ ਨਵੀਂ ਰੂਹ ਫੂਕੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਆਪਣੇ ਸਿੱਖ ਸੰਗਤਾਂ ਨੂੰ ਸੰਬੋਧਨ ਵਿਚ ਅਕਸਰ ਕਿਹਾ ਕਰਦੇ ਸਨ, ''ਖ਼ਾਲਸਾ ਜੀ, ਆਪਾਂ ਆਪਣੇ ਹੱਕ ਲੈਣੇ ਹਨ, ਡਰ ਕਿਸੇ ਨੂੰ ਦੇਣਾ ਨਹੀਂ, ਈਨ ਕਿਸੇ ਦੀ ਮੰਨਣੀ ਨਹੀਂ। ਖ਼ਾਲਸਾ ਜੀ ਹਥਿਆਰਬੰਦ ਹੋਵੋ ਤੇ ਮਰਨਾ ਸਿੱਖੋ। ਮਰਨਾ ਸਿੱਖਾਂਗੇ ਤਾਂ ਗਲੋਂ ਗ਼ੁਲਾਮੀ ਦੀਆਂ ਜ਼ੰਜੀਰਾਂ ਲੱਥਣਗੀਆਂ।'' ਸੰਤ ਜਰਨੈਲ ਸਿੰਘ ਜੀ ਦੀ ਅਗਵਾਈ ਨੂੰ ਸਿੱਖ ਨੌਜਵਾਨਾਂ ਨੇ ਸਵੀਕਾਰ ਕੀਤਾ ਤੇ ਜ਼ਾਲਮ ਹਕੂਮਤ ਦੇ ਜ਼ੁਲਮਾਂ ਵਿਰੁੱਧ ਸਿਰਾਂ ਉੱਤੇ ਕਫਨ ਬੰਨ੍ਹ ਕੇ ਮੈਦਾਨ ਵਿਚ ਨਿੱਤਰ ਆਏ, ਅਤੇ ਸ਼ਹੀਦੀਆਂ ਦੀ ਝੜੀ ਲਾ ਦਿੱਤੀ।

4 ਅਗਸਤ 1982 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਤੋਂ ਆਰੰਭ ਹੋਇਆ ਧਰਮ ਯੁੱਧ ਮੋਰਚਾ 1984 ਤਕ ਚੱਲਦਾ ਰਿਹਾ ਤਾਂ ਸਿਰਫ਼ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਦੀ ਦ੍ਰਿੜ੍ਹਤਾ ਅਤੇ ਸੁਚੱਜੀ ਅਗਵਾਈ ਕਾਰਨ ਹੀ ਚੱਲ ਰਿਹਾ ਸੀ। ਧਰਮ ਯੁੱਧ ਮੋਰਚੇ ਦੀ ਸਫ਼ਲਤਾ ਅਤੇ ਸਿੱਖ ਹੱਕਾਂ ਦੀ ਪ੍ਰਾਪਤੀ ਦੀ ਆਸ ਸਿੱਖ ਕੌਮ ਨੂੰ ਸਿਰਫ਼ ਸੰਤ ਜਰਨੈਲ ਸਿੰਘ ਦੀ ਅਗਵਾਈ ਵਿਚੋਂ ਹੀ ਨਜ਼ਰ ਆਉਂਦੀ ਸੀ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਜੀ ਦੀ ਸ਼ਖ਼ਸੀਅਤ ਅਤੇ ਖ਼ਾਲਸਾਈ ਰਵਾਇਤਾਂ ਨੂੰ ਪ੍ਰਤੱਖ ਉਜਾਗਰ ਕਰਨ ਅਤੇ ਅਰਥ ਭਰਪੂਰ, ਤਰਕਸ਼ੀਲ ਤਕਰੀਰਾਂ ਨੇ ਸਿੱਖ ਕੌਮ ਨੂੰ ਖਾਸ ਕਰ ਨੌਜਵਾਨਾਂ ਨੂੰ ਕੀਲ ਲਿਆ ਸੀ। ਹੁਣ ਤਾਂ ਹਿੰਦੁਸਤਾਨ ਸਰਕਾਰ ਦੇ ਨਾਲ ਨਾਲ ਅਕਾਲੀ ਦਲ ਦੇ ਲੀਡਰਾਂ ਨੂੰ ਵੀ ਆਪਣੀ ਹੱਤਕ ਮਹਿਸੂਸ ਹੋਣ ਲੱਗ ਪਈ ਸੀ। ਅਕਾਲੀ ਲੀਡਰ, ਜਿਨ੍ਹਾਂ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਪ੍ਰਧਾਨ ਹਰਚੰਦ ਸਿੰਘ ਲੌਂਗੋਵਾਲ, ਸ. ਗੁਰਚਰਨ ਸਿੰਘ ਟੌਹੜਾ, ਸ. ਪ੍ਰਕਾਸ਼ ਸਿੰਘ ਬਾਦਲ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸੁਰਜੀਤ ਸਿੰਘ ਬਰਨਾਲਾ, ਰਵੀਇੰਦਰ ਸਿੰਘ, ਬਲਵੰਤ ਸਿੰਘ ਵਿੱਤ ਮੰਤਰੀ ਪੰਜਾਬ, ਹੋਰ ਅਨੇਕਾਂ ਵੀ ਇਸ ਗੱਲੋਂ ਪ੍ਰੇਸ਼ਾਨ ਸਨ ਕਿ ਸੰਤ ਜਰਨੈਲ ਸਿੰਘ ਜੀ ਕਰਕੇ ਕੇਂਦਰ ਸਰਕਾਰ ਤੋਂ ਕੁਝ ਕੁ ਰਿਆਇਤਾਂ ਤੇ ਪੰਜਾਬ 'ਚ ਅਕਾਲੀ ਸਰਕਾਰ ਬਣਾਉਣ ਦਾ ਸਾਡਾ ਨਿਸ਼ਾਨਾ ਪੂਰਾ ਨਹੀਂ ਹੋ ਸਕਦਾ। ਅਕਾਲੀ ਲੀਡਰ ਕੇਂਦਰ ਸਰਕਾਰ ਨਾਲ ਗੁਪਤ ਮੀਟਿੰਗਾਂ ਕਰਦੇ ਰਹੇ, ਜਿਨ੍ਹਾਂ ਦਾ ਪ੍ਰਗਟਾਵਾ ਹੁਣ ਅਖ਼ਬਾਰਾਂ, ਵਾਈਟ ਪੇਪਰਾਂ, ਰਸਾਲਿਆਂ ਵਿਚ ਆ ਚੁੱਕਾ ਹੈ ਪਰ ਅਕਾਲੀ ਲੀਡਰਾਂ ਨੇ ਇਹਨਾਂ ਤੱਥਾਂ ਨੂੰ ਝੁਠਲਾਉਣ ਦੀ ਕਦੇ ਜੁਰਅੱਤ ਨਹੀਂ ਕੀਤੀ। ਜੇ ਇਹਨਾਂ ਅਕਾਲੀ ਲੀਡਰਾਂ ਦੇ ਹੱਥ ਵਿਚ ਧਰਮ ਯੁੱਧ ਮੋਰਚੇ ਦੀ ਵਾਗਡੋਰ ਹੁੰਦੀ ਤਾਂ ਕਦੋਂ ਦਾ ਭੋਗ ਪਾ ਕੇ ਕੁਰਸੀਆਂ ਉੱਤੇ ਬੈਠੇ ਹੁੰਦੇ। ਇਹ ਹਕੀਕਤ ਬਾਅਦ ਵਿਚ

ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਪ੍ਰਤੱਖ ਤੌਰ 'ਤੇ ਸਾਹਮਣੇ ਆ ਚੁੱਕੀ ਹੈ। ਸਾਕਾ ਨੀਲਾ ਤਾਰਾ ਤੋਂ ਬਾਅਦ ਜਦ ਅਕਾਲੀ ਲੁੰਬੜ ਖ਼ਾਲੀ ਮੈਦਾਨ ਪੰਜਾਬ ਵਿਚ ਰਹਿ ਗਏ ਹਨ ਤਾਂ ਅੱਜ ਕਿਥੇ ਹੈ ਇਹਨਾਂ ਦਾ 4 ਅਗਸਤ 1982 ਵਾਲਾ ਧਰਮ ਯੁੱਧ ਮੋਰਚਾ, ਕਿਧਰ ਗਿਆ ਖ਼ੁਦਮੁਖ਼ਤਿਆਰੀ ਅਤੇ ਅਨੰਦਪੁਰ ਸਾਹਿਬ ਦਾ ਮਤਾ? ਅੱਜ ਅਕਾਲੀਆਂ, ਖ਼ੁਦਗਰਜ਼ਾਂ, ਮੌਕਾ ਪ੍ਰਸਤਾਂ ਦੀਆਂ ਪੰਜਾਬ ਵਿਚ ਹੇੜਾਂ ਫਿਰਦੀਆਂ ਹਨ, ਪਰ ਕਿਸ ਕੰਮ ਦੀਆਂ.....?

ਸ. ਮਨਿੰਦਰ ਸਿੰਘ ਬਾਜਾ ਭਾਵੇਂ ਕਿ ਅਜੋਕੇ ਲੇਖਕਾਂ ਵਾਂਗ ਕੋਈ ਬਹੁਤੀ ਜ਼ਿਆਦਾ ਵਿਦਿਅਕ ਯੋਗਤਾ ਨਹੀਂ ਰੱਖਦਾ ਪਰ ਪਿਛਲੇ ਇਕ ਲੰਮੇ ਸਮੇਂ ਤੋਂ ਜੋ ਲੇਖਣੀ ਵਿਚ ਕ੍ਰਾਂਤੀ ਉਹ ਆਪਣੀ ਕਲਮ ਰਾਹੀਂ ਸਿਰਜ ਰਿਹਾ ਹੈ, ਉਹ ਆਪਣੇ ਆਪ ਵਿਚ ਇਕ ਮਿਸਾਲ ਹੈ।

ਹੱਥਲਾ ਨਾਵਲ 'ਪੱਗ ਦੀ ਲਾਜ' ਜੋ ਕਿ ਸ਼ਹੀਦ ਭਾਈ ਸਤਵੰਤ ਸਿੰਘ ਦੇ ਜੀਵਨ ਦੇ ਉਹਨਾਂ ਨਾਜ਼ੁਕ ਪਲਾਂ ਦੀ ਸੰਪੂਰਨ ਜਾਣਕਾਰੀ ਅਤੇ ਜਿਨ੍ਹਾਂ ਦੁਖਦਾਈ ਪਲਾਂ ਵਿਚੋਂ ਸਮੁੱਚੀ ਸਿੱਖ ਕੌਮ ਜੂਨ 1984 ਤੋਂ ਨਵੰਬਰ 1984 ਤਕ ਗੁਜ਼ਰੀ ਹੈ, ਦੀ ਗੱਲ ਕਰਦਾ ਹੈ।

ਸ਼ਹੀਦੇ-ਆਜ਼ਮ ਸ. ਸਤਵੰਤ ਸਿੰਘ ਨੇ ਜਿਸ ਜਜ਼ਬੇ ਨਾਲ ਸਿੱਖੀ ਦੀ ਸ਼ਾਨ 'ਪੱਗ' ਨੂੰ ਮੁੜ ਸਿੱਖਾਂ ਦੇ ਸਿਰ 'ਤੇ ਸਜਾਉਣ ਲਈ ਜੋ ਸਿਰ ਧੜ ਦੀ ਬਾਜ਼ੀ ਲਾਈ ਹੈ ਅਤੇ ਉਸ ਦੀ ਸੁਪਤਨੀ ਬੀਬੀ ਸੁਰਿੰਦਰ ਕੌਰ ਨੇ ਵੀ ਜੋ ਆਪਾ ਵਾਰਿਆ ਹੈ, ਉਹ ਅਜੋਕੀ ਨੌਜਵਾਨ ਪੀੜ੍ਹੀ ਲਈ ਇਕ ਰੌਸ਼ਨ ਮੁਨਾਰਾ ਹੈ।

ਪਾਠਕ ਵਰਗ ਇਸ ਨਾਵਲ ਨੂੰ ਪੜ੍ਹ ਕੇ ਉਸ ਮਹਾਨ ਸ਼ਹੀਦ ਭਾਈ ਸਤਵੰਤ ਸਿੰਘ ਅਤੇ ਉਸ ਦੀ ਸੁਪਤਨੀ ਬੀਬੀ ਸੁਰਿੰਦਰ ਕੌਰ ਦੇ ਜੀਵਨ ਤੋਂ ਸੇਧ ਲਵੇ ਅਤੇ ਆਉਣ ਵਾਲੇ ਸਮੇਂ ਵਿਚ ਵੀ ਇਹਨਾਂ ਸੱਚੇ ਤੇ ਸੁੱਚੇ ਆਦਰਸ਼ਾਂ 'ਤੇ ਚੱਲਣ ਲਈ ਤਤਪਰ ਰਹੇ, ਇਹ ਮੇਰੀ ਦਿਲੀ ਖ਼ਾਹਿਸ਼ ਹੈ।

—ਚਰਨਜੀਤ ਸਿੰਘ
ਘੜੀਆਂ ਵਾਲਾ

ਇਸ ਨਾਵਲ ਦੀ ਲੋੜ ਕਿਉਂ?

ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖ ਕੌਮ ਨਾਲ ਪਿਤਾ ਪੁਰਖੀ ਵੈਰ ਉੱਤੇ ਅਮਲ ਕਰਦਿਆਂ ਜੂਨ 1984 ਵਿੱਚ ਸਿੱਖ ਧਰਮ ਦੇ ਪਵਿੱਤਰ ਸਥਾਨ 'ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ' ਸਮੇਤ 40 ਗੁਰਧਾਮਾਂ ਉੱਤੇ ਅਤੇ ਸਿੱਖ ਕੌਮ ਵਿਰੁੱਧ ਫੌਜ ਨਾਲ ਵਹਿਸ਼ੀ ਹਮਲਾ ਕਰਕੇ ਇਕ ਤੀਰ ਨਾਲ ਦੋ ਨਿਸ਼ਾਨੇ ਫੁੰਡਣ ਦਾ ਯਤਨ ਕੀਤਾ। ਪਹਿਲਾ ਨਿਸ਼ਾਨਾ ਸਿੱਖ ਕੌਮ ਨੂੰ ਸਬਕ ਸਿਖਾਉਣ, ਜਲੀਲ ਕਰਨ ਦਾ ਸੀ ਤਾਂ ਕਿ ਅੱਗੇ ਤੋਂ ਕੋਈ ਵੀ ਸਿੱਖੀ ਸਵੈਮਾਨ, ਖਾਲਸਾਈ ਜੁਝਾਰੂ ਰਵਾਇਤਾਂ ਅਤੇ ਸਿੱਖ ਹੱਕਾਂ ਦੀ ਗੱਲ ਕਰਨ ਦੀ ਜੁਅਰਤ ਨਾ ਕਰ ਸਕੇ ਅਤੇ ਦੂਜਾ ਨਿਸ਼ਾਨਾ ਹਿੰਦੂ ਬਹੁਗਿਣਤੀ ਨੂੰ ਖੁਸ਼ ਕਰਕੇ ਸਤੰਬਰ 1985 ਦੀਆਂ ਪਾਰਲੀਮੈਂਟ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਉਣਾ ਸੀ।

ਇੰਦਰਾ ਗਾਂਧੀ ਹਿੰਦੂਆਂ ਵਿੱਚ ਦੇਵੀ ਦੁਰਗਾ ਦੇ ਰੂਪ ਵਿੱਚ ਆਪਣੇ ਆਪ ਨੂੰ ਪੇਸ਼ ਕਰਨਾ ਚਾਹੁੰਦੀ ਸੀ। ਇਸੇ ਲਈ ਇੰਦਰਾ ਗਾਂਧੀ ਨੇ ਜੱਦੀ ਪੁਸ਼ਤੀ ਤੇ ਸੋਚੀ ਸਮਝੀ ਨੀਤੀ ਤਹਿਤ ਸਿੱਖ ਕੌਮ ਨੂੰ ਜਲੀਲ ਅਤੇ ਤਬਾਹ ਕਰਨ ਲਈ ਧਰਮ ਯੁੱਧ ਮੋਰਚੇ ਨੂੰ ਖਤਮ ਕਰਨ ਦੀ ਆੜ ਵਿਚ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਪੰਚਮ ਪਾਤਸ਼ਾਹੀ ਦੇ ਸ਼ਹੀਦੀ ਦਿਹਾੜੇ 3 ਜੂਨ 1984 ਈ: ਨੂੰ ਇੱਕ ਲੱਖ ਭਾਰਤੀ ਫੌਜ, ਤੋਪਾਂ, ਟੈਂਕਾਂ, ਮਸ਼ੀਨ ਗੰਨਾਂ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸਮੇਤ 40 ਹੋਰ ਗੁਰਧਾਮਾਂ ਉੱਤੇ ਚੜ੍ਹਾਈ ਕਰ ਦਿੱਤੀ ਅਤੇ ਸਮੁੱਚੇ ਪੰਜਾਬ ਨੂੰ ਫੌਜ ਹਵਾਲੇ ਕਰਕੇ ਕਰਫਿਊ ਲਗਾ ਦਿੱਤਾ। ਇਸ ਹਮਲੇ ਦੀ ਨੀਤੀ ਤਿਆਰੀ ਇੰਦਰਾ ਗਾਂਧੀ ਨੇ ਬਹੁਤ ਚਿਰ ਪਹਿਲਾਂ ਕੀਤੀ ਹੋਈ ਸੀ। ਜਨਰਲ ਅਰੁਨ ਸ੍ਰੀਧਰ ਵੈਦਿਆ ਮੁੱਖੀ ਭਾਰਤੀ ਫੌਜ, ਜਨਰਲ ਕ੍ਰਿਸ਼ਨਾ ਕੁਮਾਰ ਸੁੰਦਰ ਜੀ, ਲੈਫਟੀਨੈਟ ਜਰਨਲ ਰਣਜੀਤ ਸਿੰਘ, ਲੈਫਟੀਨੈਟ ਜਰਨਲ ਕੁਲਦੀਪ ਸਿੰਘ ਬਰਾੜ, ਇੰਦਰਾ ਗਾਂਧੀ ਦੇ ਹੁਕਮ ਉੱਤੇ ਸ਼ਾਂਤੀ ਦੇ ਪੁੰਜ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਮਨਾਉਣ ਆਈਆਂ ਸਿੱਖ ਸੰਗਤਾਂ, ਸਿੱਖ ਨੌਜਵਾਨਾਂ, ਬੀਬੀਆਂ, ਬੁੱਢਿਆਂ ਅਤੇ ਬੱਚਿਆਂ ਨੂੰ ਕਤਲੇਆਮ ਦੇ ਰੂਪ ਵਿੱਚ

ਹਜ਼ਾਰਾਂ ਦੀ ਗਿਣਤੀ ਵਿੱਚ ਸ਼ਹੀਦ ਕਰ ਦਿੱਤਾ। ਸ੍ਰੀ ਅਕਾਲ ਤਖਤ ਸਾਹਿਬ ਨੂੰ ਤੋਪਾਂ, ਟੈਂਕਾਂ ਨਾਲ ਢਾਹ-ਢੇਰੀ ਕਰ ਦਿੱਤਾ। ਸ੍ਰੀ ਹਰਿਮੰਦਰ ਸਾਹਿਬ ਨੂੰ ਗੋਲੀਆਂ ਨਾਲ ਛੱਲਣੀ ਕਰ ਦਿੱਤਾ। ਤੋਸ਼ਾਖਾਨਾ ਲੁੱਟਿਆ, ਸਿੱਖ ਬੀਬੀਆਂ ਨੂੰ ਬੇਇੱਜ਼ਤ ਕੀਤਾ, ਸਿੱਖ ਨੌਜਵਾਨਾਂ ਦੀਆਂ ਪੱਗਾਂ ਨਾਲ ਬਾਹਵਾਂ ਬੰਨ ਕੇ ਪਰਕਰਮਾ ਵਿੱਚ ਗੋਲੀਆਂ ਨਾਲ ਭੁੰਨ ਦਿੱਤਾ। ਭਾਰਤੀ ਫੌਜ ਜੁੱਤੀਆਂ ਸਮੇਤ ਪਰਕਰਮਾ ਵਿੱਚ ਦਾਖਲ ਹੋਈ, ਫੌਜੀਆਂ ਸ਼ਰੇ ਆਮ ਬੀੜੀਆਂ, ਤਮਾਕੂ ਤੇ ਸ਼ਰਾਬ ਦੇ ਦੌਰ ਚਲਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਕੀਤੀ। ਜਿਸ ਸ੍ਰੀ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਸਾਰੇ ਧਰਮਾਂ ਲਈ ਖੁੱਲੇ ਹਨ, ਜਿੱਥੇ ਹਰ ਵਕਤ ਸਰਬੱਤ ਦਾ ਭਲਾ ਮੰਗਿਆ ਜਾਂਦਾ ਹੈ, ਜਿੱਥੇ ਅੱਠੇ ਪਹਿਰ ਅੰਮ੍ਰਿਤ ਰਸ ਗੁਰਬਾਣੀ ਦਾ ਕੀਰਤਨ ਹੁੰਦਾ ਹੈ, ਉੱਥੇ ਇੰਦਰਾ ਗਾਂਧੀ ਦੀਆਂ ਫੌਜਾਂ ਨੇ ਸਿੱਖਾਂ ਦਾ ਕਤਲੇਆਮ ਕਰ ਕੇ ਵਹਿਸ਼ਤ ਦਾ ਨੰਗਾ ਨਾਚ ਨੱਚਿਆ।

ਜੂਨ 1984 ਦੇ ਸ੍ਰੀ ਹਰਿਮੰਦਰ ਸਾਹਿਬ ਉੱਪਰ ਹੋਏ ਘੱਲੂਘਾਰੇ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ, ਸਿੱਖਾਂ ਦਾ ਜਿਊਣਾ, ਖਾਣਾ-ਪੀਣਾ ਹਰਾਮ ਹੋ ਗਿਆ। ਗੁਰਬਾਣੀ ਫੁਰਮਾਣ :

ਜੇ ਜੀਵੈ ਪਤਿ ਲਥੀ ਜਾਇ॥
ਸਭਿ ਹਰਾਮ ਜੇਤਾ ਕਿਛੁ ਖਾਇ॥

ਉੱਪਰ ਪਹਿਰਾ ਦਿੰਦਿਆਂ ਸਿੱਖਾਂ ਦੇ ਵਹੀਰ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵੱਲ ਚੱਲ ਪਏ। ਭਾਰਤੀ ਫੌਜਾਂ ਵੱਲੋਂ ਇਹਨਾਂ ਸਿੱਖਾਂ ਉੱਤੇ ਮਸ਼ੀਨ ਗੰਨਾਂ ਨਾਲ ਗੋਲੀਆਂ ਚਲਾਈਆਂ ਗਈਆਂ। ਸੈਂਕੜੇ ਸਿੰਘ ਸ਼ਹੀਦ ਹੋਏ, ਕਿਸੇ ਵੀ ਜ਼ਖਮੀ ਸਿੱਖ ਨੂੰ ਡਾਕਟਰੀ ਸਹਾਇਤਾ ਨਾ ਦਿੱਤੀ ਗਈ। ਇੰਦਰਾ ਗਾਂਧੀ ਦੇ ਹੁਕਮ ਨਾਲ ਭਾਰਤੀ ਫੌਜਾਂ ਵੱਲੋਂ ਪੰਜਾਬ ਅੰਦਰ ਖਾਸ ਕਰਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਏ ਵਰਤਾਏ ਕਹਿਰ ਨੂੰ ਸੁਣ ਕੇ ਸਿੱਖ ਫੌਜੀਆਂ ਬਗਾਵਤ ਕਰ ਦਿੱਤੀ। ਜੇ ਸਿੱਖ ਫੌਜੀ ਬਗਾਵਤ ਨਾ ਕਰਦੇ ਤਾਂ ਇੰਦਰਾ ਗਾਂਧੀ ਨੇ ਪੰਜਾਬ ਦੇ 17 ਸਾਲ ਤੋਂ 35 ਸਾਲ ਤੱਕ ਦੇ ਸਾਰੇ ਸਿੱਖਾਂ ਨੂੰ ਚੁਣ-ਚੁਣ ਕੇ ਮਾਰ ਦੇਣਾ ਸੀ। ਇਹ ਗੱਲ ਇੱਕ ਹਿੰਦੂ ਧਰਮੀ ਸੂਬੇਦਾਰ ਗੋਪਾਲ ਸਰੂਪ ਜੋ ਕਿ ਇਲਾਹਾਬਾਦ ਦਾ ਰਹਿਣ ਵਾਲਾ ਸੀ, ਨੇ ਦੱਸੀ । ਉਹ ਇਕ ਸਕੂਲ ਦਾ ਇਨਚਾਰਜ ਸੀ ਤੇ ਇਸ ਨਾਤੇ ਉਸਦਾ ਮੇਲ ਸਾਰੇ ਵੱਡੇ ਅਫਸਰਾਂ ਨਾਲ ਰਹਿੰਦਾ ਸੀ। ਇੱਕ ਦਿਨ ਸੂਬੇਦਾਰ ਗੋਪਾਲ ਸਰੂਪ ਸ਼ਾਮ ਸਮੇਂ ਕਿਸੇ ਵੱਡੇ ਹਿੰਦੂ ਅਫਸਰ ਨੂੰ ਮਿਲ ਕੇ ਆਇਆ ਤੇ ਆਉਂਦਿਆਂ ਹੀ ਅਮਰੀਕ ਸਿੰਘ, (ਧਰਮੀ ਫੌਜੀ ਜੋ ਉਸ ਸਮੇਂ ਇਲਾਹਾਬਾਦ ਵਿੱਚ ਤਾਇਨਾਤ ਸੀ ਅਤੇ ਇਸਨੇ ਵੀ ਬੈਰਕ ਛੱਡੀ) ਨੂੰ ਬਾਹਰ ਬੁਲਾ ਲਿਆ।

ਗੋਪਾਲ ਸਰੂਪ (ਸੂਬੇਦਾਰ) ਅਮਰੀਕ ਸਿੰਘ ਦਾ ਮਿੱਤਰ ਸੀ ਤੇ ਕੋਈ ਗੱਲ ਛੁਪਾ ਕੇ ਨਹੀਂ ਸੀ ਰੱਖਦਾ, ਕਹਿਣ ਲੱਗਾ "ਅਮਰੀਕ ਸਿੰਘ ਸਮਾਂ ਬਹੁਤ ਖਰਾਬ ਆ ਰਿਹਾ ਹੈ।" ਇਹ ਗੱਲ ਕਰਦਿਆਂ ਉਸਦਾ ਚਿਹਰਾ ਬਹੁਤ ਮੁਰਝਾਇਆ ਹੋਇਆ ਸੀ। ਫਿਰ ਜ਼ਰਾ ਰੁਕ ਕੇ ਕਹਿਣ ਲੱਗਾ "ਜਦੋਂ ਸਭ ਖੇਲ ਖਤਮ ਹੋ ਜਾਵੇਗਾ ਤੇ ਸਾਰਿਆਂ ਨੂੰ ਖਤਮ ਹੀ ਕਰ ਦਿੱਤਾ ਜਾਵੇਗਾ ਤਾਂ ਫੌਜ ਵਿੱਚ ਬੈਠੇ ਸਿੱਖ ਕੀ ਕਰ ਲੈਣਗੇ ?" ਅਮਰੀਕ ਸਿੰਘ ਕਹਿੰਦਾ ਉਸ ਸਮੇਂ ਮੈਨੂੰ ਸੂਬੇਦਾਰ ਗੋਪਾਲ ਸਰੂਪ ਦੀ ਗੱਲ ਪੂਰੀ ਸਮਝ 'ਚ ਨਾ ਆਈ ਪਰ ਉਸਦੇ ਕਥਨਾਂ ਵਿੱਚ ਡੂੰਘੀ ਰਮਜ਼ ਛੁਪੀ ਹੋਈ ਸੀ।

ਅਮਰੀਕ ਸਿੰਘ (ਧਰਮੀ ਫੌਜੀ) ਕਹਿੰਦਾ ਇਹ ਸਮਝ ਮੈਨੂੰ ਉਦੋਂ ਲੱਗੀ ਜਦੋਂ ਬੈਰਕਾਂ ਛੱਡਣ ਮਗਰੋਂ ਤੇ ਇੱਕ ਪਿੰਡ ਵਿੱਚ ਫੜੇ ਜਾਣ ਮਗਰੋਂ ਸਾਨੂੰ ਇਕ ਫੌਜੀ ਕੈਂਪ ਵਿੱਚ ਭੇਜ ਦਿੱਤਾ ਗਿਆ ਸੀ। ਉੱਥੇ ਇੱਕ ਹਿੰਦੂ ਮੇਜਰ ਨੇ ਦੱਸਿਆ ਕਿ ਉਹਨਾਂ ਨੂੰ ਦਰਬਾਰ ਸਾਹਿਬ ਉੱਤੇ ਫੌਜੀ ਹਮਲੇ ਮਗਰੋਂ ਪੰਜਾਬ ਦੇ ਪਿੰਡਾਂ ਵਿਚ ਤਾਇਨਾਤ ਕੀਤਾ ਗਿਆ ਸੀ। ਉੱਥੇ ਹੀ ਇਹ ਹੁਕਮ ਪ੍ਰਾਪਤ ਹੋਣੇ ਸ਼ੁਰੂ ਹੋ ਗਏ ਕਿ 17 ਤੋਂ 35 ਸਾਲ ਦੇ ਸਾਰੇ ਸਿੱਖ ਨੌਜਵਾਨਾਂ ਨੂੰ ਖਤਮ ਕਰ ਦਿੱਤਾ ਜਾਵੇ। ਉਹ ਹਿੰਦੂ ਮੇਜਰ ਰੱਬ ਤੋਂ ਡਰਨ ਵਾਲਾ ਬੰਦਾ ਸੀ ਤੇ ਮਨ ਹੀ ਮਨ ਵਿਚ ਪਰਮਾਤਮਾ ਅੱਗੇ ਪ੍ਰਾਰਥਨਾ ਕਰਦਾ ਰਹਿੰਦਾ ਕਿ ਉਸ ਹੱਥੋਂ ਕੋਈ ਜ਼ੁਲਮ ਨਾ ਹੋ ਜਾਵੇ ਤੇ ਕੋਈ ਬੇਦੋਸ਼ਾ ਨਾ ਮਾਰਿਆ ਜਾਵੇ ।

ਜਿਉਂ ਹੀ ਧਰਮੀ ਫੌਜੀਆਂ ਨੇ ਬੈਰਕਾਂ ਛੱਡ ਦਿਤੀਆਂ ਤਾਂ ਨਵੇਂ ਹੁਕਮ ਪਹੁੰਚ ਗਏ ਉਹ (ਹਿੰਦੂ ਮੇਜਰ) ਪਿੰਡ ਛੱਡ ਕੇ ਦੋ ਮੀਲ ਪਿਛੇ ਆਪਣਾ ਡੀਫੈਂਸ (ਰੱਖਿਆ ਲਾਈਨ) ਤਿਆਰ ਕਰਨ। ਹੁਣ ਜੇ ਸੂਬੇਦਾਰ ਗੋਪਾਲ ਸਰੂਪ ਹਿੰਦੂ ਮੇਜਰ ਦੇ ਕਥਨਾਂ ਨੂੰ ਧਿਆਨ ਨਾਲ ਵਿਚਾਰਿਆ ਜਾਵੇ ਤਾਂ ਲਗਦਾ ਹੈ ਕਿ ਹਿੰਦ ਸਰਕਾਰ ਤੇ ਇੰਦਰਾ ਗਾਂਧੀ ਪ੍ਰਧਾਨ ਮੰਤਰੀ ਨੇ ਸਿੱਖਾਂ ਨੂੰ ਖਤਮ ਕਰਨ ਲਈ ਬੜੀ ਡੂੰਘੀ ਸਾਜਿਸ਼ ਰਚੀ ਸੀ। ਪਰ ਅਕਾਲ ਪੁਰਖ ਵਾਹਿਗੁਰੂ ਨੇ ਧਰਮੀ ਫੌਜੀਆਂ ਨੂੰ ਪ੍ਰੇਰਣਾ ਦੇ ਕੇ ਬੈਰਕਾਂ ਛੁਡਵਾ ਕੇ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਵੱਲ ਚਲਣ ਦੀ ਪ੍ਰੇਰਣਾ ਦਿੱਤੀ, ਜਿਸ ਨਾਲ ਪਿੰਡਾਂ ਵਿੱਚ ਸਿੱਖ ਨੌਜਵਾਨਾਂ ਦੇ ਹੋਣ ਵਾਲੇ ਕਤਲੇਆਮ ਦੀ ਗੁੰਦੀ ਹੋਈ ਸਾਜ਼ਿਸ਼ ਵਿਚੇ ਹੀ ਰਹਿ ਗਈ। ਤੇ ਸਿੱਖ ਨੌਜਵਾਨਾਂ ਉੱਤੇ ਪਿੰਡਾਂ ਵਿੱਚ ਆਉਣ ਵਾਲੀ ਸ਼ਾਮਤ ਉਸੇ ਵੇਲੇ ਟਲ ਗਈ। ਜੇ ਧਰਮੀ ਫੌਜੀ ਬੈਰਕਾਂ ਨਾ ਛੱਡਦੇ ਤਾਂ ਨਵੰਬਰ 1984 ਵਾਲਾ ਕਤਲੇਆਮ ਪੰਜਾਬ ਦੇ ਪਿੰਡਾਂ ਵਿੱਚ ਜੂਨ 84 ਵਿੱਚ ਹੀ ਹੋ ਜਾਣਾ ਸੀ ।

—ਅਮਰੀਕ ਸਿੰਘ ਧਰਮੀ ਫੌਜੀ

ਕੁਝ ਆਪਣੇ ਵੱਲੋਂ

ਹਿੰਦੁਸਤਾਨ ਦੀ ਫਿਰਕਾਪ੍ਰਸਤ ਹਿੰਦੂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਜੂਨ 1984 ਦੀ ਫੌਜੀ ਕਾਰਵਾਈ ਸਿਰਫ ਸੰਤ ਜਰਨੈਲ ਸਿੰਘ ਜੀ ਖਾਲਸਾ ਤੇ ਉਹਨਾਂ ਦੇ ਪੈਰੋਕਾਰਾਂ ਦੇ ਖਿਲਾਫ ਹੀ ਨਹੀਂ ਸਗੋਂ ਸਮੁੱਚੀ ਸਿੱਖ ਕੌਮ ਦੇ ਵਿਰੁੱਧ ਸੀ। ਉਹਨੀਂ ਦਿਨੀਂ ਜੋ ਕੁੱਝ ਜਨੂੰਨੀ ਹਿੰਦੂਆਂ ਨੇ ਹਿੰਦੂ ਫਿਰਕਾਪ੍ਰਸਤੀ ਦਾ ਨੰਗਾ ਨਾਚ ਨੱਚਿਆ ਸੀ ਉਹ ਕਿਸੇ ਵੀ ਸੱਭਿਆਚਾਰ ਦਾ ਹਿੱਸਾ ਨਹੀਂ ਕਿਹਾ ਜਾ ਸਕਦਾ। ਹਿੰਦੂਆਂ ਨੇ ਸਿੱਖਾਂ ਦਾ ਕਤਲੇਆਮ ਕਰਨ ਆਈ ਫੌਜ ਨੂੰ ਸੜਕਾਂ ਉੱਤੇ 'ਜੀ ਆਇਆਂ' ਲਿਖ ਕੇ ਗਰਮ ਪੂੜੀਆਂ, ਛੋਲੇ ਤੇ ਕੜਾਹ ਮਠਿਆਈਆਂ ਪੇਸ਼ ਕਰਕੇ ਸਵਾਗਤ ਕੀਤਾ। ਕਈਆਂ ਤਾਂ ਫਿਰਕਾਪ੍ਰਸਤੀ ਦੇ ਨਸ਼ੇ ਵਿੱਚ ਸਭ ਰਵਾਇਤਾਂ ਤੋੜ ਦਿੱਤੀਆਂ। ਉਨ੍ਹਾਂ ਹਿੰਦੂ ਲੋਕਾਂ ਤੋਂ ਉਨ੍ਹਾਂ ਦੇ ਲੀਡਰ ਵੀ ਪਿੱਛੇ ਨਾ ਰਹੇ। ਢਿੱਲੇ ਜਿਹੇ ਮੂੰਹ ਵਾਲੇ ਛੜੇ ਅਟੱਲ ਬਿਹਾਰੀ ਵਾਜਪਾਈ (ਸਾਬਕਾ ਪ੍ਰਧਾਨ ਮੰਤਰੀ ਤੇ ਪੰਜਾਬ ਦੀ ਅਖੌਤੀ ਅਕਾਲੀ ਪਾਰਟੀ ਦੇ ਭਾਈਵਾਲ ਅਖਵਾਉਣ ਵਾਲੇ) ਨੇ ਵੀ ਇਸ ਫੌਜੀ ਕਾਰਵਾਈ ਦਾ ਸਵਾਗਤ ਕੀਤਾ।

ਹਰਿਆਣਾ ਦੇ ਮੁੱਖ ਮੰਤਰੀ ਭਜਨ ਲਾਲ ਨੇ ਫੌਜੀ ਕਾਰਵਾਈ ਦਾ ਸਵਾਗਤ ਕਰਦਿਆਂ ਕਿਹਾ "ਅੱਤਵਾਦੀਆਂ ਤੇ ਰੋਡ ਰੋਲਰ ਫੇਰ ਕੇ ਇੰਦਰਾ ਗਾਂਧੀ ਨੇ ਦੇਸ਼ ਦੀ ਅਖੰਡਤਾ ਬਚਾ ਕੇ ਦੁਰਗਾ ਦੇਵੀ ਵਾਂਗ ਕਰ ਵਿਖਾਇਆ ਹੈ।" ਜਨੂੰਨੀ ਹਿੰਦੂਆਂ ਲੱਡੂ ਵੰਡੇ ਭੰਗੜੇ ਪਾਏ। ਦੇਵੀ ਦੁਰਗਾ ਦੇ ਰੂਪ ਵਿੱਚ ਪ੍ਰਗਟ ਹੋਈ ਇੰਦਰਾ ਗਾਂਧੀ ਦੇ ਹਿੰਦੂ ਭਗਤ ਸਿੱਖਾਂ ਨੂੰ ਤਾਅਨੇ ਨਾਲ ਕਹਿੰਦੇ "ਓਏ ਸਿੱਖੋ ਕਿੱਥੇ ਗਿਆ ਹੁਣ ਤੁਹਾਡਾ ਸੰਤ ਭਿੰਡਰਾਂ ਵਾਲਾ।" ਸਾਡੇ ਸ਼ਹਿਰ ਦਾ ਬੂਲੀ ਹਿੰਦੂ ਮੈਨੂੰ ਕਹਿਣ ਲੱਗਾ "ਹੁਣ ਤਾਂ ਦੁਰਗਾ ਮਾਤਾ ਦੀ ਕਿਰਪਾ ਨਾਲ ਅੰਮ੍ਰਿਤਸਰ ਦੇ ਬਾਜਾਰ ਖੁੱਲ੍ਹੇ ਹੋ ਗਏ ਹਨ।" ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਕਰਫਿਊ ਵਿੱਚ ਜਦੋਂ ਢਿੱਲ ਦਿੱਤੀ ਗਈ ਤਾਂ ਪੇਂਡੂ ਲੋਕ ਲੋੜੀਦੀਆਂ ਚੀਜਾਂ ਲੈਣ ਸ਼ਹਿਰ ਗਏ ਤਾਂ ਮੰਡੀ ਵਾਲਾ ਸਨਿੰਦਰ ਕੁਮਾਰ ਆੜ੍ਹਤੀ ਆੜ੍ਹਤ ਤੇ ਵੱਡੇ ਪਲੰਘ ਉੱਤੇ ਬੈਠਾ ਸੀ ਅਤੇ 5-6 ਜੋਟੀਦਾਰ ਲਾਲੇ ਕੋਲ ਕੁਰਸੀਆਂ ਤੇ ਬੈਠੇ ਸਨ ਤੇ ਖਚਰੇ ਹਾਸੇ ਹੱਸਦੇ ਹੋਏ ਸ਼ਰਾਬਾਂ ਦੇ ਪਿਆਲੇ ਦੀਆਂ ਚੁਸਕੀਆਂ ਲੈ ਰਹੇ ਸਨ, ਸਿਗਰਟਾਂ ਦੇ ਸੂਟੇ ਲਾ ਰਹੇ ਸਨ।

ਮੇਰੇ ਪਿੰਡ ਦਾ ਬਲਕਾਰ ਸਿੰਘ ਖਾਲਸਾ ਆੜ੍ਹਤ ਤੇ ਗਿਆ ਤਾਂ ਜੋ ਬੀਜ ਲਿਆ ਕੇ ਜਵਾਰ ਬੀਜੀ ਜਾਵੇ। ਅੱਗੋਂ ਹਿੰਦੂ ਫਿਰਕਾਪ੍ਰਸਤੀ ਦਾ ਨੰਗਾ ਨਾਚ ਨੱਚਦਿਆਂ ਆੜ੍ਹਤੀ ਕਹਿੰਦਾ "ਬਲਕਾਰ ਕੀ ਹਾਲ ਹੈ ਹੁਣ ਤੁਹਾਡਾ?" ਬਲਕਾਰ ਸਿੰਘ ਕਹਿੰਦਾ "ਠੀਕ ਹੈ ਸੇਠ, ਜਵਾਰ ਦਾ ਬੀਜ ਲਿਜਾਣਾ ਸੀ।" ਸਨਿੰਦਰ ਕੁਮਾਰ ਆੜ੍ਹਤੀ ਅੱਗੋਂ ਕਹਿੰਦਾ "ਬਲਕਾਰ ਕਿੱਧਰ ਗਿਆ ਉਏ ਤੁਹਾਡਾ ਸੰਤ ਭਿੰਡਰਾਂ ਵਾਲਾ?" ਬਲਕਾਰ ਸਿੰਘ ਭਰਿਆ ਪੀਤਾ, ਗਮ ਗੁੱਸੇ ਅਤੇ ਨਮੋਸ਼ੀ ਦਾ ਮਾਰਿਆ ਚੁੱਪ ਕਰਕੇ ਵਾਪਸ ਮੁੜ ਆਇਆ।

ਜੂਨ 1984 ਦੇ ਘੱਲੂਘਾਰੇ ਦੌਰਾਨ ਹਿੰਦੁਸਤਾਨੀ ਫੌਜ ਦਾ ਜਿਸ ਬਹਾਦਰੀ ਨਾਲ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ ਦੇ 300 ਸਿੰਘਾਂ ਜੁਝਾਰੂ, ਜਾਂਬਾਜ, ਸੂਰਬੀਰ, ਬਹਾਦਰਾਂ ਜਨਰਲ ਸਿਰਦਾਰ ਸੁਬੇਗ ਸਿੰਘ ਦੀ ਕਮਾਨ ਹੇਠ ਮੁਕਾਬਲਾ ਕੀਤਾ ਉਹ ਚਮਕੌਰ ਦੀ ਕੱਚੀ ਗੜ੍ਹੀ ਦੇ ਨਜ਼ਾਰੇ ਪੇਸ਼ ਕਰਦਾ ਹੈ। ਜੂਨ 1984 ਦੇ ਘੱਲੂਘਾਰੇ ਨਾਲ ਸਿੱਖ ਹਿਰਦੇ ਵਲੂੰਧਰੇ ਗਏ। ਹਰ ਸਿੱਖ ਨੇ ਆਪਣੇ ਰੋਹ ਦਾ ਪ੍ਰਗਟਾਵਾ ਕੀਤਾ–

–ਬੰਬਈ ਪੁਲਸ ਦੇ ਡੀ.ਆਈ.ਜੀ. ਸਰਦਾਰ ਸਿਮਰਨਜੀਤ ਸਿੰਘ ਮਾਨ ਨੇ ਅਸਤੀਫਾ ਦੇ ਦਿੱਤਾ ਅਤੇ ਰੂਪੋਸ਼ ਹੋ ਗਏ।

–ਸ੍ਰ: ਹਰਿੰਦਰ ਸਿੰਘ ਖਾਲਸਾ ਨੇ ਭਾਰਤ ਵੱਲੋਂ ਨਾਰਵੇ ਦੇ ਰਾਜਦੂਤ ਦੇ ਉੱਚੇ ਅਹੁਦੇ ਤੋਂ ਅਸਤੀਫਾ ਦਿੱਤਾ।

–ਸ੍ਰ: ਸਾਧੂ ਸਿੰਘ ਹਮਦਰਦ ਨੇ ਪਦਮ ਸ੍ਰੀ ਦਾ ਖਿਤਾਬ ਸਰਕਾਰ ਨੂੰ ਵਾਪਸ ਕਰ ਦਿੱਤਾ।

–ਸਰਦਾਰ ਗੁਰਦੇਵ ਸਿੰਘ ਬਰਾੜ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਤੋਂ ਅਸਤੀਫਾ ਦਿੱਤਾ।

–ਡਾ. ਗੰਡਾ ਸਿੰਘ ਇਤਿਹਾਸਕਾਰ ਨੇ ਸਰਕਾਰੀ ਸਨਮਾਨ ਪਦਮਸ਼੍ਰੀ ਹਿੰਦ ਸਰਕਾਰ ਨੂੰ ਵਾਪਸ ਕਰ ਦਿੱਤਾ।

–ਸ. ਜਸਵੰਤ ਸਿੰਘ ਕੰਵਲ ਅਤੇ ਪ੍ਰਿਸੀਪਲ ਸੰਤ ਸਿੰਘ ਸੇਖੋਂ ਨੇ ਆਪਣੇ ਸਨਮਾਨ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤੇ।

–ਹਜ਼ਾਰਾਂ ਧਰਮੀ ਫੌਜੀਆਂ ਰੋਸ ਵਜੋਂ ਬੈਰਕਾਂ ਛੱਡ ਅੰਮ੍ਰਿਤਸਰ ਨੂੰ ਚਾਲੇ ਪਾ ਦਿੱਤੇ। ਸੈਂਕੜੇ ਧਰਮੀ ਫੌਜੀ ਰਸਤੇ ਵਿੱਚ ਸ਼ਹੀਦ ਹੋਏ।

–ਰਾਮਗੜ੍ਹ ਛਾਉਣੀ ਬਿਹਾਰ ਤੋਂ 1438 ਧਰਮੀ ਫੌਜੀਆਂ ਬੈਰਕਾਂ ਛੱਡੀਆਂ, ਜਿਨ੍ਹਾਂ ਵਿੱਚੋਂ 37 ਧਰਮੀ ਸਿੱਖ ਫੌਜੀ ਸ਼ਹੀਦ ਹੋਏ।

–ਬ੍ਰਿਗੇਡੀਅਰ ਪੁਰੀ ਦੀਆਂ ਟਿੱਚਰਾਂ ਨਾ ਸਹਾਰਦੇ ਹੋਏ ਧਰਮੀ ਫੌਜੀ

ਬਲਵਿੰਦਰ ਸਿੰਘ ਨੇ ਫਿਰਕਾਪ੍ਰਸਤ ਹਿੰਦੂ ਬ੍ਰਿਗੇਡੀਅਰ ਪੁਰੀ ਨੂੰ ਗੋਲੀ ਨਾਲ ਉਡਾ ਕੇ ਥਾਂ ਤੇ ਹੀ ਖਤਮ ਕਰ ਦਿੱਤਾ।

-ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਨੇ 8 ਜੂਨ 1984 ਨੂੰ ਆਪਣਾ ਸਰਕਾਰੀ ਸਨਮਾਨ ਪਦਮ ਭੂਸ਼ਨ ਵਾਪਸ ਕਰਕੇ ਫੌਜੀ ਕਾਰਵਾਈ ਵਿਰੁੱਧ ਜ਼ੋਰਦਾਰ ਰੋਸ ਪ੍ਰਗਟ ਕੀਤਾ।

-ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਅਤੇ ਮੈਂਬਰ ਲੋਕ ਸਭਾ ਤੋਂ ਅਸਤੀਫਾ ਦੇ ਦਿੱਤਾ।

-ਭਗਤ ਪੂਰਨ ਸਿੰਘ ਪਿੰਗਲਵਾੜਾ ਨੇ ਆਪਣੇ ਸਰਕਾਰੀ ਸਨਮਾਨ (ਤਮਗੇ) ਵਾਪਿਸ ਕਰ ਦਿੱਤੇ।

-ਸ. ਚਰਨਜੀਤ ਸਿੰਘ ਕੋਕਾ ਕੋਲਾ ਨੇ ਵੀ ਕਾਂਗਰਸ ਪਾਰਟੀ ਤੋਂ ਅਸਤੀਫਾ ਦੇ ਦਿੱਤਾ।

-7 ਜੂਨ 1984 ਨੂੰ ਗੰਗਾ ਨਗਰ ਆਰਮੀ ਸੈਂਟਰ 'ਚ 600 ਧਰਮੀ ਸਿੱਖ ਫੌਜੀਆਂ ਅਸਲਾਖਾਨਾ ਲੁੱਟਿਆ ਅਤੇ ਕੇਂਦਰ ਸਰਕਾਰ ਵਿਰੁੱਧ ਬਗਾਵਤ ਕਰ ਦਿੱਤੀ।

-ਖਾਲਸਾਈ ਹੋਂਦ ਦਾ ਪ੍ਰਗਟਾਵਾ ਕਰਨ ਲਈ ਸ. ਕੰਵਲਜੀਤ ਸਿੰਘ ਦੀ ਅਗਵਾਈ ਵਿੱਚ ਸ. ਸੁਰਿੰਦਰ ਸਿੰਘ, ਸ. ਮਾਨ ਸਿੰਘ, ਸ. ਅਮਰਿੰਦਰ ਸਿੰਘ, ਸ. ਤਜਿੰਦਰ ਸਿੰਘ, ਸ. ਦਵਿੰਦਰ ਸਿੰਘ, ਸ. ਅਵਤਾਰ ਸਿੰਘ ਬਹਾਦਰ ਯੋਧਿਆਂ ਨੇ ਉਸ ਵਕਤ ਜਦੋਂ ਅਜੇ ਸ੍ਰੀ ਦਰਬਾਰ ਸਾਹਿਬ ਅੰਦਰ ਹਿੰਦੁਸਤਾਨੀ ਫੌਜਾਂ ਡੇਰੇ ਜਮਾਈ ਬੈਠੀਆਂ ਸਨ, ਭਾਰਤੀ ਹਵਾਈ ਜਹਾਜ਼ ਅਗਵਾ ਕਰ ਲਿਆ ਅਤੇ ਹਵਾਈ ਜਹਾਜ਼ ਨੂੰ ਨੀਵਾਂ ਕਰਕੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਉੱਪਰ ਪਰਿਕਰਮਾ ਕਰਕੇ ਸਵਾਰੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਤਬਾਹੀ ਵਿਖਾਈ ਗਈ। ਪੂਰਾ ਪੰਜਾਬ ਫੌਜ ਦੇ ਹਵਾਲੇ ਸੀ। ਪੰਜਾਬ ਦੇ ਜਾਂਬਾਜ ਅਣਖੀਲੇ ਸਿੰਘ ਸ. ਕੰਵਲਜੀਤ ਸਿੰਘ ਸੰਧੂ ਪਿੰਡ ਕਲਾਸਾਂ, ਜ਼ਿਲ੍ਹਾ ਫਿਰੋਜ਼ਪੁਰ ਦੀ ਅਗਵਾਈ 'ਚ ਸੱਤ ਸਿੰਘਾਂ ਨੇ ਭਾਰਤੀ ਬੋਇੰਗ 737 ਏਅਰ ਬੱਸ ਅਗਵਾ ਕਰਕੇ ਲਾਹੌਰ ਲੈ ਗਏ ਅਤੇ ਲਾਹੌਰ ਤੋਂ ਦੁਬਈ ਲੈ ਜਾ ਕੇ ਉਤਾਰ ਲਿਆ ਅਤੇ ਸਿੱਖੀ ਆਨ ਤੇ ਸ਼ਾਨ ਕਾਇਮ ਰੱਖਣ ਲਈ ਮਹਾਨ ਹੱਲਾ ਮਾਰ ਕੇ ਦੁਨੀਆਂ ਨੂੰ ਦਰਸਾ ਦਿੱਤਾ ਕਿ ਸਿੱਖਾਂ ਦੇ ਹੌਂਸਲੇ ਬੁਲੰਦ ਹਨ, ਇਰਾਦੇ ਅਟੱਲ ਹਨ ਜਿਨ੍ਹਾਂ ਨੂੰ ਮੌਤ ਦਾ ਭੈਅ ਦੇ ਕੇ ਵਿਸਾਰਿਆ ਨਹੀਂ ਜਾ ਸਕਦਾ।

ਸਿੱਖੀ ਦੀ ਅਣਖ, ਗੈਰਤ ਦੇ ਸੂਰਜ ਦਾ ਪ੍ਰਕਾਸ਼ ਹੋਇਆ, ਦੂਜੇ ਪਾਸੇ ਹਿੰਦੂ ਫਿਰਕਾ ਪ੍ਰਸਤੀ ਦਾ ਨੰਗਾ ਨਾਚ ਨੱਚਣ ਵਾਲਿਆਂ ਦੀ ਦੁਰਗਾ ਮਾਂ ਸਫਦਰ

ਜੰਗ ਰੋਡ ਤੇ ਖਿਲਰੀ ਪਈ ਸੀ, ਜੁਲਾਹਿਆਂ ਦੀ ਤਾਣੀ ਵਾਂਗ। ਜੂਨ 84 ਦੇ ਵੇਲੇ ਤਾਂ ਇਹ ਜਨੂੰਨੀ ਹਿੰਦੂ ਸਮਝਦੇ ਸੀ ਹੁਣ ਸਿੱਖ ਦੁਬਾਰਾ ਉੱਠ ਨਹੀਂ ਸਕਣਗੇ ਤੇ ਨਾ ਹੀ ਦਿੱਲੀ ਵੱਲ ਮੂੰਹ ਕਰ ਸਕਣਗੇ। 31 ਅਕਤੂਬਰ 1984 ਵਾਲੇ ਦਿਨ ਸਿੰਘਾਂ ਦੇ ਸੂਰਮਗਤੀ ਭਰੇ ਕਾਰਨਾਮੇ ਨੂੰ ਸੁਣ ਕੇ ਜਨੂੰਨੀ ਹਿੰਦੂਆਂ (ਸਿੱਖ ਵਿਰੋਧੀਆਂ) ਦੀਆਂ ਖੁਸ਼ੀਆਂ ਖੰਭ ਲਾ ਉਡ ਗਈਆਂ, ਧੌਣਾਂ ਨੀਵੀਆਂ ਹੋ ਗਈਆਂ। ਪੰਜ ਮਹੀਨੇ ਪਹਿਲਾਂ ਵੰਡੇ ਲੱਡੂਆਂ ਦੇ ਭਾਅ ਤੇ ਸੁਆਦ ਭੁੱਲ ਗਏ ਜਿਹੜੇ ਸਿੱਖਾਂ ਨੂੰ ਪੁੱਛਦੇ ਸੀ, ਤੁਹਾਡਾ ਭਿੰਡਰਾਂ ਵਾਲਾ ਸੰਤ ਜਰਨੈਲ ਸਿੰਘ ਕਿੱਥੇ ਆ? ਹੁਣ ਪੁੱਛਣ ਦੀ ਲੋੜ ਹੀ ਨਹੀਂ ਸੀ। ਭਿੰਡਰਾਂ ਵਾਲਾ ਪੰਜ ਮਹੀਨਿਆਂ ਵਿੱਚ ਹੀ ਦੁਬਾਰਾ ਸਾਹਮਣੇ ਆ ਗਿਆ ਸੀ ਤੇ 70 ਕਰੋੜ ਦੀ ਗਿਣਤੀ ਵਿੱਚੋਂ ਉਹਨੇ ਚੋਟੀ ਦਾ ਬੇਰ ਝਾੜ ਦਿੱਤਾ ਸੀ। ਹੁਣ ਪੰਜ ਮਹੀਨੇ ਤੋਂ ਹਿੰਦੂਆਂ ਦੇ ਤਾਅਨੇ ਸਹਿ ਰਹੇ ਸਿੱਖਾਂ ਲਈ ਵੀ ਆਪਣੀ ਭਾਜੀ ਮੋੜਨ ਦਾ ਵੇਲਾ ਸੀ। ਬਲਕਾਰ ਸਿੰਘ ਖਾਲਸਾ ਨੇ ਵੀ ਚੁਕਿਆ ਸਾਇਕਲ। ਮੈਨੂੰ ਤਾਂ ਉਦੋਂ ਸਾਇਕਲ ਦੀ ਜਾਚ ਹੀ ਨਹੀਂ ਸੀ। ਮੱਝਾਂ ਚਾਰ ਕੇ ਸ਼ਾਮ ਨੂੰ ਘਰ ਆਇਆ ਤਾਂ ਪਤਾ ਲੱਗਾ ਕਿ ਇੰਦਰਾ ਗਾਂਧੀ ਨੂੰ ਸਿੰਘਾਂ ਨੇ ਗੋਲੀਆਂ ਨਾਲ ਉਡਾ ਦਿੱਤਾ ਹੈ। ਮਾਤਾ ਕਹਿੰਦੀ "ਪੁੱਤ ਚਾਹ ਪੀ ਲੈ", ਮੈ ਆਖਿਆ "ਮਾਂ ਜੀ ਹੁਣ ਚਾਹ ਨਹੀਂ ਪੀਣੀ ਪਹਿਲਾਂ ਥੋੜਾ ਜਿਹਾ ਹਿਸਾਬ ਕਰ ਆਵਾਂ, ਬੂਲੀ ਨੂੰ ਵਧਾਈ ਦੇ ਆਵਾਂ" ਬਲਕਾਰ ਸਿੰਘ ਕਹਿੰਦਾ (ਭਾਣਜਾ) "ਕਿਧਰ ਨੂੰ। ਪੈਦਲ ਈ?" ਮੈਂ ਆਖਿਆ "ਮਾਮਾ ਜੀ ਮੰਡੀ ਬੂਲੀ ਨੂੰ ਵਧਾਈ ਦੇਣ ਚੱਲਿਆਂ"। ਬਲਕਾਰ ਸਿੰਘ ਕਹਿੰਦਾ "ਆ ਜਾ ਬੈਹ ਜਾ ਸਾਇਕਲ ਦੇ ਮਗਰ ਮੈਂ ਵੀ ਸਨਿੰਦਰ ਆੜ੍ਹਤੀ ਨੂੰ ਸੰਤ ਭਿੰਡਰਾਂ ਵਾਲਾ ਕਿਥੇ ਆ ਦੱਸਣ ਚਲਿਆਂ"। ਬੂਲੀ ਬਾਣੀਆ ਦੁਕਾਨ ਵਿੱਚ ਗਮ ਨਾਲ ਧੌਣ ਸੁੱਟੀ ਬੈਠਾ ਸੀ, ਜਿਵੇਂ ਆਪਣੇ ਪਰਿਵਾਰ ਵਿੱਚ ਕੋਈ ਅਣਹੋਣੀ ਵਾਪਰੀ ਹੋਵੇ ਮੈਂ (ਮਨਿੰਦਰ ਸਿੰਘ) ਆਖਿਆ "ਬੂਲੀ ਸਾਹਬ ਸੁੱਖ ਐ?" ਬੂਲੀ ਕਹਿੰਦਾ "ਕਿਉਂ ਕੀ ਗੱਲ ਆ?" ਮੈਂ ਕਿਹਾ "ਯਾਰ ਤੁਹਾਡੇ ਨਾਲ ਤਾਂ ਬਹੁਤ ਮਾੜਾ ਹੋਇਆ ਸਾਡੇ ਸ੍ਰੀ ਅਕਾਲ ਤਖ਼ਤ ਨੂੰ ਤੋਪਾਂ, ਟੈਕਾਂ ਨਾਲ ਢਾਹੁਣ ਵਾਲੀ ਅੰਮ੍ਰਿਤਸਰ ਦੇ ਬਾਜ਼ਾਰ ਖੁਲ੍ਹੇ ਕਰਨ ਵਾਲੀ ਦੁਰਗਾ ਮਾਂ ਦੱਸਦੇ ਆ ਭਿੰਡਰਾਂ ਵਾਲੇ ਨੇ ਪ੍ਰਗਟ ਹੋ ਕੇ ਮਾਰ ਦਿੱਤੀ।" ਬੂਲੀ ਨੇ ਚੁੱਪ ਰਹਿਣਾ ਠੀਕ ਸਮਝਿਆ। ਮੈਂ ਜੇਤੂ ਅੰਦਾਜ਼ ਵਿੱਚ ਦੁਕਾਨ ਵਿੱਚੋਂ ਬਾਹਰ ਨਿਕਲ ਆਇਆ।

ਬਲਕਾਰ ਸਿੰਘ ਖਾਲਸਾ ਵੀ ਸਨਿੰਦਰ ਕੁਮਾਰ ਦੀ ਆੜ੍ਹਤ ਤੇ ਜਾ ਪੁੱਜਿਆ। ਅੱਗੋਂ ਸਨਿੰਦਰ ਕੁਮਾਰ ਅਤੇ ਉਸਦੇ ਹਮ ਖਿਆਲ 6-7 ਲਾਲੇ ਗੱਲ੍ਹਾਂ 'ਚ ਘਸੁੰਨ ਦੇ ਕੇ ਬੁਰਾ ਮੂੰਹ ਬਣਾ ਕੇ ਚੁੱਪ-ਚਾਪ ਬੈਠੇ ਸੀ। ਨਾ ਅੱਜ ਸ਼ਰਾਬ ਦੀ ਚੁਸਕੀ

ਚੱਲਦੀ ਸੀ ਨਾ ਹੀ ਸਿਗਰਟ ਸੁਲਗਦੀ ਸੀ। ਬਲਕਾਰ ਸਿੰਘ ਖਾਲਸਾ ਕਹਿੰਦਾ "ਓਏ ਸੇਠ ਵਧਾਈ ਹੋਵੇ ਤੂੰ ਭਿੰਡਰਾਂ ਵਾਲਾ ਜਰਨੈਲ ਸਿੰਘ ਪੁੱਛਦਾ ਸੈਂ? ਜੰਮ ਪਿਆ ਈ ਪਰ ਤੁਹਾਡੀ ਇੰਦਰਾ ਕਿਧਰ ਨੂੰ ਗਈ?" ਦੂਜੇ ਲਾਲੇ ਕਹਿੰਦੇ "ਜੱਥੇਦਾਰਾ ਆਪਾਂ ਨੂੰ ਇਹੋ ਜਿਹੀਆਂ ਗੱਲਾਂ ਸੋਭਦੀਆਂ ਨਹੀਂ।" ਬਲਕਾਰ ਸਿੰਘ ਕਹਿੰਦਾ "ਪੰਜ ਮਹੀਨੇ ਪਹਿਲਾਂ ਜਿਹੜੇ ਤੁਸੀਂ ਲੱਡੂ ਵੰਡੇ ਸੀ ਤੇ ਤਾਅਨੇ ਮਾਰੇ ਸੀ ਉਹ ਹੁਣ ਦੇ ਲੱਡੂ ਤੇ ਪੰਜ ਮਹੀਨੇ ਪਹਿਲਾਂ ਵੰਡੇ ਲੱਡੂਆਂ ਦਾ ਜਰਾ ਖਾ ਕੇ ਦੱਸੋ ਸਵਾਦ 'ਚ ਕੀ ਫਰਕ ਆ? ਹੁਣ ਕਹਿੰਦੇ 'ਇਹ ਗੱਲਾਂ ਆਪਾਂ ਨੂੰ ਨਹੀਂ ਸੋਭਦੀਆਂ'।" ਬਲਕਾਰ ਸਿੰਘ ਖਰੀਆਂ-ਖਰੀਆਂ ਸੁਣਾ ਕੇ ਸਾਈਕਲ ਫੜ ਆਪਣੇ ਰਸਤੇ ਪੈ ਗਿਆ। ਉਹਨੀਂ ਦਿਨੀਂ ਜੂਨ 1984 ਤੋਂ 31 ਅਕਤੂਬਰ 1984 ਤੱਕ ਇਹੋ ਜਿਹੇ ਸੰਤਾਪ ਵਿੱਚੋਂ ਹਰ ਸਿੱਖ ਨੂੰ ਲੰਘਣਾ ਪਿਆ ਹੈ।

ਇਤਿਹਾਸ ਨੇ ਆਪਣਾ ਆਪ ਦੁਹਰਾਇਆ। ਸ. ਸੁੱਖਾ ਸਿੰਘ, ਸ. ਮਹਿਤਾਬ ਸਿੰਘ ਦੇ ਵਾਰਸ ਮੈਦਾਨ ਵਿੱਚ ਨਿਤਰੇ। ਸੰਤ ਭਿੰਡਰਾਂ ਵਾਲੇ ਦੇ ਮੁਰੀਦਾਂ ਦੀ ਗੂੰਜ ਦਿੱਲੀ ਦੇ ਸਫਦਰ ਜੰਗ ਰੋਡ 'ਤੇ ਪਈ। ਸਿਰਫ ਪੰਜ ਮਹੀਨਿਆਂ ਬਾਅਦ ਸਿੱਖਾਂ ਦੀ ਅਣਖ-ਗੈਰਤ ਕਾਇਮ ਹੋਈ। ਪੈਰਾਂ ਵਿੱਚ ਰੁਲੀ ਇੱਜਤ "ਪੱਗ" ਸਿੱਖਾਂ ਦੇ ਸੀਸ ਉੱਪਰ ਸੱਜੀ। ਜੂਨ 1984 ਦੇ ਘੱਲੂਘਾਰੇ ਤੋਂ ਬਾਅਦ ਗੁੰਮਨਾਮ ਗੁਫਾ ਵੱਲ ਜਾ ਰਹੀ ਸਿੱਖ ਕੌਮ ਵਿੱਚ ਜਾਨ ਪਈ। ਸਿੱਖਾਂ ਦੇ ਮਨਾਂ ਉੱਤੇ ਪਿਆ ਨਮੋਸ਼ੀ ਦਾ ਭਾਰ ਲਹਿ ਗਿਆ। ਸਿੱਖਾਂ ਦੀ ਧੌਣ ਉੱਚੀ ਹੋ ਗਈ, ਸਿੱਖਾਂ ਦੇ ਚਿਹਰੇ ਖਿੜ ਗਏ।

ਇਹ ਨਾਵਲ ਉਹਨਾਂ ਹੀ ਜਾਂਬਾਜ਼ ਯੋਧਿਆਂ ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ, ਭਾਈ ਬੇਅੰਤ ਸਿੰਘ ਵਿਚੋਂ ਹੀ ਇਕ ਯੋਧੇ ਭਾਈ ਸਤਵੰਤ ਸਿੰਘ ਦੀ ਗੱਲ ਕਰਦਾ ਹੈ। ਇਸ ਦੇ ਨਾਲ ਹੀ ਭਾਈ ਸਤਵੰਤ ਸਿੰਘ ਦੀ ਸੁਪਤਨੀ ਬੀਬੀ ਸੁਰਿੰਦਰ ਕੌਰ, ਜਿਸ ਨੇ ਇਸ ਮਹਾਨ ਸ਼ਹੀਦ ਦੀ ਤਸਵੀਰ ਨਾਲ ਵਿਆਹ ਕਰਵਾ ਕੇ ਅਤੇ ਉਸ ਉਪਰੰਤ ਆਪਣਾ ਜੀਵਨ ਉਸ ਸ਼ਹੀਦ ਦੀ ਯਾਦ ਵਿਚ ਬਿਤਾ ਦਿੱਤਾ, ਜਿਸ ਨੇ ਸਿੱਖ ਕੌਮ ਦੀ ਡਿੱਗੀ ਹੋਈ ਪੱਗ ਦੀ ਲਾਜ ਰੱਖੀ ਸੀ, ਦੀ ਵੀ ਗੱਲ ਕਰਦਾ ਹੈ। ਇਸ ਨਾਵਲ ਦਾ ਕੋਈ ਵੀ ਪਾਤਰ ਕਾਲਪਨਿਕ ਨਹੀਂ ਹੈ, ਇਹ ਇਕ ਸੱਚ ਹੈ ਕਿਸੇ ਨੂੰ ਕੌੜਾ ਵੀ ਲੱਗ ਸਕਦਾ ਹੈ ਅਤੇ ਕਿਸੇ ਲਈ ਕੁਝ ਸਮੇਂ ਲਈ ਮਰਹਮ ਦਾ ਕੰਮ ਵੀ ਕਰ ਸਕਦਾ ਹੈ ਪਰ ਇਸ ਦੇ ਲਿਖਣ ਤੋਂ ਲੈ ਕੇ ਛਪਣ ਤਕ ਸਹਿਯੋਗ ਦੇਣ ਵਾਲੇ ਸਮੂਹ ਸੱਜਣਾਂ ਦੋਸਤਾਂ ਦਾ ਮੈਂ ਤਹਿ-ਦਿਲੋਂ ਸ਼ੁਕਰ-ਗੁਜ਼ਾਰ ਹਾਂ; ਕਿਉਂਕਿ ਜਿਸ ਪਰਿਵਾਰ ਵਿਚ ਦੋ ਸ਼ਹੀਦ

ਹੋਣ ਅਤੇ ਉਸ ਪਰਿਵਾਰ ਨੂੰ ਹਾਲਾਤਾਂ ਨੇ ਧੀਰਜ ਵੀ ਦਿੱਤਾ ਹੋਵੇ, ਮਿਹਣੇ ਵੀ ਮਾਰੇ ਹੋਣ, ਉਸ ਦੇ ਅਤੀਤ ਨੂੰ ਜਾਣਨਾ ਕੋਈ ਸੌਖਾ ਕੰਮ ਨਹੀਂ। ਜੇ ਕਿਤੇ ਜਾਣੇ-ਅਣਜਾਣੇ ਵਿਚ ਇਸ ਸ਼ਹੀਦ ਪਰਿਵਾਰ ਦੇ ਕਿਸੇ ਵੀ ਜੀਅ ਬਾਰੇ ਕੋਈ ਵੀ ਕਿਸੇ ਤਰ੍ਹਾਂ ਦੀ ਕੋਤਾਹੀ ਵਰਤੀ ਗਈ ਹੋਵੇ ਤਾਂ ਮੈਂ ਖ਼ਿਮਾ ਦਾ ਜਾਚਕ ਹਾਂ।

—ਮਨਿੰਦਰ ਸਿੰਘ ਬਾਜਾ

1

ਜੱਟ ਆਪਣੀ ਜ਼ਮੀਨ ਵਿੱਚ ਹੱਲ ਵਾਹ ਰਿਹਾ ਹੋਵੇ, ਤੇ ਸੁਘੜ ਸਿਆਣੀ ਨਾਰ (ਜੱਟੀ) ਭੱਤਾ (ਰੋਟੀ-ਲੱਸੀ) ਲੈ ਕੇ ਵੇਲੇ ਸਿਰ ਖੇਤਾਂ ਵਿੱਚ ਪੁੱਜ ਜਾਵੇ ਤਾਂ ਜੱਟ ਦਾ ਮਨ ਨਸ਼ਿਆ ਜਿਹਾ ਜਾਂਦਾ ਹੈ। ਸਾਰੇ ਥਕੇਵੇਂ ਉਤਰ ਜਾਂਦੇ ਹਨ, ਦੁੱਖ ਭੁੱਲ ਜਾਂਦੇ ਹਨ। ਇਸ ਵਿੱਚੋਂ ਜਿੱਥੇ ਜੱਟ ਦੇ ਨਾਲ-ਨਾਲ ਜ਼ਮੀਨ ਪ੍ਰਤੀ ਜੱਟੀ ਦੀ ਵਫ਼ਾਦਾਰੀ ਝਲਕਦੀ ਹੈ, ਉੱਥੇ ਨਰੋਏ ਪੰਜਾਬੀ ਸਭਿਆਚਾਰ ਦੀ ਝਲਕ ਵੀ ਮਿਲਦੀ ਹੈ। ਇਸ ਨੂੰ ਲੋਕ-ਬੋਲੀਆਂ ਵਿੱਚ ਇਸ ਤਰ੍ਹਾਂ ਬਿਆਨਿਆ ਗਿਆ ਹੈ :

ਜੱਟੀ ਪੰਦਰਾਂ ਮੁਰੱਬਿਆਂ ਵਾਲੀ, ਭੱਤਾ ਲੈ ਕੇ ਖੇਤ ਨੂੰ ਚੱਲੀ।

ਜਿਨਾ ਜੱਟ ਦਾ ਜ਼ਮੀਨ ਨਾਲ ਮੋਹ ਹੁੰਦਾ ਹੈ, ਜੱਟੀ ਦਾ ਉਸ ਤੋਂ ਵੀ ਜ਼ਿਆਦਾ ਹੁੰਦਾ। ਖੇਤ ਭਾਵੇਂ ਦਸ ਗੇੜੇ ਨਿੱਤ ਰੋਟੀ-ਚਾਹ ਨੂੰ ਲਾਉਣੇ ਪੈ ਜਾਣ ਜੱਟੀ ਥੱਕਦੀ ਨਹੀਂ। ਉਸ ਦੀਆਂ ਸਾਰੀਆਂ ਖੁਸ਼ੀਆਂ ਖੇਤਾਂ ਵਿੱਚ ਹੀ ਹੁੰਦੀਆਂ ਹਨ। ਜੇ ਕਿਤੇ ਜ਼ਮੀਨ (ਜਾਇਦਾਦ) ਖਰੀਦਣੀ ਵੀ ਹੋਵੇ ਤਾਂ ਜੱਟੀ ਆਪਣੇ ਸੋਨੇ ਦੇ ਗਹਿਣੇ ਟੂੰਮ, ਛੱਲਾ ਸਭ ਤੋਂ ਪਹਿਲਾਂ ਦੇਣ ਲਈ ਤਿਆਰ ਹੁੰਦੀ ਹੈ।

ਪਿੰਡ ਅਗਵਾਨ ਖੁਰਦ; ਖੇਤਾਂ ਵਿੱਚ ਸ. ਗੁਰਨਾਮ ਸਿੰਘ 275 ਬੀ ਇੰਟਰਨੈਸ਼ਨਲ ਟਰੈਕਟਰ ਨਾਲ ਜ਼ਮੀਨ ਵਾਹ ਰਿਹਾ ਸੀ ਤੇ ਛੋਟਾ ਸਤਵੰਤ ਸਿੰਘ ਜਿਹੜਾ ਦਿੱਲੀ ਪੁਲਿਸ ਵਿੱਚ ਮੁਲਾਜ਼ਮ ਸੀ, ਛੁੱਟੀ ਆਇਆ ਹੋਇਆ ਸੀ। ਪੱਠੇ ਵੱਢ ਕੇ ਗੱਡੇ ਉੱਤੇ ਲੱਦ ਦਿਤੇ ਸਨ। ਤੇ ਕਹੀ ਨਾਲ ਵੱਟ ਬੰਨਾ ਛਾਂਗ ਰਿਹਾ ਸੀ। ਜੱਟ ਦੇ ਪੁੱਤਰ ਹਮੇਸ਼ਾਂ ਹੀ ਕੰਮ ਧੰਦੇ ਦੇ ਦਿਨਾਂ ਵਿੱਚ ਛੁੱਟੀ ਲੈ ਕੇ ਖੇਤੀ ਦੇ ਕੰਮ-ਧੰਦੇ ਵਿੱਚ ਹੱਥ ਵਟਾ ਜਾਂਦੇ ਹਨ।

ਮੈਂ ਕਿਹਾ "ਜੀ ਰੋਟੀ ਖਾ ਲਉ ਤੇ ਐਹ ਸਤਵੰਤ ਨੂੰ ਵੀ ਵਾਜ ਮਾਰ ਲਉ।" ਜਸਬੀਰ ਕੌਰ ਨੇ ਆਪਣੇ ਪਤੀ ਗੁਰਨਾਮ ਸਿੰਘ ਨੂੰ ਨੇੜੇ ਜਾ ਕੇ ਆਖਿਆ। "ਸਤਵੰਤ!.... ਆ ਜਾ ਵੀਰ ਪਹਿਲਾਂ ਰੋਟੀ ਖਾ ਲਈਏ....?" ਗੁਰਨਾਮ ਸਿੰਘ ਨੇ ਛੋਟੇ ਭਰਾ ਸਤਵੰਤ ਸਿੰਘ ਨੂੰ ਅਵਾਜ਼ ਮਾਰੀ। ਗੁਰਨਾਮ ਸਿੰਘ ਵਗ੍ਹੀ ਹੋਈ ਪੈਲੀ ਦੇ ਵਾਹਣ ਵਿੱਚ ਹੀ ਆਪਣੀ ਪਤਨੀ ਜਸਬੀਰ ਕੌਰ ਕੋਲ ਬੈਠ ਗਿਆ।

ਸਤਵੰਤ ਸਿੰਘ ਨੇ ਆਪਣਾ ਹਥਲਾ ਕੰਮ ਸਿਰੇ ਲਾ ਕੇ ਹੀ ਤੁਰਨਾ ਠੀਕ ਸਮਝਿਆ। "ਆ ਗਿਆ ਭਾਊ ਜੀ, ਐਹ ਮੁਕਾ ਲਵਾਂ।" ਜਸਬੀਰ ਕੌਰ ਨੇ ਵੀ ਦੋ-ਤਿੰਨ ਵਾਰ ਅਵਾਜ਼ ਮਾਰੀ "ਸਤਵੰਤ, ਆ ਜਾ ਰੋਟੀ ਖਾ ਲੈ ਪਹਿਲਾਂ, ਜੱਟਾਂ ਦੇ ਕੰਮ ਵੀ ਕਦੇ ਨਿਬੜੇ ਆ.....?" "ਬੱਸ ਆਇਆ ਭਾਬੀ।" ਇਸ ਵਾਰ ਸਤਵੰਤ ਦੀ ਅਵਾਜ਼ 'ਚ ਵਾਅਦਾ ਸੀ। ਸਤਵੰਤ ਸਿੰਘ ਭਰਾ-ਭਰਜਾਈ ਕੋਲ ਆ ਕੇ ਬੈਠ ਗਿਆ।

ਸਤਵੰਤ ਸਿੰਘ, "ਭਾਬੀ ਪਹਿਲਾਂ ਲੱਸੀ ਪਾ ਗਲਾਸ 'ਚ।"

ਜਸਬੀਰ, "ਲੈ ਵੀਰ ਪਹਿਲਾਂ ਲੱਸੀ ਪੀ ਲੈ।" ਗਲਾਸ ਵਿੱਚ ਲੱਸੀ ਪਾ ਕੇ, ਗਲਾਸ ਸਤਵੰਤ ਸਿੰਘ ਦੇ ਹੱਥ ਫੜਾ ਦਿੱਤਾ।

ਗੁਰਨਾਮ ਸਿੰਘ - "ਭਲਵਾਨਾ, ਥੱਕ ਨਾ ਜਾਵੀਂ, ਥੋੜਾ ਜ਼ੋਰ ਲਾਇਆ ਕਰ ਕਹੀ ਤੇ।"

"ਵੀਰ, ਕੰਮ ਕੀਤਿਆਂ ਨਹੀਂ ਜੱਟਾਂ ਦੇ ਪੁੱਤ ਥੱਕਦੇ।"

ਦੋਵੇਂ ਭਰਾ ਰੋਟੀ ਵੀ ਖਾ ਰਹੇ ਸਨ ਤੇ ਨਿੱਕੀਆਂ-ਨਿੱਕੀਆਂ ਗੱਲਾਂ ਵੀ ਕਰ ਰਹੇ ਸਨ। ਸਤਵੰਤ ਸਿੰਘ ਨੇ ਗੱਲ ਤੋਰੀ। ਕਰਤਾਰ ਸਿੰਘ ਪਹਿਲਵਾਨ ਸੁਰ ਸਿੰਘ ਵਾਲਾ ਅੱਜ ਕੱਲ ਦਿੱਲੀ ਗੁਰੂ ਹਨੂਮਾਨ ਦੇ ਅਖਾੜੇ ਵਾਲਾ ਕਹਿੰਦਾ ਹੁੰਦਾ 'ਵੇਹਲ ਰੋਗਾਂ ਦੀ ਮਾਂ ਹੁੰਦੀ। ਰੋਟੀ ਭਾਵੇਂ ਰੁੱਖੀ-ਮਿਸੀ ਹੋਵੇ ਮਿਹਨਤ ਕਰਨ ਨਾਲ ਉਹ ਵੀ ਸਰੀਰ ਵਿੱਚ ਨਰੋਆ ਖ਼ੂਨ ਬਣਾਉਂਦੀ ਹੈ ਤੇ ਸਰੀਰ ਨੂੰ ਤਕੜਾ ਕਰਦੀ ਹੈ।' ਵੈਸੇ ਵੀ ਸਵੇਰੇ ਤੜਕੇ ਉਠ ਗੁਰਬਾਣੀ ਦਾ ਪਾਠ ਕਰਨ ਨਾਲ ਆਤਮਿਕ ਤੌਰ 'ਤੇ ਮਨ ਤਕੜਾ ਹੁੰਦਾ ਹੈ ਅਤੇ ਸਰੀਰ ਨੂੰ ਕੋਈ ਰੋਗ ਨਹੀਂ ਲੱਗਦਾ।" ਸਤਵੰਤ ਸਿੰਘ ਨੇ ਗਰਾਹੀ ਮੂੰਹ 'ਚ ਪਾਈ।

"ਅੱਛਾ, ਹੋਰ ਕੀ ਕਹਿੰਦਾ ਤੇਰਾ, ਕਰਤਾਰ ਪਹਿਲਵਾਨ", ਗੁਰਨਾਮ ਸਿੰਘ ਨੇ ਹੁੰਗਾਰਾ ਭਰਿਆ।

"ਭਾਊ, ਕਰਤਾਰ ਸਿੰਘ ਕਹਿੰਦਾ ਬਈ ਪਹਿਲਵਾਨ ਬਣਨਾ ਸਾਧੂ ਬਣਨਾ ਹੁੰਦਾ ਹੈ, ਮਿਹਨਤ ਤੇ ਭਗਤੀ ਬਹੁਤ ਜ਼ਰੂਰੀ ਹਨ। ਮਿਹਨਤ ਕਰਨ ਦੇ ਨਾਲ ਸਰੀਰਕ ਤੌਰ 'ਤੇ ਬਲਵਾਨ ਹੋਈਦਾ ਹੈ ਤੇ ਵਾਹਿਗੁਰੂ ਦਾ ਸਿਮਰਨ ਕਰਨ ਨਾਲ ਆਤਮਿਕ ਤੌਰ 'ਤੇ।"

ਜਸਬੀਰ ਕੌਰ, "ਮੈਂ ਕਹਿਨੀ ਐ ਜੀ, ਪੁਲਸ ਵਾਲੀ ਤਾਂ, ਸਤਵੰਤ 'ਚ ਕੋਈ ਗੱਲ ਹੀ ਨਹੀਂ। ਇਸ ਉਮਰ 'ਚ ਕਿਵੇਂ ਗੁਣੀ ਗਿਆਨੀ ਬਣ ਗਿਆ।"

ਸਤਵੰਤ ਸਿੰਘ, "ਭਾਬੀਂ ਜੀ ਮੈਂ ਕਾਹਦਾ ਗਿਆਨੀ ਬਣਨਾ, ਇਹ ਤਾਂ ਸਿੱਖੀ ਦੀ ਰਹਿਣੀ ਬਹਿਣੀ ਦੀ ਗੱਲ ਹੈ।"

"ਜਸਬੀਰ ਕੌਰੇ ਹੁਣ ਫਿਕਰ ਕਰ ਗਿਆਨੀ ਦਾ, ਇਸ ਲਈ ਕਿਤੋਂ ਕੁੜੀ ਦੀ ਭਾਲ ਕਰ।"

ਗੁਰਨਾਮ ਸਿੰਘ ਨੇ ਆਪਣੀ ਪਤਨੀ ਨੂੰ ਸਤਵੰਤ ਸਿੰਘ ਲਈ ਰਿਸ਼ਤਾ ਲੱਭਣ ਲਈ ਟੇਢੇ ਸ਼ਬਦਾਂ ਵਿੱਚ ਗੱਲ ਕਹਿ ਦਿੱਤੀ।

"ਸਤਵੰਤ ਇੱਕ ਵਾਰੀ ਹਾਂ ਕਰੇ, ਇਹਦੇ ਲਈ ਤਾਂ ਆਪਣੀ ਮਾਸੀ ਦੀ ਧੀ ਦਾ ਰਿਸ਼ਤਾ ਬੜੇ ਚਿਰ ਤੋਂ ਦਿਲ ਵਿੱਚ ਪੱਕਾ ਕਰੀ ਬੈਠੀ ਹਾਂ।" ਜਸਬੀਰ ਕੌਰ ਨੇ ਮਨ ਦਾ ਬੋਝ ਲਾਹੁਣਾ ਚਾਹਿਆ।

ਗੁਰਨਾਮ ਸਿੰਘ - "ਕਿਉਂ ਵੀਰ ਭਾਬੀ ਦੀ ਗੱਲ ਮਨਜ਼ੂਰ ਐ?"

ਸਤਵੰਤ ਸਿੰਘ - "ਭਾਊ ਵੱਡੀਆਂ ਭਰਜਾਈਆਂ ਮਾਵਾਂ ਹੁੰਦੀਆਂ ਤੇ ਮਾਵਾਂ ਨੂੰ ਪੁੱਤਾਂ ਦਾ ਫਿਕਰ ਹੁੰਦਾ। ਭਾਬੀ ਦੇ ਹੁੰਦਿਆਂ ਆਪਾਂ ਨੂੰ ਫਿਕਰ ਕਾਹਦਾ? ਸਿਆਣੇ ਐਵੇਂ ਨਹੀਂ ਆਖਦੇ-

ਜੁਗੋ-ਜੁੱਗ ਜਿਉਣ ਵੱਡੀਆਂ ਭਰਜਾਈਆਂ
ਪਾਣੀ ਮੰਗੀਏ ਦੁੱਧ ਦੇਦੀਆਂ।

ਗੁਰਨਾਮ ਸਿੰਘ - "ਲੈ ਜਸਬੀਰ, ਸਤਵੰਤ ਸਿੰਘ ਨੇ ਤਾਂ ਸਾਰੀ ਜੁੰਮੇਵਾਰੀ ਤੇਰੇ ਉੱਤੇ ਸੁੱਟ ਦਿੱਤੀ। ਕੱਲ ਤਿਆਰੀ ਕਰ ਮਾਸੀ ਦੇ ਪਿੰਡ ਦੀ......"

ਜਸਬੀਰ ਕੌਰ - "ਜੀ ਮੇਰੇ ਵੱਲੋਂ ਕੋਈ ਢਿੱਲ ਨਹੀਂ, ਮੈਂ ਤਾਂ ਮਾਸੀ ਪ੍ਰੀਤਮ ਕੌਰ ਤੇ ਮਾਸੜ ਵਿਰਸਾ ਸਿੰਘ ਕੋਲ ਅੰਦਰ ਖਾਤੇ ਪਹਿਲਾਂ ਹੀ ਸਤਵੰਤ ਸਿੰਘ ਲਈ ਸੁਰਿੰਦਰ ਦੇ ਰਿਸ਼ਤੇ ਦੀ ਗੱਲ ਤੋਰੀ ਹੋਈ ਆ। ਪਹਿਲਾਂ ਭਾਪਾ ਜੀ ਤੇ ਬੀਬੀ ਜੀ ਨੂੰ ਪੁੱਛ ਲੈਣਾ ਚਾਹੀਦਾ ਹੈ।"

ਦੋਵਾਂ ਭਰਾਵਾਂ ਨੇ ਰੋਟੀ ਖਾ ਲਈ ਤੇ ਆਪੋ-ਆਪਣੇ ਕੰਮੀਂ ਲੱਗ ਗਏ।

ਜਸਬੀਰ ਕੌਰ ਰੋਟੀ ਖਵਾ ਚੰਗੇਰ ਸਿਰ ਉੱਤੇ ਚੁੱਕ ਕੇ ਖੇਤਾਂ ਤੋਂ ਪਿੰਡ ਨੂੰ ਤੁਰ ਪਈ। ਜੇ ਸੁਰਿੰਦਰ ਕੌਰ ਦਾ ਰਿਸ਼ਤਾ ਸਤਵੰਤ ਸਿੰਘ ਨੂੰ ਹੋ ਜਾਵੇ ਤਾਂ ਸਾਰੀ ਦੁਨੀਆਂ ਵੇਖੇਗੀ ਸੁਰਿੰਦਰ ਤੇ ਸਤਵੰਤ ਦੀ ਜੋੜੀ ਨੂੰ। ਇਹੀ ਖਿਆਲ ਉਸ ਨੂੰ ਕਦੋਂ ਘਰ ਲੈ ਆਏ ਪਤਾ ਹੀ ਨਹੀਂ ਲੱਗਾ।

2

ਜਸਬੀਰ ਕੌਰ ਨੇ ਰਾਤ ਨੂੰ ਸਾਰੇ ਪਰਿਵਾਰ ਨੂੰ ਰੋਟੀ ਖਵਾ ਕੇ ਗਰਮ ਕੀਤਾ ਹੋਇਆ ਦੁੱਧ ਠੰਡਾ ਕਰਕੇ ਗਲਾਸਾਂ ਵਿੱਚ ਪਾ ਸਾਰੇ ਪਰਿਵਾਰ ਨੂੰ ਫੜਾ ਦਿੱਤਾ। ਜਸਬੀਰ ਕੌਰ ਨੇ ਆਪਣੀ ਸੱਸ ਪਿਆਰ ਕੌਰ ਅਤੇ ਸਹੁਰਾ ਸ. ਤਰਲੋਕ ਸਿੰਘ ਨਾਲ ਸਤਵੰਤ ਸਿੰਘ ਨੂੰ ਰਿਸ਼ਤਾ ਕਰਾਉਣ ਲਈ ਗੱਲ ਤੋਰਦਿਆਂ ਕਿਹਾ, "ਬੀਬੀ, ਆਪਾਂ ਹੁਣ ਸਤਵੰਤ ਸਿੰਘ ਨੂੰ ਮੰਗੀਏ ਵਿਆਹੀਏ, ਸੁੱਖ ਨਾਲ ਗੱਭਰੂ ਹੋ ਗਿਆ। ਕੋਈ ਦੋ-ਢਾਈ ਸਾਲ ਮੰਗਿਆਂ ਵੀ ਲੰਘ ਜਾਂਦੇ ਆ।" "ਏਹ ਵੀ ਕੋਈ ਪੁੱਛਣ ਵਾਲੀ ਗੱਲ ਆ, ਬੱਸ ਕੁੜੀ ਸੋਹਣੀ ਸੁਨੱਖੀ ਤੇ ਸਿਆਣੀ ਹੋਣੀ ਚਾਹੀਦੀ ਆ। ਸਤਵੰਤ ਦੀ ਜੋੜੀ ਸੋਹਣੀ ਰਲ ਜਾਵੇ। ਹੋਰ ਮੈਨੂੰ ਕੀ ਚਾਹੀਦਾ ਹੈ", ਪਿਆਰ ਕੌਰ ਨੇ ਆਪਣਾ ਮਨ ਹਲਕਾ ਕੀਤਾ।

ਬਾਪੂ ਤਰਲੋਕ ਸਿੰਘ - "ਪੁੱਤ, ਇਹੋ ਜਿਹੇ ਕੰਮ ਪੁੱਛ-ਪੁੱਛ ਕੇ ਥੋੜੇ ਕਰੀਦੇ ਹੁੰਦੇ ਆ, ਜੇ ਤੇਰੇ ਹੱਥ ਹੇਠਾਂ ਰਿਸ਼ਤਾ ਹੈ ਤਾਂ ਲੈ ਆ....?"

ਜਸਬੀਰ ਕੌਰ-"ਬਾਪੂ ਜੀ, ਫਿਰ ਵੀ ਅਸੀਂ ਤੁਹਾਡੀ ਆਗਿਆ ਬਿਨਾਂ ਤਾਂ ਕੋਈ ਕੰਮ ਨਹੀਂ ਨਾ ਕਰ ਸਕਦੇ ? ਰਿਸ਼ਤਾ ਤਾਂ ਮੈਂ ਬੜੇ ਚਿਰ ਦਾ ਸਤਵੰਤ ਲਈ ਤਕਾਇਆ ਹੋਇਆ, ਮੇਰੀ ਮਾਸੀ ਹੈ ਨਾ ਪਿੰਡ ਜੱਟਾਂ ਵਾਲੀ ਉਸ ਦੀ ਕੁੜੀ ਹੈ ਸੁਰਿੰਦਰ ਕੌਰ। ਪੜ੍ਹੀ ਤਾਂ ਥੋੜਾ ਈ ਆ, ਪਰ ਵਾਹਿਗੁਰੂ ਨੇ ਰੂਪ ਬੜਾ ਬਖਸ਼ਿਆ। ਘਰ ਦਾ ਕੰਮ ਧੰਦਾ ਕਰਦੀ ਵੀ ਅਕਾਲ ਪੁਰਖ ਵਾਹਿਗੁਰੂ ਦਾ ਸਿਮਰਨ ਕਰਦੀ ਰਹਿੰਦੀ ਆ।"

ਪਿਆਰ ਕੌਰ-"ਪੁੱਤ, ਜੇ ਤੇਰੇ ਮਾਸੀ, ਮਾਸੜ ਮੰਨਦੇ ਆ ਤਾਂ ਲੈ ਆ, ਸਾਨੂੰ ਮਨਜ਼ੂਰ ਹੈ।"

ਬਾਪੂ ਤਰਲੋਕ ਸਿੰਘ- "ਸਤਵੰਤ ਦੀ ਬੀਬੀ, ਇਹਦੇ ਵਿੱਚ ਮੰਨਣ ਮਨਾਉਣ ਵਾਲੀ ਕਿਹੜੀ ਗੱਲ ਆ, ਜਸਬੀਰ ਦਾ ਮਾਸੜ ਆ ਨਾ। ਵਿਰਸਾ ਸਿੰਘ ਮੇਰੀ ਵੀ ਜਾਣ-ਪਛਾਣ 'ਚ ਹੈ, ਉਸ ਨੇ ਨਾਂਹ ਥੋੜ੍ਹਾ ਕਰਨੀ ਐ।"

ਅਗਲੇ ਦਿਨ ਘਰ ਦੇ ਕੰਮ ਨਿਪਟਾ ਜਸਬੀਰ ਕੌਰ ਤੇ ਗੁਰਨਾਮ ਸਿੰਘ ਪਿੰਡ ਜੱਟਾਂ ਦੇ ਬਾਹਰ ਖੇਤਾਂ ਵਿੱਚ ਮਾਸੀ ਪ੍ਰੀਤਮ ਕੌਰ ਤੇ ਮਾਸੜ ਸ੍ਰ. ਵਿਰਸਾ

ਸਿੰਘ ਦੇ ਡੇਰੇ ਪਹੁੰਚ ਗਏ। ਮਾਸੀ, ਮਾਸੜ ਦਾ ਪਰਿਵਾਰ ਸਾਰਾ ਮਿਲਿਆ ਸੁੱਖ ਸਾਂਦ ਪੁੱਛੀ, ਚਾਹ ਪਾਣੀ ਪੀਤਾ, ਹੋਰ ਅਨੇਕਾਂ ਗੱਲਾਂ ਹੋਈਆਂ, ਘਰਾਂ ਦੇ ਦੁੱਖ ਸੁੱਖ ਫਰੋਲੇ।

ਜਸਬੀਰ ਕੌਰ ਨੇ ਗੱਲ ਤੋਰੀ, "ਮਾਸੀ ਜੀ, ਅਜੇ ਆਪਣੀ ਸੁਰਿੰਦਰ ਵਾਸਤੇ ਕੋਈ ਵਰ-ਘਰ ਨਹੀ ਲੱਭਿਆ।"

ਮਾਸੀ ਪ੍ਰੀਤਮ ਕੌਰ - "ਜਸਬੀਰ, ਸਲਾਹ ਨੂੰ ਕੀ ਕਰਨਾ, ਤੇ ਕੀ ਨਹੀ? ਤੈਨੂੰ ਪਤਾ ਆਪਣੀ ਸੁਰਿੰਦਰ ਧਾਰਮਿਕ ਵਿਚਾਰਾਂ ਵਾਲੀ ਹੈ, ਇਸ ਲਈ ਕੋਈ ਸਾਊ ਜਿਹਾ ਮੁੰਡਾ ਮਿਲ ਜਾਵੇ ਤਾਂ ਰਿਸ਼ਤਾ ਕਰ ਦਈਏ। ਐਵੇਂ ਤਾਂ ਕਿਸੇ ਨਾਲ ਨਹੀਂ ਤੋਰ ਦੇਣੀ, ਮੁੰਡੇ ਨੂੰ ਕੋਈ ਚਾਰ ਟੱਪੇ (ਕਿੱਲੇ) ਜਮੀਨ ਵੀ ਆਉਂਦੀ ਹੋਵੇ।"

ਜਸਬੀਰ ਕੌਰ- "ਮਾਸੀ ਜੀ ਮੈਂ ਤਾਂ ਸੁਰਿੰਦਰ ਕੌਰ ਦਾ ਰਿਸ਼ਤਾ ਆਪਣੇ ਸਤਵੰਤ ਲਈ ਲੈਣ ਆਈ ਹਾਂ। ਪੈਲੀ ਵੀ ਅੱਠ ਕਿੱਲੇ ਆਉਂਦੀ, ਦਿੱਲੀ ਪੁਲਸ 'ਚ ਨੌਕਰੀ ਵੀ ਹੈ। ਸਤਵੰਤ ਸਿੰਘ ਅੱਜਕਲ ਇੰਦਰਾ ਗਾਂਧੀ ਦਾ ਬਾਡੀਗਾਰਡ ਆ। ਜਿਹੜੀ ਗੱਲ ਆ ਸਾਊ ਮੁੰਡਾ ਹੋਵੇ ਫਿਰ ਸਤਵੰਤ ਸਿੰਘ ਜਿੱਡਾ ਸਾਊ ਭਾਲਿਆ ਨਹੀਂ ਮਿਲਦਾ। ਦਿੱਲੀ ਭਲਵਾਨਾਂ ਦੇ ਅਖਾੜੇ 'ਚ ਜਾ ਕੇ ਭਲਵਾਨੀ ਸਿੱਖਦਾ ਸਾਧੂ ਸਰੂਪ ਹੀ ਐ। ਕੋਈ ਗੱਲ ਕਰੋ ਇਹੋ ਜੁਆਬ ਦੇਂਦਾ ਕਿ ਕਿਸੇ ਦਾ ਹੱਕ ਮਾਰਨਾ ਨਹੀਂ ਤੇ ਆਪਣਾ ਹੱਕ ਲੈਣ ਤੋਂ ਪਿੱਛੇ ਰਹਿਣਾ ਨਹੀਂ। ਇਹੋ ਜਿਹੀਆਂ ਸੱਤਰਿਆਂ-ਬਹੱਤਰਿਆਂ ਵਾਲੀਆਂ ਗੱਲਾਂ ਕਰਦਾ। ਅੱਜ ਦੇ ਮੁੰਡਿਆਂ ਵਾਲੀ ਤਾਂ ਉਹਦੇ ਵਿੱਚ ਕੋਈ ਗੱਲ ਹੀ ਨਹੀਂ ਹੈਗੀ। ਮਾਸੀ ਜੀ, ਤੁਸੀਂ ਸੁਰਿੰਦਰ ਦਾ ਰਿਸ਼ਤਾ ਸਾਡੀ ਝੋਲੀ ਪਾ ਦੇਵੋ।" ਜਸਬੀਰ ਕੌਰ ਦੇ ਮਾਸੜ ਸ੍ਰ. ਵਿਰਸਾ ਸਿੰਘ ਤੇ ਮਾਸੀ ਪ੍ਰੀਤਮ ਕੌਰ ਨੇ ਸਤਵੰਤ ਸਿੰਘ ਨੂੰ ਯੋਗ ਵਰ ਸਮਝ ਕੇ ਆਪਣੀ ਸੁਰਿੰਦਰ ਕੌਰ ਦੇ ਰਿਸ਼ਤੇ ਦੀ ਜਸਬੀਰ ਕੌਰ ਨੂੰ ਹਾਂ ਕਰ ਦਿੱਤੀ। ਜਸਬੀਰ ਕੌਰ ਦੇ ਮਾਸੀ ਤੇ ਮਾਸੜ ਰਮਦਾਸ ਜਾ ਕੇ ਸ਼ਗਨ ਦੀਆਂ ਜ਼ਰੂਰੀ ਵਸਤਾਂ ਖਰੀਦ ਲਿਆਏ। ਅਗਲੇ ਦਿਨ ਸੁਰਿੰਦਰ ਦੇ ਰਿਸ਼ਤੇ ਦਾ ਸ਼ਗਨ ਸਤਵੰਤ ਸਿੰਘ ਨਾਲ ਕਰਨ ਲਈ ਗੁਰਨਾਮ ਸਿੰਘ ਤੇ ਜਸਬੀਰ ਕੌਰ ਦੀ ਝੋਲੀ ਸ਼ਗਨ ਪਾ ਦਿੱਤਾ। ਗੁਰਨਾਮ ਸਿੰਘ ਤੇ ਜਸਬੀਰ ਕੌਰ ਸੁਰਿੰਦਰ ਕੌਰ ਦਾ ਸ਼ਗਨ ਸਤਵੰਤ ਸਿੰਘ ਲਈ ਲੈ ਕੇ ਪਿੰਡ ਜੱਟਾਂ ਤੋਂ ਆਪਣੇ ਪਿੰਡ ਅਗਵਾਨ ਜਾਣ ਲਈ ਬੱਸ ਚੜਕੇ ਘਰ ਅਗਵਾਨ ਖੁਰਦ ਪਹੁੰਚ ਗਏ। ਬੂਹੇ 'ਚ ਤੇਲ ਚੋ ਕੇ ਗੁਰਨਾਮ ਸਿੰਘ ਤੇ ਜਸਬੀਰ ਕੌਰ ਨੂੰ ਅੰਦਰ ਲੰਘਾਇਆ ਗਿਆ। ਸ਼ਰੀਕੇ ਭਾਈਚਾਰੇ ਨੂੰ ਸਤਵੰਤ ਸਿੰਘ ਦੇ ਸ਼ਗਨ ਦਾ ਸੱਦਾ ਦਿੱਤਾ ਗਿਆ। ਸਤਵੰਤ ਸਿੰਘ ਦੇ ਚਾਚੇ, ਚਾਚੀਆਂ, ਦਾਦੀ ਤੇ ਹੋਰ ਪਰਿਵਾਰ ਧਰਮਕੋਟ ਰੰਧਾਵਾ ਤੋਂ ਅਗਵਾਨ ਖੁਰਦ ਸ਼ਗਨ ਦੀ ਰਸਮ 'ਚ

ਸ਼ਾਮਲ ਹੋਏ। ਕਿਉਂਕਿ ਸਤਵੰਤ ਸਿੰਘ ਦਾ ਕੋਈ ਮਾਮਾ ਨਾ ਹੋਣ ਕਰਕੇ ਸਤਵੰਤ ਦਾ ਪਰਿਵਾਰ ਮਾਤਾ ਪਿਆਰ ਕੌਰ ਦੇ ਪੇਕੇ ਘਰ ਰਹਿੰਦੇ ਹਨ। ਬਾਪੂ ਤਰਲੋਕ ਸਿੰਘ ਦਾ ਜੱਦੀ ਪਿੰਡ ਧਰਮਕੋਟ ਰੰਧਾਵਾ ਹੈ। ਨਾਈ, ਮਹਿਰੇ, ਲਾਗੀ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਵੀ ਸੱਦੇ ਗਏ। ਲਾਗੀਆਂ ਰੋਟੀ ਪਾਣੀ, ਚਾਹ ਪਾਣੀ ਤਿਆਰ ਕਰਕੇ ਸ਼ਰੀਕੇ ਭਾਈਚਾਰੇ ਨੂੰ ਛਕਾਇਆ। ਗ੍ਰੰਥੀ ਸਿੰਘ ਨੇ ਸਤਵੰਤ ਸਿੰਘ ਤੇ ਸੁਰਿੰਦਰ ਕੌਰ ਦੇ ਸ਼ਗਨ ਦੀ ਅਰਦਾਸ ਕੀਤੀ। ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ 'ਚ ਧੁਰੋਂ ਲਿਖਿਆ ਸੰਜੋਗ ਨੇਪਰੇ ਚੜ੍ਹਨ ਦੀ ਅਰਦਾਸ ਕੀਤੀ ਅਤੇ ਸ਼ਗਨ ਸਤਵੰਤ ਸਿੰਘ ਦੀ ਝੋਲੀ ਪਾਇਆ। ਸ਼ਰੀਕੇ ਭਾਈਚਾਰੇ ਨੇ ਪਿਤਾ ਤਰਲੋਕ ਸਿੰਘ ਤੇ ਮਾਤਾ ਪਿਆਰ ਕੌਰ ਨੂੰ ਵਧਾਈਆਂ ਦਿੱਤੀਆਂ। ਚਾਚੀਆਂ, ਭੈਣਾਂ, ਭਾਬੀਆਂ ਨੇ ਗਿੱਧੇ ਵਿੱਚ ਨੱਚ ਨੱਚ ਕੇ ਧਮਾਲ ਪਾ ਦਿੱਤੀ। ਸਾਰਾ ਪਰਿਵਾਰ ਖੁਸ਼ੀ ਵਿੱਚ ਫੁੱਲਿਆ ਨਹੀ ਸੀ ਸਮਾਉਂਦਾ। ਕੁੱਝ ਦਿਨਾਂ ਬਾਅਦ ਸਤਵੰਤ ਸਿੰਘ ਛੁੱਟੀ ਪੂਰੀ ਹੋ ਜਾਣ ਤੇ ਡਿਊਟੀ ਉੱਤੇ ਦਿੱਲੀ ਚਲਾ ਗਿਆ। ਛੁੱਟੀ ਵੀ ਘੱਟ ਮਿਲਦੀ ਸੀ ਕਿਉਂਕਿ ਉਹ ਭਾਰਤ ਦੀ ਪ੍ਰਧਾਨ ਮੰਤਰੀ ਦੀ ਸੁਰੱਖਿਆ ਗਾਰਦ ਵਿੱਚ ਡਿਊਟੀ 'ਤੇ ਸੀ।

ਸਤਵੰਤ ਸਿੰਘ ਉੱਤਰ ਪ੍ਰਦੇਸ਼ ਦੇ ਬਰੇਲੀ ਜ਼ਿਲੇ ਤੋਂ ਦਿੱਲੀ ਆਰਮਡ ਪੁਲੀਸ ਲਈ 1981 ਵਿੱਚ ਭਰਤੀ ਹੋਇਆ ਸੀ। ਸ਼ਕਲ ਸੂਰਤ ਤੋ ਬੇਹੱਦ ਸੋਹਣਾ ਸੁਨੱਖਾ ਤੇ ਉੱਚਾ ਲੰਬਾ ਅਤੇ ਚੋਟੀ ਦਾ ਨਿਸ਼ਾਨੇਬਾਜ ਹੋਣ ਕਰਕੇ ਸੁਰੱਖਿਆ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਦੀ ਸੁਰੱਖਿਆ ਗਾਰਦ ਵਿੱਚ ਬਾਡੀਗਾਰਡ ਨਿਯੁਕਤ ਕਰ ਦਿੱਤਾ ਸੀ।

3

ਚੰਡੀਗੜ੍ਹ ਨੇੜੇ ਪਿੰਡ ਮਲੋਆ ਦਾ ਜੰਮਪਲ ਪਿਤਾ ਸ੍ਰ. ਸੁੱਚਾ ਸਿੰਘ ਮਾਤਾ ਕਰਤਾਰ ਕੌਰ ਦਾ ਜਾਇਆ ਬੇਅੰਤ ਸਿੰਘ ਅੱਜਕੱਲ ਦਿੱਲੀ ਵਿੱਚ ਪੁਲਿਸ ਇੰਸਪੈਕਟਰ ਸੀ ਤੇ ਪ੍ਰਧਾਨ ਮੰਤਰੀ ਦੀ ਸੁਰੱਖਿਆ ਗਾਰਦ 'ਚ ਡਿਊਟੀ 'ਤੇ ਸੀ। ਪੰਜਾਬ ਦੇ ਇਹ ਬਹਾਦਰ ਸੂਰਮੇ ਦਿੱਲੀ ਪੁਲਿਸ ਵਿੱਚ ਨੌਕਰੀ ਕਰ ਰਹੇ ਸਨ। ਇਸੇ ਹੀ ਬੇਅੰਤ ਸਿੰਘ ਨੇ ਆਮ ਸਿੱਖਾਂ ਵਾਂਗ ਗਮ ਗੁੱਸੇ ਤੇ ਨਮੋਸ਼ੀ 'ਚ ਰਿਸ਼ਤੇਦਾਰੀ ਵਿੱਚ ਲਗਦੇ ਫੁੱਫੜ ਸ੍ਰ. ਕਿਹਰ ਸਿੰਘ ਨੂੰ ਪੁੱਛਿਆ, "ਫੁੱਫੜ ਜੀ ਪ੍ਰਧਾਨ ਮੰਤਰੀ ਗਾਂਧੀ ਨੇ ਹਰਿਮੰਦਰ ਸਾਹਿਬ ਉੱਤੇ ਹਮਲਾ ਕਰਕੇ ਚੰਗਾ ਕੰਮ ਨਹੀਂ ਕੀਤਾ। ਕੀ ਅਕਾਲ ਪੁਰਖ ਵਾਹਿਗੁਰੂ ਸ਼ਹੀਦ ਸੁੱਖਾ ਸਿੰਘ, ਮਹਿਤਾਬ ਸਿੰਘ ਨੂੰ ਭੇਜ ਕੇ ਸਿੱਖਾਂ ਨੂੰ ਇਸ ਦਸ਼ਾ ਤੋਂ ਛੁਟਕਾਰਾ ਦਿਵਾਉਣਗੇ ?" ਸ੍ਰ. ਕਿਹਰ ਸਿੰਘ ਜੋ ਖਾੜਕੂ ਵਿਚਾਰਧਾਰਾ ਦੀ ਉੱਚੀ ਸੁਰ ਰੱਖਣ ਵਾਲਾ ਸੀ ਤੇ ਮਹਿਕਮੇ ਦੇ ਸੰਗੀ ਸਾਥੀ ਸ੍ਰ. ਕਿਹਰ ਸਿੰਘ ਨੂੰ ਸਾਡਾ ਭਿੰਡਰਾਂ ਵਾਲਾ ਦਾ ਖਿਤਾਬ ਦਿਆ ਕਰਦੇ ਸਨ, ਕਹਿਣ ਲੱਗਾ- "ਸ੍ਰ. ਬੇਅੰਤ ਸਿੰਘ ਸ਼ਹੀਦ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਦੇ ਵਾਰਸ ਆਖਿਰ ਤਾਂ ਕਿਸੇ ਨੂੰ ਬਣਨਾ ਹੀ ਪਵੇਗਾ। ਸਿਰ ਦੇਣਾ ਤੇ ਰੱਖਣੀ ਸਿੱਖੀ ਸੌਦਾ ਇੱਕੋ ਜਿਹਾ 'ਤੇ ਅਮਲ ਕਰਨਾ ਪਵੇਗਾ। ਰੋਇਆਂ ਝੂਰਿਆਂ ਕੁਛ ਨਹੀਂ ਬਣਨਾ। ਸ੍ਰ. ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਖੰਡੇ ਬਾਟੇ ਦੀ ਪਹੁਲ ਛਕੀ ਤੇ ਚੌਧਰੀ ਮੱਸੇ ਰੰਗੜ ਦਾ ਸਿਰ ਵੱਢ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ ਸੀ। ਲੋੜ ਹੈ ਉਹਨਾਂ ਦੇ ਕਦਮਾਂ ਤੇ ਤੁਰਨ ਦੀ, ਇਤਿਹਾਸ ਦੁਹਰਾਉਣ ਦੀ।" ਭਾਈ ਕਿਹਰ ਸਿੰਘ ਦੀਆਂ ਇਹਨਾਂ ਹੀ ਗੱਲਾਂ ਨੇ ਸ੍ਰ. ਬੇਅੰਤ ਸਿੰਘ ਮਲੋਆ ਨੂੰ ਧੁਰ ਅੰਦਰ ਤੱਕ ਹਿਲਾ ਕੇ ਰੱਖ ਦਿੱਤਾ।

ਹੁਣ ਸ੍ਰ. ਬੇਅੰਤ ਸਿੰਘ ਕਿਸੇ ਜਿਗਰੀ ਸਾਥੀ ਦੀ ਭਾਲ ਵਿੱਚ ਸੀ ਜੋ ਸ੍ਰੀ ਦਰਬਾਰ ਸਾਹਿਬ ਉੱਪਰ ਹੋਈ ਫੌਜੀ ਕਾਰਵਾਈ ਨਾਲ ਧੁਰ ਅੰਦਰ ਤੱਕ ਜ਼ਖਮੀ ਹੋਇਆ ਕੁੱਝ ਵੀ ਕਰਨ ਲਈ ਤਿਆਰ ਹੋਵੇ। ਆਖਰ ਇੱਕ

ਜਿਸ ਸ੍ਰ. ਬੇਅੰਤ ਸਿੰਘ ਦੀ ਨਿਗ੍ਹਾ ਇੰਦਰਾ ਗਾਂਧੀ ਦੀ ਸੁਰੱਖਿਆ ਗਾਰਦ ਵਿਚ ਸ਼ਾਮਲ ਬੇਹੱਦ ਸੁੰਦਰ ਸੋਹਣੇ ਸੁਨੱਖੇ ਚੜ੍ਹਦੀ ਜਵਾਨੀ ਵਾਲੇ ਮਾਝੇ ਦੇ ਗੱਭਰੂ ਸ੍ਰ. ਸਤਵੰਤ ਸਿੰਘ 'ਤੇ ਪਈ। ਸ੍ਰ. ਬੇਅੰਤ ਸਿੰਘ ਨੇ ਸ੍ਰ. ਸਤਵੰਤ ਸਿੰਘ ਦੇ ਜਜ਼ਬਾਤ ਟੋਹਣ ਲਈ ਗੱਲ ਤੋਰੀ।

ਬੇਅੰਤ ਸਿੰਘ-"ਸਤਵੰਤ ਸਿੰਘ ਐਤਕੀਂ ਦੀਵਾਲੀ ਦਿੱਲੀ 'ਚ ਹੀ ਮਨਾਉਣੀ ਜਾਂ ਪੰਜਾਬ ਵਿੱਚ ਪਿੰਡ ਜਾ ਕੇ ਦੀਵਾਲੀ ਵੇਖਣ ਦਾ ਵਿਚਾਰ ਹੈ?"

ਸਤਵੰਤ ਸਿੰਘ-"ਭਾ ਜੀ, ਤੁਸੀਂ ਅਖਬਾਰ ਵਿਚ ਨਹੀਂ ਪੜ੍ਹਿਆ, ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮ ਕੀਤਾ ਹੈ ਕਿ ਸਿੱਖ ਐਤਕੀਂ ਕਾਲੀ ਦੀਵਾਲੀ ਮਨਾਉਣਗੇ ਤੇ ਨਾਲੇ ਸਿੱਖ ਕਾਲੀਆਂ ਪੱਗਾਂ ਬੰਨ ਕੇ ਤੇ ਸਿੱਖ ਬੀਬੀਆਂ ਕਾਲੇ ਦੁਪੱਟੇ ਸਿਰਾਂ ਉਤੇ ਲੈ ਕੇ ਰੋਸ ਪ੍ਰਗਟ ਕਰਨ। ਸ੍ਰੀ ਦਰਬਾਰ ਸਾਹਿਬ ਉੱਪਰ ਸਰਕਾਰ ਵੱਲੋਂ ਕੀਤੇ ਹਮਲੇ ਦੇ ਰੋਸ ਵਜੋਂ ਨਾ ਹੀ ਕੋਈ ਸਿੱਖ ਦੀਵੇ ਜਗਾਵੇ ਨਾ ਹੀ ਮਠਿਆਈਆਂ ਖਰੀਦਣ ਸ਼ਹਿਰ ਜਾਵੇ। ਹੁਣ ਭਾ ਜੀ, ਸਿੱਖਾਂ ਦੀ ਕਾਹਦੀ ਦੀਵਾਲੀ ਆ ਸਿੱਖਾਂ ਦੀ ਇੱਜਤ ਤਾਂ ਸਰਕਾਰ ਨੇ ਪੈਰਾਂ ਹੇਠ ਰੋਲ ਦਿੱਤੀ ਆ।" ਇਤਨੀ ਗੱਲ ਆਖਦਿਆਂ ਸਤਵੰਤ ਸਿੰਘ ਜਜ਼ਬਾਤੀ ਹੋ ਗਿਆ।

ਬੇਅੰਤ ਸਿੰਘ ਸਮਝ ਗਿਆ ਕਿ ਤੀਰ ਸਿੱਧੇ ਨਿਸ਼ਾਨੇ ਉੱਪਰ ਲੱਗਿਆ ਹੈ ਹੁਣ ਜ਼ਰੂਰ ਮੰਜ਼ਿਲ ਸਰ ਹੋਵੇਗੀ।

ਬੇਅੰਤ ਸਿੰਘ-"ਸਤਵੰਤ ਸਿੰਘ ਮੈਡਮ (ਇੰਦਰਾ ਗਾਂਧੀ) ਨੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਅੰਮ੍ਰਿਤਸਰ ਅਤੇ ਹੋਰ ਬਹੁਤ ਸਾਰੇ ਗੁਰਧਾਮਾਂ ਨੂੰ ਟੈਂਕਾਂ ਤੋਪਾਂ ਨਾਲ ਉੱਡਾ ਦਿੱਤਾ ਹੈ। ਹਜ਼ਾਰਾਂ ਸਿੰਘ ਸਿੰਘਣੀਆਂ ਬੱਚਿਆਂ ਬੁੱਢਿਆਂ ਨੂੰ ਸ਼ਹੀਦ ਕਰ ਦਿੱਤਾ ਹੈ। ਮੈਡਮ ਨੇ ਸਿੱਖਾਂ ਸਿਰ ਭਾਜੀ ਚਾੜ੍ਹੀ ਆ। ਹੁਣ ਸਿੱਖ ਵੇਖੋ ਕਦੋਂ ਤੇ ਕਿਵੇਂ ਭਾਜੀ ਮੋੜ ਕੇ ਆਪਣੀ ਕੌਮ ਨੂੰ ਸੁਰਖਰੂ ਕਰਾਉਂਦੇ ਆ।"

ਸਤਵੰਤ ਸਿੰਘ- "ਭਾ ਜੀ ਬੇਅੰਤ ਸਿੰਘ ਜੀ, ਸਿੱਖੀ ਸਿਰ ਮੰਗਦੀ ਆ ਤੇ ਸਿਰ ਦਿੱਤਿਆਂ ਬਿਨਾਂ ਹਿੰਦ ਸਰਕਾਰ ਦੀ ਭਾਜੀ ਸਿੱਖਾਂ ਸਿਰੋਂ ਲਹਿਣੀ ਨਹੀ।"

ਬੇਅੰਤ ਸਿੰਘ- "ਮੇਰੇ ਫੁੱਫੜ ਸ੍ਰ. ਕਿਹਰ ਸਿੰਘ ਵੀ ਇਸੇ ਗੱਲ ਤੇ ਜ਼ੋਰ ਦਿੰਦੇ ਆ।"

ਸਿਰ ਦੇਣਾ ਤੇ ਰੱਖਣੀ ਸਿੱਖੀ, ਸੌਦਾ ਇੱਕੋ ਜਿਹਾ।

ਸਤਵੰਤ ਸਿੰਘ- "ਭਾ ਜੀ, ਘੱਲੂਘਾਰੇ ਤੋਂ ਬਾਅਦ ਤੁਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦਰਸ਼ਨ ਕਰਨ ਗਏ ਹੋ ਜਾਂ ਨਹੀਂ?"

ਬੇਅੰਤ ਸਿੰਘ- "ਸਤਵੰਤ ਸਿੰਘ, ਮੈਂ ਤਾਂ ਉਸ ਤੋਂ ਪਿਛੋਂ ਪੰਜਾਬ ਹੀ ਨਹੀਂ ਗਿਆ। ਅੰਮ੍ਰਿਤਸਰ ਕਾਹਦਾ ਜਾਣਾ ਸੀ। ਪਰ ਹੁਣ ਸੁਣਨ ਵਿੱਚ ਆਉਂਦਾ ਮੈਡਮ ਨੇ ਤਾਂ 15 ਸਾਲ ਤੋਂ 50 ਸਾਲ ਤੱਕ ਦੇ ਪੰਜਾਬ ਵਿੱਚ ਸਾਰੇ ਸਿੱਖਾਂ ਨੂੰ ਗੋਲੀਆਂ ਮਾਰ ਕੇ ਖਤਮ ਕਰਨ ਦਾ ਹੁਕਮ ਫੌਜ ਨੂੰ ਭੇਜ ਦਿੱਤਾ ਸੀ। ਜਦੋਂ ਧਰਮੀ ਫੌਜੀਆਂ ਹਥਿਆਰ ਚੁੱਕ ਲਏ ਤੇ ਬੈਰਕਾਂ ਛੱਡ ਕੇ ਅੰਮ੍ਰਿਤਸਰ ਨੂੰ ਚੱਲ ਪਏ ਤਾਂ ਫੌਜ ਦੀ ਬਗਾਵਤ ਵੇਖ ਕੇ ਮੈਡਮ ਨੂੰ ਹੁਕਮ ਵਾਪਸ ਲੈਣੇ ਪਏ। ਜੇ ਧਰਮੀ ਫੌਜੀ ਬਗਾਵਤ ਨਾ ਕਰਦੇ ਤਾਂ ਮੈਡਮ ਨੇ ਪੰਜਾਬ ਵਿਚੋਂ ਸਿੱਖਾਂ ਦਾ ਸਫਾਇਆ ਕਰ ਦੇਣਾ ਸੀ।"

ਸਤਵੰਤ ਸਿੰਘ-ਭਾ ਜੀ, ਸਿੱਖਾਂ ਨੂੰ ਖਤਮ ਕਰਨ ਦੀ ਸਰਕਾਰ ਦੀ (ਮੈਡਮ) ਦੀ ਨੀਤੀ ਦਾ ਖਤਰਾ ਅਜੇ ਵੀ ਸਿੱਖਾਂ ਦੇ ਸਿਰੋਂ ਟਲਿਆ ਨਹੀਂ। ਹੁਣ ਵੀ ਕੁਝ ਸੂਝਵਾਨ ਲੋਕਾਂ ਦੀ ਰਾਇ ਹੈ ਕਿ ਮੈਡਮ ਪਾਕਿਸਤਾਨ ਨਾਲ ਜੰਗ ਲਾ ਕੇ ਪੰਜਾਬ ਅੰਦਰ ਸਿੱਖ ਕੌਮ ਦਾ ਸਫਾਇਆ ਕਰਨ ਦੀ ਤਿਆਰੀ ਵਿੱਚ ਹੈ। ਬਹਾਨਾ ਬਣਾਇਆ ਜਾ ਰਿਹਾ ਹੈ ਕਿ ਪਾਕਿਸਤਾਨ ਅੱਤਵਾਦੀਆਂ ਦੀ ਮਦਦ ਕਰ ਰਿਹਾ ਹੈ। ਭਾਰਤ ਦੇ ਟੁਕੜੇ ਕਰਨਾ ਚਾਹੁੰਦਾ ਹੈ। ਸ਼ਹਿਰਾਂ ਨਾਲੋ ਪੇਂਡੂ ਲੋਕਾਂ ਦੇ ਵਿਚਾਰਾਂ ਵਿੱਚ ਸਚਾਈ ਜ਼ਿਆਦਾ ਹੁੰਦੀ ਹੈ। ਇਹ ਸਾਰੀਆਂ ਗੱਲਾਂ ਭਲਵਾਨੀ ਵਾਲੇ ਅਖਾੜੇ ਵਿੱਚ ਪੰਜਾਬ ਤੋਂ ਹੋ ਕੇ ਆਏ ਪੰਜਾਬੀ ਭਲਵਾਨ ਕਰਦੇ ਸੀ। ਆਪਣੇ ਵਾਲੇ ਰੋਣੇ ਉੱਥੇ ਸਾਰੀ ਦਿਹਾੜੀ ਰੋਏ ਜਾਂਦੇ ਆ। ਹਰਿਮੰਦਰ ਸਾਹਿਬ ਤੇ ਹਮਲਾ ਕਰਕੇ ਮੈਡਮ ਨੇ ਚੰਗਾ ਨਹੀਂ ਕੀਤਾ। ਸੁੱਖਾ ਸਿੰਘ, ਮਹਿਤਾਬ ਸਿੰਘ ਜ਼ਰੂਰ ਪੈਦਾ ਹੋਣਗੇ। ਸਿੱਖਾਂ ਦੇ ਸਿਰ ਚੜ੍ਹੀ ਭਾਜੀ ਲੱਥੂ। ਸਿੱਖ ਹਮੇਸ਼ਾ ਬਦਲਾ ਲੈਂਦੇ ਆਏ ਨੇ, ਹੁਣ ਵੀ ਲੈਣਗੇ।

ਬੇਅੰਤ ਸਿੰਘ- ਬਾਈ ਗੱਲਾਂ ਤੇਰੀਆਂ ਸਾਰੀਆਂ ਸੱਚੀਆਂ ਹਨ। ਇਹਨਾਂ ਵਿੱਚ ਕੋਈ ਝੂਠ ਨਹੀਂ। ਫੁੱਫੜ ਕਿਹਰ ਸਿੰਘ ਅੰਮ੍ਰਿਤਸਰ ਜਾਣ ਦੀ ਤਿਆਰੀ 'ਚ ਹੈ। ਮੈਨੂੰ ਕਹਿੰਦਾ ਸੀ ਬੇਅੰਤ ਸਿੰਘ ਛੁੱਟੀ ਲੈ ਲਾ ਤੂੰ ਵੀ। ਨਾਲੇ ਪਿੰਡ ਤੋਂ ਹੋ ਆਵਾਂਗੇ ਨਾਲੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰ ਆਵਾਂਗੇ। ਨਾਲੇ ਵੇਖਾਂਗੇ ਕੀ ਸੱਚ ਹੈ ਤੇ ਝੂਠ ਕੀ ਹੈ?

ਸਤਵੰਤ ਸਿੰਘ- ਭਾ ਜੀ, ਮੈਂ ਵੀ ਕੋਸ਼ਿਸ ਕਰਦਾ ਹਾਂ, ਜੇ ਛੁੱਟੀ

ਮਿਲ ਜਾਵੇ, ਫਿਰ ਮੈਂ ਵੀ ਤੁਹਾਡੇ ਨਾਲ ਹੀ ਚੱਲਾਂਗਾ। ਅੱਗੇ ਜੋ ਵਾਹਿਗੁਰੂ ਨੂੰ ਮਨਜ਼ੂਰ ਹੋਵੇ।

ਬੇਅੰਤ ਸਿੰਘ- ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਅਕਸਰ ਕਹਿੰਦੇ ਸੀ "ਸਿਰ ਦਿੱਤਿਆਂ ਬਾਜ ਨਹੀਂ ਰਹਿਣਾ ਧਰਮ, ਸਿਰ ਦਿੱਤਿਆਂ ਬਾਜ ਨਹੀਂ ਰਹਿਣਾ।"

ਸਤਵੰਤ ਸਿੰਘ- ਭਾ ਜੀ, ਸਿਰ ਦਿੱਤਿਆਂ ਜੇ ਧਰਮ ਰਹਿੰਦਾ ਹੈ ਤਾਂ ਇਸ ਪਵਿੱਤਰ ਕਾਜ (ਕੰਮ) ਲਈ ਮੈਨੂੰ ਸਾਥ ਦੀ ਲੋੜ ਹੈ। ਮੈਂ ਤਾਂ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਬੇਅਦਬੀ ਅਤੇ ਹਜ਼ਾਰਾਂ ਸਿੰਘਾਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਇੱਕ ਵਾਰ ਕੀ ਅਨੇਕਾਂ ਵਾਰ ਜਨਮ ਲੈ ਕੇ ਇੰਦਰਾ ਗਾਂਧੀ ਵਰਗੇ ਜ਼ਾਲਮਾਂ ਨੂੰ ਸੋਧਣ ਲਈ ਆਪਣੀ ਜਾਨ ਕੁਰਬਾਨ ਕਰ ਸਕਦਾ ਹਾਂ।

ਸਤਵੰਤ ਸਿੰਘ ਨੇ ਗੁੱਸੇ ਤੇ ਜੋਸ਼ ਵਿੱਚ ਪੂਰੇ ਆਤਮ ਵਿਸ਼ਵਾਸ਼ ਨਾਲ ਸ. ਬੇਅੰਤ ਸਿੰਘ ਨੂੰ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਦਾ ਭਰੋਸਾ ਦਿੱਤਾ। ਸਤਵੰਤ ਸਿੰਘ ਦੀ ਦ੍ਰਿੜ੍ਹਤਾ ਵੇਖ ਬੇਅੰਤ ਸਿੰਘ ਦਾ ਚਿਹਰਾ ਲਾਲ ਹੋ ਗਿਆ। ਉਸ ਨੂੰ ਸਿੱਖ ਕੌਮ ਦੀ ਖਾਤਰ ਜੂਝਣ ਵਾਲਾ ਸਾਥੀ ਮਿਲ ਗਿਆ।

20 ਅਕਤੂਬਰ 1984 ਸ੍ਰ. ਬੇਅੰਤ ਸਿੰਘ, ਸਤਵੰਤ ਸਿੰਘ, ਸ੍ਰ. ਕਿਹਰ ਸਿੰਘ ਦਿੱਲੀ ਤੋਂ ਛੁੱਟੀ ਲੈ ਕੇ ਅੰਮ੍ਰਿਤਸਰ ਪਹੁੰਚ ਗਏ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕੀਤੇ। ਭਾਰਤੀ ਫੌਜ ਦੀਆਂ ਗੋਲੀਆਂ ਨਾਲ ਛੱਲਣੀ ਹੋਇਆ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਗੁਰੂ ਰਾਮਦਾਸ ਸਰਾਂ, ਸ੍ਰੀ ਗੁਰੂ ਨਾਨਕ ਨਿਵਾਸ ਜਿਥੇ ਸਿੱਖ ਸ਼ਰਧਾਲੂਆਂ ਨੂੰ ਤਸੀਹੇ ਦੇ ਕੇ ਮਾਰਿਆ ਗਿਆ, ਅੱਗ ਨਾਲ ਸੜੇ ਹੋਏ ਸ਼ਰਧਾਲੂਆਂ ਦੇ ਟਰੱਕ, ਬੱਸਾਂ ਗੁਰੂ ਨਾਨਕ ਨਿਵਾਸ ਦੇ ਸਾਹਮਣੇ ਖੜੇ ਆਪਣੀ ਦਾਸਤਾਨ ਆਪ ਦੱਸ ਰਹੇ ਸਨ। ਟੈਂਕਾਂ ਨਾਲ ਦਰੜੀਆਂ ਪਰਕਰਮਾਂ ਦਰਸ਼ਨੀ ਡਿਉੜੀ ਵਿੱਚ ਤੋਪਾਂ, ਟੈਂਕਾਂ ਦੇ ਗੋਲਿਆਂ ਨਾਲ ਹੋਏ ਮਘੋਰੇ, ਬੁਰੀ ਤਰ੍ਹਾਂ ਪ੍ਰਭਾਵਤ ਰਾਮਗੜ੍ਹੀਆ ਬੁੰਗੇ, ਫੌਜੀ ਹਮਲੇ ਦੀ ਕਹਾਣੀ ਸੁਣਾ ਰਹੇ ਸਨ। ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ 'ਚ ਢੱਠੀਆਂ ਇਮਾਰਤਾਂ, ਪਰਕਰਮਾਂ ਦੇ ਕਮਰਿਆਂ ਵਿੱਚ ਜਿਊਂਦੇ ਸਾੜੇ ਗਏ ਸ਼ਰਧਾਲੂਆਂ ਦੇ ਸਰੀਰਾਂ ਦੀ ਢਲੀ ਚਰਬੀ ਨਾਲ ਬਣੇ ਮਨੁੱਖੀ ਕਲਬੂਤ ਇੰਦਰਾ ਗਾਂਧੀ ਦੇ ਹੁਕਮਾਂ ਉੱਤੇ ਫੌਜ ਵੱਲੋਂ ਕੀਤੇ ਵਹਿਸ਼ੀਆਨਾ ਜ਼ੁਲਮਾਂ ਦਾ ਨੰਗਾ ਚਿੱਠਾ ਬਿਆਨਣ ਤੋਂ ਪਿਛਾਂਹ ਨਾ ਹਟੇ। ਸ੍ਰ. ਕਿਹਰ ਸਿੰਘ ਮੁਸਤਫਾਬਾਦ, ਸ੍ਰ. ਬੇਅੰਤ ਸਿੰਘ ਮਲੋਆ, ਸ੍ਰ. ਸਤਵੰਤ ਸਿੰਘ ਅਗਵਾਨ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ

ਖੁਲ੍ਹੇ ਅਸਥਾਨ ਤੇ ਸ੍ਰੀ ਅਕਾਲ ਤਖਤ ਦੇ ਸਨਮੁੱਖ ਖਲੋ, ਅੱਖਾਂ ਬੰਦ ਕਰ ਕੇ ਕਾਫੀ ਚਿਰ ਚੁੱਪ-ਚਾਪ ਖੜੇ ਰਹੇ। ਅਜੇ ਵੀ ਅੱਖਾਂ 'ਚੋਂ ਪਾਣੀ ਵਹਿ ਰਿਹਾ ਸੀ। ਹੱਥ ਜੁੜੇ ਹੋਏ ਸਨ "ਹੇ ਸੱਚੇ ਪਾਤਿਸ਼ਾਹ ਵਾਹਿਗੁਰੂ, ਉੱਦਮ ਤੇ ਬਲ ਬਖਸ਼ੋ, ਤੇਰੇ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਦੀ ਬੇਅਦਬੀ ਤੇ ਹਜ਼ਾਰਾਂ ਬੇਦੋਸ਼ੇ ਸਿੱਖਾਂ ਦੇ ਕਤਲੇਆਮ ਦਾ ਬਦਲਾ ਲੈ ਸਕੀਏ। ਹੋਈ ਬੀਤੀ ਵੇਖ ਕਿੰਨਾ ਹੀ ਚਿਰ ਕੋਈ ਵੀ ਆਪਸ ਵਿੱਚ ਨਾ ਬੋਲਿਆ ਤੇ ਸ੍ਰ. ਕਿਹਰ ਸਿੰਘ, ਆਪਣੇ ਪਿੰਡ ਮੁਸਤਫਾਬਾਦ, ਸ੍ਰ. ਬੇਅੰਤ ਸਿੰਘ ਪਿੰਡ ਮਲੋਆ ਅਤੇ ਸ੍ਰ. ਸਤਵੰਤ ਸਿੰਘ ਪਿੰਡ ਅਗਵਾਨ ਖੁਰਦ ਪਹੁੰਚ ਗਏ।

4

ਜੂਨ 1984 ਦੀ ਫੌਜੀ ਕਾਰਵਾਈ ਤੋਂ ਬਾਅਦ ਸਿੱਖ ਸਿਪਾਹੀਆਂ ਨੂੰ ਸ਼ੱਕੀ ਨਿਗ੍ਹਾ ਨਾਲ ਵੇਖਿਆ ਜਾਦਾ ਸੀ। ਚਾਹੇ ਉਹ ਫੌਜ ਵਿੱਚ ਸੀ ਜਾਂ ਕਿਸੇ ਹੋਰ ਫੋਰਸ ਵਿੱਚ। ਸਮੇਂ ਦੀ ਚਾਲ ਭਾਂਪਦਿਆਂ ਸਤਵੰਤ ਸਿੰਘ ਨੇ ਵੀ ਆਪਣੇ ਕੇਸ ਕਟਾ ਦਿੱਤੇ ਤਾਂ ਕਿ ਸੁਰੱਖਿਆ ਅਧਿਕਾਰੀ ਉਸਨੂੰ ਕੱਚਾ ਪਿੱਲਾ ਸਿੱਖ ਹੀ ਸਮਝਣ ਤੇ ਉਹ ਆਪਣੇ ਮਿਸ਼ਨ ਨੂੰ ਅੰਜਾਮ ਦੇਣ ਵਿੱਚ ਸਫਲ ਹੋ ਸਕੇ। ਛੁੱਟੀ ਕੱਟਣ ਲਈ ਆਪਣੇ ਪਿੰਡ ਪਹੁੰਚੇ ਸਤਵੰਤ ਸਿੰਘ ਨੇ ਮਾਤਾ ਨੂੰ ਮੱਥਾ ਟੇਕਿਆ, ਵੱਡੀ ਭਾਬੀ ਜਸਬੀਰ ਕੌਰ ਨੂੰ ਮੱਥਾ ਟੇਕਿਆ। ਭਰਾਵਾਂ ਗੁਰਨਾਮ ਸਿੰਘ, ਵਰਿਆਮ ਸਿੰਘ ਤੇ ਛੋਟੇ ਵੀਰ ਸਰਵਣ ਸਿੰਘ ਨੂੰ ਜੱਫੀਆਂ ਪਾ ਕੇ ਮਿਲਿਆ, ਭੈਣਾਂ ਬਲਜੀਤ ਕੌਰ ਤੇ ਰਣਜੀਤ ਕੌਰ ਨੂੰ ਮਿਲਿਆ। ਇਤਨੇ ਨੂੰ ਬਾਪੂ ਤਰਲੋਕ ਸਿੰਘ ਸ਼ਹਿਰੋਂ ਆ ਪਹੁੰਚਿਆ। ਸਤਵੰਤ ਸਿੰਘ ਨੇ ਪਿਤਾ ਦੇ ਗੋਡੀਂ ਹੱਥ ਲਾਇਆ। ਪਿਤਾ ਨੇ ਪਿੱਠ ਤੇ ਪਿਆਰ ਦਿੱਤਾ, ਗਲ ਨਾਲ ਲਾਇਆ ਸੁੱਖ ਸਾਂਦ ਪੁੱਛੀ ਅਤੇ ਮੰਜੇ ਤੇ ਬੈਠ ਗਿਆ।

ਸਤਵੰਤ ਸਿੰਘ ਨੇ ਵੱਡੇ ਭਰਾ ਵਰਿਆਮ ਸਿੰਘ ਨੂੰ (ਜੋ ਫੌਜ ਵਿੱਚ ਹੈ) ਪੁੱਛਿਆ ਵੀਰ ਤੂੰ ਕਦੋਂ ਦਾ ਆਇਆ। ਵਰਿਆਮ ਸਿੰਘ ਨੇ ਕਿਹਾ "ਸਤਵੰਤ ਮੈਂ ਤਾਂ 20-25 ਦਿਨਾਂ ਦਾ ਆਇਆ ਹੋਇਆ ਥੋੜੇ ਦਿਨ ਹੋਏ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਗਿਆ ਸੀ। ਨਾਲੇ ਇਸ਼ਨਾਨ ਕਰਕੇ ਪਰਕਰਮਾ ਕਰਕੇ ਆਇਆਂ। ਸਤਵੰਤ ਸਿੰਘ ਨੇ ਕਿਹਾ ਵੀਰ ਮੈਥੋਂ ਤਾਂ ਪਰਕਰਮਾ ਹੋਈਆਂ ਹੀ ਨਹੀਂ ਤੂੰ ਕਿਵੇਂ ਕਰ ਆਇਆ? ਵਰਿਆਮ ਸਿੰਘ ਸਤਵੰਤ ਸਿੰਘ ਦੀ ਰਮਜ਼ ਨੂੰ ਨਾ ਸਮਝ ਸਕਿਆ। ਸਤਵੰਤ ਸਿੰਘ, ਪਿਤਾ ਜੀ ਤੇ ਹੋਰ ਸਾਰੇ ਪਰਿਵਾਰ ਨਾਲ ਬੈਠਾ ਹੋਇਆ ਸੀ। ਸਾਰਾ ਪਰਿਵਾਰ ਖੁਸ਼ੀ-ਖੁਸ਼ੀ ਗੱਲਾਂ ਬਾਤਾਂ ਕਰ ਰਿਹਾ ਸੀ। ਕੱਤਕ ਮਹੀਨੇ ਦੇ ਦਿਨ ਮਕਾਨਾਂ ਤੇ ਬਰਾਂਡੇ ਦਾ ਪਹਾੜ ਉੱਤਰ ਦਿਸ਼ਾ ਨੂੰ ਮੂੰਹ ਹੋਣ ਕਰਕੇ ਪ੍ਰਛਾਵਾਂ ਵਾਹਵਾ ਢਲ ਆਇਆ ਸੀ। ਜਸਬੀਰ ਕੌਰ ਨੇ ਸਤਵੰਤ ਸਿੰਘ ਨੂੰ ਗਲਾਸ ਤੇ ਦੁੱਧ ਦਾ ਜੱਗ ਲਿਆ ਦਿੱਤਾ ਸੀ। ਉਹ ਜਾਣਦੀ ਸੀ ਕਿ ਸਤਵੰਤ ਦੁੱਧ ਪੀਣਾ ਜ਼ਿਆਦਾ ਪਸੰਦ ਕਰਦਾ ਹੈ। ਸਤਵੰਤ ਸਿੰਘ ਨੇ

ਦੁੱਧ ਪੀ ਕੇ ਸਿਰ ਉੱਤੋਂ ਪੱਗ ਲਾਹ ਕੇ ਪਾਸੇ ਰੱਖ ਦਿੱਤੀ ਤੇ ਮੰਜੇ 'ਤੇ ਲੰਮਾ ਪੈਣ ਲੱਗਾ। ਜਦੋਂ ਸਤਵੰਤ ਸਿੰਘ ਨੂੰ ਨੰਗੇ ਸਿਰ, ਸਿਰ ਦੇ ਵਾਲ ਕਟਾਏ ਹੋਏ ਨੂੰ ਦੇਖਿਆ ਤਾਂ ਬਾਪੂ ਨੇ ਗਿਲਾ ਕੀਤਾ "ਉਏ ਸਤਵੰਤ ਇਹ ਕੀ ਕਰਤਾ ਉਏ, ਤੂੰ ਸਿੱਖੀ ਨੂੰ ਲਾਜ ਲਾ ਦਿੱਤੀ, ਕਮਲਿਆ ਕਦੇ ਸਿੱਖਾਂ ਦੇ ਪੁੱਤਾਂ ਵੀ ਸਿਰ ਮੁਨਾਏ ਆ ਤੂੰ ਸਿੱਖ ਦਾ ਪੁੱਤ ਏਂ, ਸਿੱਖੀ ਬਾਰੇ ਕੁਝ ਵੀ ਨਹੀਂ ਸੋਚਿਆ।" ਪਿਤਾ ਜੀ ਦੀਆਂ ਝਿੜਕਾਂ ਲੈ ਕੇ ਸਤਵੰਤ ਨੇ ਬੜੇ ਠਰੰਮੇ ਨਾਲ ਕਿਹਾ "ਭਾਪਾ, ਮੈਨੂੰ ਝਿੜਕਾਂ ਨਾ ਦੇ, ਮੈਂ ਪੂਰਾ ਸਿੱਖ ਹਾਂ ਤੇ ਤੈਨੂੰ ਪੂਰਾ ਸਿੱਖ ਬਣ ਕੇ ਵੀ ਵਿਖਾਵਾਂਗਾ, ਭਾਪਾ ਤੂੰ ਆਪੇ ਤਾਂ ਕਹਿੰਦਾ ਸੀ ਸਤਵੰਤ ਜਿੰਨੀ ਤੂੰ ਖੁਰਾਕ ਖਾਂਦਾ ਮਿਹਨਤ ਕਰਿਆ ਕਰ ਸਰੀਰ 'ਚ ਹੋਰ ਜਾਨ ਪਊ। ਭਾਪਾ ਤੇਰੇ ਕਹਿਣ ਤੇ ਮੈ ਦਿੱਲੀ ਗੁਰੂ ਹਨੂੰਮਾਨ ਦੇ ਅਖਾੜੇ 'ਚ ਭਲਵਾਨੀ ਸਿੱਖਣ ਲੱਗਿਆਂ। ਜਦੋਂ ਅਖਾੜੇ 'ਚ ਸਾਡਾ ਜੋਰ ਹੁੰਦਾ ਤਾਂ ਭਲਵਾਨ ਧੌਲਾਂ ਮਾਰ ਮਾਰ ਕੇ, ਮਿੱਟੀ 'ਚ ਗੁੱਦ-ਗੁੱਦ ਕੇ ਮੇਰੇ ਕੇਸਾਂ ਦਾ ਬੁਰਾ ਹਾਲ ਕਰ ਦਿੰਦੇ। ਦੂਜੇ ਸਾਰੇ ਪੰਜਾਬੀ ਵੀ ਨੇ ਤੇ ਸਿੱਖ ਵੀ ਕਰਤਾਰ ਸਿੰਘ ਤੇ ਗੁਰਮਿੰਦਰ ਸਿੰਘ ਨੇ ਵੀ ਕੇਸ ਕਟਾਏ ਆ। ਉਹ ਵੀ ਤੜਕੇ ਉੱਠ ਕੇ ਗੁਰਬਾਣੀ ਦਾ ਨਿਤਨੇਮ ਕਰਦੇ ਆ, ਗੁਰਦਆਰੇ ਮੱਥਾ ਟੇਕਣ ਵੀ ਜਾਂਦੇ ਹਨ। ਭਾਪਾ ਕੇਸ ਕਟਾਉਣੇ ਤਾਂ ਭਲਵਾਨਾਂ ਦੀ ਮਜਬੂਰੀ ਹੋ ਜਾਂਦੀ ਆ, ਬਾਕੀ ਹਾਂ ਮੈਂ ਪੂਰਾ ਸਿੱਖ ਈ।" ਇਸੇ ਤਰ੍ਹਾਂ ਪਰਿਵਾਰ 'ਚ ਦਿਨ ਕੱਟਦੇ ਰਹੇ, ਕਦੇ ਖੇਤਾਂ 'ਚ ਕਦੀ ਘਰੇ ਤੇ ਕਦੇ ਭਤੀਜੇ, ਭਤੀਜੀਆਂ 'ਚ। ਪਤਾ ਹੀ ਨਹੀ ਲੱਗਾ ਸਮਾਂ ਕਿਵੇਂ ਬੀਤ ਗਿਆ। ਆਖਿਰ ਇੱਕ ਦਿਨ ਬਾਪੂ ਤਰਲੋਕ ਸਿੰਘ ਨੇ ਆਪਣੇ ਦਿਲ ਦੀ ਗੱਲ ਖੋਲ੍ਹੀ।

ਬਾਪੂ ਤਰਲੋਕ ਸਿੰਘ- "ਸਤਵੰਤ ਹੁਣ ਤਾਂ ਰੁੱਤ ਵੀ ਮਿੱਠੀ ਜਿਹੀ ਆ, ਤੇਰੇ ਵਿਆਹ ਦੇ ਦਿਨ ਪੱਕੇ ਕਰ ਲਈਏ। ਵਿਰਸਾ ਸਿੰਘ ਮਿਲਿਆ ਸੀ ਕਹਿੰਦਾ ਸੀ, ਵਿਆਹ ਲੈ ਲਊ, ਲਾਰੇ ਈ ਲਾਈ ਜਾਂਦੇ ਜੇ। ਮੈ ਕਿਹਾ ਭਾਈਆ ਹੁਣ ਜਦੋਂ ਸਤਵੰਤ ਨੂੰ ਛੁੱਟੀ ਮਿਲੀ ਤਾਂ ਵਿਆਹ ਕਰ ਲਵਾਂਗੇ। ਸਾਨੂੰ ਵੀ ਫਿਕਰ ਆ ਜਿਹੜਾ ਕੰਮ ਹੋ ਜਾਵੇ ਉਹਦੇ ਨਾਲ ਦੀ ਰੀਸ ਨਹੀਂ।" "ਭਾਪਾ, ਇਕ ਤਾਂ ਛੁੱਟੀ ਥੋੜੇ ਦਿਨਾਂ ਦੀ ਮਿਲੀ ਆ ਦੁਬਾਰਾ ਲੰਬੀ ਛੁੱਟੀ ਲੈ ਕੇ ਆਵਾਂਗਾ। ਪਰ ਭਾਪਾ ਜੀ ਮੈਨੂੰ ਇੱਕ ਵਾਰੀ ਸੁਰਿੰਦਰ ਨਾਲ ਜਰੂਰ ਮਿਲਾ ਦੇ।"

ਬਾਪੂ ਤਰਲੋਕ ਸਿੰਘ ਕਹਿੰਦਾ-ਸਤਵੰਤ ਵਿਆਹ ਤੋਂ ਟਾਲ ਮਟੋਲ ਕਰੀ ਜਾਨੈ ਤੇ ਆਖਦਾ ਮੈਨੂੰ ਸੁਰਿੰਦਰ ਕੌਰ ਨਾਲ ਮਿਲਾ ਦੇ, ਹਾਂ ਕਰ ਇੱਕ ਵਾਰ ਆਪਾਂ ਭਲਕੇ ਪਰਸੋਂ ਇੱਕ-ਦੋ ਦਿਨਾਂ ਵਿੱਚ ਹੀ 5 ਬੰਦੇ ਜਾ ਕੇ ਸੁਰਿੰਦਰ ਨੂੰ ਵਿਆਹ ਲਿਆਈਏ।

ਸਤਵੰਤ ਸਿੰਘ-"ਭਾਪਾ ਜੀ, ਇੱਕ ਵਾਰੀ ਤਾਂ ਮਿਲਾ ਦੇ ਸੁਰਿੰਦਰ ਨੂੰ ਫਿਰ ਨਹੀਂ ਆਖਦਾ ਤੈਨੂੰ।"

ਬਾਪੂ ਤਰਲੋਕ ਸਿੰਘ-"ਕੁੱਝ ਤਾਂ ਸ਼ਰਮ ਕਰ, ਵਿਆਹ ਦੇ ਜੱਟ ਸੁਨੇਹੇ ਭੇਜ ਰਿਹਾ ਆਪਾਂ ਹਾਂ ਨਹੀਂ ਕਰਦੇ। ਸੁਰਿੰਦਰ ਕੋਈ ਗੰਜੀ ਕਾਣੀ ਥੋੜੀ ਆ ਜਿਹੜੀ ਆਪਾਂ ਵੇਖਣੀ ਆ। ਤੂੰ ਛੁੱਟੀ ਲੈ ਕੇ ਜਿੱਦਣ ਆ ਗਿਆ ਉਦਣ ਹੀ ਵਿਆਹ ਲਿਆਵਾਂਗੇ। ਗੱਲ ਜਿਹੜੀ ਫੱਬਦੀ ਆ ਉਹੀ ਕਰੀਦੀ ਹੁੰਦੀ ਐਵੇਂ ਜੱਬਲੀਆਂ ਨਹੀਂ ਮਾਰੀਦੀਆਂ।" ਅੱਗੋਂ ਸਤਵੰਤ ਸਿੰਘ ਕਹਿੰਦਾ "ਭਾਪਾ ਜੀ, ਮਰਜੀ ਤੇਰੀ। ਮੈਂ ਵੀਰ ਤੇ ਭਾਬੀ ਨੂੰ ਕਹਿੰਦਾ।" "ਨਾਲੇ ਤੇਰੀ ਚਲਦੀ ਆ ਭਰਾ ਭਰਜਾਈ ਕੋਲ ਮੈਨੂੰ ਕਿਉ ਪੁੱਛਦਾ ਕਾਕੇ"। ਬਾਪੂ ਖਿੜ ਖਿੜਾ ਕੇ ਹੱਸਿਆ। ਸਤਵੰਤ ਸਿੰਘ ਨੇ ਵੱਡੇ ਭਰਾ ਗੁਰਨਾਮ ਸਿੰਘ ਨੂੰ ਕਿਹਾ "ਵੀਰ ਜੀ ਮੈਨੂੰ ਇੱਕ ਵਾਰ ਸੁਰਿੰਦਰ ਨਾਲ ਜਰੂਰ ਮਿਲਾ ਦੇ, ਭਾਪਾ ਜੀ ਨੂੰ ਆਖਿਆ ਉਹ ਤਾਂ ਟਾਲ ਮਟੋਲ ਕਰੀ ਜਾਂਦਾ।"

ਗੁਰਨਾਮ ਸਿੰਘ-"ਫਿਕਰ ਨਾ ਕਰ, ਮੈਂ ਤੇਰੀ ਭਾਬੀ ਨਾਲ ਗੱਲ ਕਰਦਾਂ।"

ਸਤਵੰਤ ਸਿੰਘ- "ਵੀਰ ਜੀ, ਕੱਲ ਸਵੇਰ ਤੱਕ ਇਹ ਕੰਮ ਹੋਣਾ ਜਰੂਰੀ ਹੈ।"

ਗੁਰਨਾਮ ਸਿੰਘ- "ਸਤਵੰਤ, ਤੂੰ ਫਿਕਰ ਨਾ ਕਰ, ਸਵੇਰੇ ਸੁਰਿੰਦਰ ਦੇ ਦਰਸ਼ਨ ਕਰਾ ਲਿਆਊਂ।"

ਗੁਰਨਾਮ ਸਿੰਘ ਨੇ ਆਪਣੀ ਪਤਨੀ ਜਸਬੀਰ ਕੌਰ ਨਾਲ ਸਲਾਹ ਕੀਤੀ "ਸਤਵੰਤ, ਸੁਰਿੰਦਰ ਨੂੰ ਮਿਲਣ ਦੀ ਜਿੱਦ ਕਰਦਾ। ਕੱਲ ਨੂੰ ਸੁਰਿੰਦਰ ਤੇ ਉਸਦੀ ਮਾਂ ਨੂੰ ਤੂੰ ਜਾ ਕੇ ਸਮਾਧਾਂ ਬਾਬਾ ਬੁੱਢਾ ਜੀ ਲੈ ਆਈਂ ਅਸੀ ਉੱਥੇ ਬੈਠਾਂਗੇ"।

ਜਸਬੀਰ ਕੌਰ-"ਜੀ ਚੰਗਾ, ਆਪਾਂ ਸਵੇਰੇ ਸਤਵੰਤ ਨੂੰ ਨਾਲ ਹੀ ਲੈ ਜਾਵਾਂਗੇ ਤੇ ਗੁਰਦੁਆਰੇ ਛੱਡ ਜਾਵਾਂਗੇ। ਸੁਰਿੰਦਰ ਤੇ ਮਾਸੀ ਨੂੰ ਜਾ ਕੇ ਲੈ ਆਵਾਂਗੇ ਨੇੜੇ ਹੀ ਤਾਂ ਹੈ ਜੱਟਾਂ ਕਿਹੜਾ ਦੂਰ ਹੈ।"

ਗੁਰਨਾਮ ਸਿੰਘ-"ਮਾਸੜ ਹੁਰੀਂ ਭੇਜ ਦੇਣਗੇ ਸੁਰਿੰਦਰ ਨੂੰ, ਨਾਲੇ ਸੁਰਿੰਦਰ ਮੰਨ ਜਾਵੇਗੀ?"

ਜਸਬੀਰ ਕੌਰ-"ਸੁਰਿੰਦਰ ਕਿਉਂ ਨਾ ਮੰਨੇਗੀ, ਉਹ ਮੇਰੀ ਭੈਣ ਘੱਟ ਤੇ ਸਹੇਲੀ ਜਿਆਦਾ ਆ। ਫਿਰ ਭਲਾ ਮੇਰੀ ਗੱਲ ਕਿਉਂ ਨਾ ਮੰਨੇਗੀ। ਤੇ ਨਾਲੇ ਦਿਉਰ ਦਾ ਆਖਾ ਮੈਂ ਵੀ ਨਹੀਂ ਮੋੜਨਾ ਕਿਉਂ ਸਤਵੰਤ ਵੀਰਿਆ.....?"

5

ਅਗਲੇ ਦਿਨ ਰੋਟੀ ਪਾਣੀ ਛੱਕ ਕੇ ਸਤਵੰਤ ਸਿੰਘ ਵੱਡਾ ਗੁਰਨਾਮ ਸਿੰਘ, ਭਰਜਾਈ ਜਸਬੀਰ ਕੌਰ ਸਕੂਟਰ 'ਤੇ ਸਵਾਰ ਹੋ ਕੇ ਗੁਰਦੁਆਰਾ ਬਾਬਾ ਬੁੱਢਾ ਸਾਹਿਬ ਰਮਦਾਸ ਪਹੁੰਚ ਗਏ। ਸਤਵੰਤ ਸਿੰਘ ਗੁਰਦੁਆਰਾ ਸਾਹਿਬ ਹੀ ਠਹਿਰਿਆ। ਗੁਰਨਾਮ ਸਿੰਘ, ਜਸਬੀਰ ਕੌਰ ਨਜਦੀਕ ਪਿੰਡ ਜੱਟਾਂ ਦੇ ਖੇਤਾਂ ਵਿੱਚ ਡੇਰੇ 'ਤੇ ਮਾਸੜ ਵਿਰਸਾ ਸਿੰਘ ਤੇ ਮਾਸੀ ਪ੍ਰੀਤਮ ਕੌਰ ਦੇ ਘਰ ਪਹੁੰਚ ਗਏ। ਜਸਬੀਰ ਕੌਰ ਨੇ ਮਾਸੀ ਤੇ ਮਾਸੜ ਨਾਲ ਗੱਲਬਾਤ ਕੀਤੀ ਕਿ ਸਤਵੰਤ ਜਿਦ ਕਰਦਾ ਕਿ ਇੱਕ ਵਾਰੀ ਸੁਰਿੰਦਰ ਨੂੰ ਮਿਲਣਾ। ਅਸੀਂ ਸਤਵੰਤ ਨੂੰ ਗੁਰਦੁਆਰਾ ਸਮਾਧਾਂ ਬਾਬਾ ਬੁੱਢਾ ਜੀ ਰਮਦਾਸ ਛੱਡ ਕੇ ਆਏ ਹਾਂ। ਤੁਸੀ ਸੁਰਿੰਦਰ ਨੂੰ ਲੈ ਕੇ ਸਾਡੇ ਨਾਲ ਚੱਲੋ।

ਮਾਸੜ ਸ੍ਰ. ਵਿਰਸਾ ਸਿੰਘ-ਪੁੱਤਰ ਤੁਸੀਂ ਸਤਵੰਤ ਸਿੰਘ ਨੂੰ ਸਿੱਧਾ ਘਰ ਹੀ ਲੈ ਆਉਂਦੇ ਆਪਣੀ ਘਰ ਦੀ ਹੀ ਗੱਲ ਆ। ਨਾਲੇ ਉਹ ਕੋਈ ਓਪਰਾ ਹੈ ਸਾਨੂੰ। ਫਿਰ ਵੀ ਮਾਸੀ ਪ੍ਰੀਤਮ ਕੌਰ ਤੇ ਸੁਰਿੰਦਰ ਕੌਰ ਤਿਆਰ ਹੋ ਕੇ ਗੁਰਦੁਆਰਾ ਸਮਾਧਾਂ ਬਾਬਾ ਬੁੱਢਾ ਜੀ ਰਮਦਾਸ ਪਹੁੰਚ ਗਈਆਂ। ਗੁਰਦੁਆਰਾ ਸਾਹਿਬ ਮੱਥਾ ਟੇਕਿਆ, ਇਸ਼ਨਾਨ ਕੀਤਾ ਅਤੇ ਨਿਸ਼ਾਨ ਸਾਹਿਬ ਦੁਆਲੇ ਪਰਿਕਰਮਾ ਕਰਨ ਲਗ ਪਈਆਂ। ਸਤਵੰਤ ਸਿੰਘ ਨੇ ਇਹ ਵੇਖ ਕੇ ਆਪਣੇ ਵੀਰ ਗੁਰਨਾਮ ਸਿੰਘ ਨੂੰ ਕਿਹਾ "ਵੀਰ ਜੀ ਇਹ ਕੀ ਕਰਦੀਆਂ ਪਈਆਂ ਨੇ ਨਿਸ਼ਾਨ ਸਾਹਿਬ ਦੁਆਲੇ ਈ ਗੇੜੇ ਕੱਢਣ ਲਗ ਪਈਆਂ।"

ਗੁਰਨਾਮ ਸਿੰਘ ਕਹਿੰਦਾ-ਯਾਰ ਚੁੱਪ ਕਰ ਐਵੇਂ ਨਹੀਂ ਬੋਲੀਦਾ। ਕੁਝ ਚਿਰ ਬਾਅਦ ਜਿੱਥੇ ਸਤਵੰਤ ਸਿੰਘ ਤੇ ਗੁਰਨਾਮ ਸਿੰਘ ਬੈਠੇ ਸੀ ਜਸਬੀਰ ਕੌਰ, ਸੁਰਿੰਦਰ ਕੌਰ ਤੇ ਮਾਤਾ ਪ੍ਰੀਤਮ ਕੌਰ ਵੀ ਆ ਗਈਆਂ। ਸਤਵੰਤ ਸਿੰਘ ਨੇ ਮਾਤਾ ਪ੍ਰੀਤਮ ਕੌਰ ਨੂੰ ਮੱਥਾ ਟੇਕਿਆ ਤੇ ਸੁਰਿੰਦਰ ਕੌਰ ਨੂੰ ਸਤਿ ਸ੍ਰੀ ਅਕਾਲ ਬੁਲਾਈ। ਅੱਗੋਂ ਸੁਰਿੰਦਰ ਕੌਰ ਨੇ ਵੀ ਸੰਗਦੇ-ਸੰਗਦੇ ਸਤਿ ਸ੍ਰੀ ਅਕਾਲ ਦਾ ਜੁਆਬ ਦਿੱਤਾ। ਪਰਿਵਾਰਕ ਸੁੱਖ ਸਾਂਦ ਪੁੱਛਣ ਬਾਅਦ

ਸੁਰਿੰਦਰ ਦੀ ਮਾਤਾ ਪ੍ਰੀਤਮ ਕੌਰ ਵਿਆਹ ਦੀ ਗੱਲ ਤੋਰਦੀ ਹੋਈ ਸਤਵੰਤ ਸਿੰਘ ਨੂੰ ਕਹਿਣ ਲੱਗੀ "ਸਤਵੰਤ ਸਿੰਘ ਵਿਆਹ ਕਦੋਂ ਦਾ ਪੱਕਾ ਕਰਨਾ, ਜੇ ਹਾੜ੍ਹੀ ਨੂੰ ਆਖੀਦਾ ਤਾਂ ਤੇਰਾ ਭਾਪਾ ਸਾਉਣੀ ਨੂੰ ਕਹਿੰਦਾ ਤੇ ਸਾਉਣੀ ਨੂੰ ਆਖੀਦਾ ਤੇ ਵਿਆਹ ਹਾੜ੍ਹੀ ਨੂੰ ਕਹਿੰਦਾ"। ਸਤਵੰਤ ਸਿੰਘ ਕਹਿਣ ਲੱਗਾ 'ਬੀਬੀ, ਆਪਾਂ ਵਿਆਹ ਲੋਕਾਂ ਵਾਂਗੂੰ ਮਾੜਾ ਮੋਟਾ ਨਹੀਂ ਕਰਨਾ। ਮੇਰਾ ਤੇ ਸੁਰਿੰਦਰ ਦਾ ਵਿਆਹ ਹੁੰਦਾ, ਦੁਨੀਆਂ ਵੇਖੇਗੀ ਦੁਨੀਆਂ।" "ਬੀਬੀ ਜੀ ਹੁਣ ਜਦੋਂ ਦੁਬਾਰਾ ਲੰਬੀ ਛੁੱਟੀ ਲੈ ਕੇ ਆਇਆ ਫਿਰ ਵਿਆਹ ਪੱਕਾ ਕਰ ਲਵਾਂਗੇ। ਹੁਣ ਮੈਂ ਇੱਕ ਕੋਰਸ ਕਰਨ ਲੱਗਾਂ, ਤੁਸੀਂ ਵਾਹਿਗੁਰੂ ਅੱਗੇ ਅਰਦਾਸ ਕਰੋ ਮੈਂ ਪਾਸ ਹੋ ਜਾਵਾਂ। ਮੇਰੇ ਕੋਰਸ ਵਿੱਚ ਸੁਰਿੰਦਰ ਦੇ ਵੀ ਪੇਪਰ ਹੋਣਗੇ। ਅਸੀ ਤਾਂ ਤੁਹਾਡਾ ਵਿਆਹ ਕਰਕੇ ਸੁਰਖਰੂ ਹੋ ਜਾਈਏ, ਫਿਰ ਤੁਸੀਂ ਜਿਹੜਾ ਮਰਜੀ ਕੋਰਸ ਕਰੀ ਜਾਇਉ। ਨਾ ਸਤਵੰਤ ਤੂੰ ਸਾਨੂੰ ਇੱਥੇ ਜੁ ਬੁਲਾਇਆ ਸਿੱਧਾ ਆਪਣੇ ਵੀਰ ਨਾਲ ਘਰ ਹੀ ਆ ਜਾਂਦਾ ਆਪਣੀ ਕਿਹੜੀ ਉਪਰੀ ਗੱਲ ਸੀ, ਨਾਲੇ ਆਪਣੀ ਪਹਿਲਾਂ ਵੀ ਰਿਸ਼ਤੇਦਾਰੀ ਹੈਗੀ ਤੇ ਨਾਲੇ ਤੂੰ ਦੂਜੇ ਜੀਆਂ ਨੂੰ ਵੀ ਮਿਲ ਆਉਂਦਾ। ਸੁਰਿੰਦਰ ਦਾ ਭਾਪਾ ਤਾਂ ਤੁਹਾਨੂੰ ਪਹਿਲਾਂ ਹੀ ਬਹੁਤ ਯਾਦ ਕਰਦਾ। ਚੱਲ ਪੁੱਤ ਸਾਡੇ ਨਾਲ ਆਪ ਦੇ ਭਾਪੇ ਨੂੰ ਵੀ ਮਿਲ ਲਈਂ। ਸਤਵੰਤ ਸਿੰਘ ਨੂੰ ਚੁੱਪ ਵੇਖ ਕੇ ਗੁਰਨਾਮ ਸਿੰਘ ਕਹਿਣ ਲੱਗਾ ਚੱਲ ਸਤਵੰਤ ਆਪਾਂ ਵੀ ਮਾਸੀ ਹੁਣਾਂ ਦੇ ਨਾਲ ਹੀ ਚੱਲਦੇ ਹਾਂ ਤੇ ਸ਼ਾਮ ਨੂੰ ਇਕੱਠੇ ਹੀ ਮੁੜ ਆਵਾਂਗੇ। ਸਤਵੰਤ ਸਿੰਘ ਨੇ ਵੀ ਹਾਂ ਕਰ ਦਿੱਤੀ "ਜਿਵੇਂ ਤੁਹਾਡੀ ਮਰਜੀ"।

ਸੁਰਿੰਦਰ ਕੌਰ ਤੇ ਉਸਦੀ ਮਾਤਾ ਪ੍ਰੀਤਮ ਕੌਰ, ਸਤਵੰਤ ਸਿੰਘ, ਗੁਰਨਾਮ ਸਿੰਘ ਅਤੇ ਜਸਬੀਰ ਕੌਰ ਸਾਰੇ ਗੁਰਦੁਆਰਾ ਸਮਾਧਾਂ ਬਾਬਾ ਬੁੱਢਾ ਜੀ ਰਮਦਾਸ ਤੋਂ ਪਿੰਡ ਜੱਟਾਂ ਨੂੰ ਚੱਲ ਪਏ। ਸੁਰਿੰਦਰ ਕੌਰ, ਪ੍ਰੀਤਮ ਕੌਰ ਤੇ ਜਸਬੀਰ ਕੌਰ ਬੱਸ ਤੇ ਚੜ੍ਹ ਗਈਆਂ। ਸਤਵੰਤ ਸਿੰਘ ਤੇ ਗੁਰਨਾਮ ਸਿੰਘ ਸਕੂਟਰ ਤੇ ਜੱਟਾਂ ਪਹੁੰਚੇ। ਗੁਰਨਾਮ ਸਿੰਘ ਤੇ ਸਤਵੰਤ ਸਿੰਘ ਨੂੰ ਵੇਖ ਵਿਰਸਾ ਸਿੰਘ ਨੂੰ ਤਾਂ ਜਿਵੇਂ ਚਾਅ ਚੜ੍ਹ ਗਿਆ। "ਲੈ ਬਈ ਅੱਜ ਤਾਂ ਕੁਝ ਹੋਰ ਵੀ ਮੰਗਦਾ ਉਹ ਵੀ ਮਿਲ ਜਾਣਾ ਸੀ, ਆਖ ਉਸ ਨੇ ਸਤਵੰਤ ਨੂੰ ਕਲਾਵੇ ਵਿੱਚ ਲੈ ਲਿਆ। "ਸੁਣਾ ਬਈ ਅਫਸਰ ਪੁੱਤਾ ਕੀ ਹਾਲ ਚਾਲ ਹੈ? ਅੱਗੋਂ ਸਤਵੰਤ ਨੇ ਵੀ ਗੋਡੀਂ ਹੱਥ ਲਾਇਆ 'ਬਸ ਮੇਰੇ ਅਕਾਲ ਪੁਰਖ ਦੀ ਕਿਰਪਾ ਹੈ। ਥੋੜੇ ਚਿਰ ਬਾਅਦ ਆਪਣੇ ਵੱਡੇ ਭਰਾ ਗੁਰਨਾਮ ਸਿੰਘ ਅਤੇ ਭਰਜਾਈ

ਜਸਬੀਰ ਕੌਰ ਨਾਲ ਇੱਕ ਰਾਤ ਸਹੁਰੇ ਘਰ ਰਹਿ ਕੇ ਅਤੇ ਇੱਕ ਰਾਤ ਆਪਣੇ ਚਾਚਿਆਂ ਤੇ ਦਾਦੀ ਕੋਲ ਧਰਮਕੋਟ ਰੰਧਾਵਾ ਰਹਿ ਕੇ ਪਿੰਡ ਅਗਵਾਨ ਖੁਰਦ ਪਹੁੰਚ ਗਿਆ।

ਬਾਪੂ ਤਰਲੋਕ ਸਿੰਘ-"ਆ ਗਿਆ ਭਲਵਾਨਾਂ, ਕਰ ਆਇਆ ਦਰਸ਼ਨ ਸੁਰਿੰਦਰ ਕੌਰ ਦੇ ਆ ਗਈ ਪਸੰਦ ਕਿ ਨਹੀਂ। ਜਸਬੀਰ ਕਹਿੰਦੀ ਆ ਸਤਵੰਤ ਤਾਂ ਆਪਣੇ ਸਹੁਰਿਆਂ ਤੋਂ ਹੋ ਵੀ ਆਇਆ ਹੈ। ਨਾਂ ਜੇ ਮੈਨੂੰ ਵੀ ਨਾਲ ਈ ਲੈ ਜਾਦਾਂ ਤਾਂ ਆਪਾਂ ਸੁਰਿੰਦਰ ਕੌਰ ਨੂੰ ਨਾਲ ਈ ਲੈ ਆਉਂਦੇ।"

ਸਤਵੰਤ ਸਿੰਘ- ਭਾਪਾ ਜੀ, ਫਿਕਰ ਨਾਂ ਕਰ ਤੇਰੀ ਨੂੰਹ ਸੁਰਿੰਦਰ ਨੂੰ ਦੁਨੀਆਂ ਵੇਖੇਗੀ ਦੁਨੀਆਂ' ਸੁਰਿੰਦਰ ਨੂੰ ਆਪਾਂ ਐਵੇ ਥੋੜਾ ਲੈ ਆਉਣਾਂ ਪੂਰੀ ਸ਼ਾਨੋ ਸ਼ੌਕਤ ਨਾਲ ਲਿਆਵਾਂਗੇ। ਸਤਵੰਤ ਦੀ ਮਾਤਾ ਨੇ ਵੀ ਹਾਮੀ ਭਰੀ "ਜਰੂਰ ਜਰੂਰ, ਪੁੱਤ ਇਸੇ ਤਰਾਂ ਹੀ ਹੋਊ, ਮਾਲਕ ਸੁੱਖ ਰੱਖੇ। ਗੱਲਾਂ ਬਾਤਾਂ ਕਰਦਿਆਂ ਸਤਵੰਤ ਸਿੰਘ ਕਹਿੰਦਾ "ਭਾਪਾ ਤੈਨੂੰ ਇੱਕ ਗੱਲ ਦੱਸਾਂ ਕਿਸੇ ਨੇ ਇੰਦਰਾ ਗਾਂਧੀ ਮਾਰ ਦੇਣੀ ਆਂ ਤੇ ਪਿੰਡਾਂ ਵਿੱਚ ਪੁੱਛਗਿਛ ਹੋਣੀ ਆਂ ਤੇ ਤੂੰ ਜਰਾ ਬਚ ਕੇ ਰਹੀਂ।" ਬਾਪੂ ਤਰਲੋਕ ਸਿੰਘ ਕਹਿੰਦਾ, "ਵੱਡਿਆ ਜੋਤਸ਼ੀਆ ਕਿਤੇ ਤੇਰੀ ਨੀਅਤ ਤੇ ਨਹੀਂ ਪੁੱਠੀ ਹੋ ਗਈ ਮਸਾਂ ਤੇ ਰੋਟੀ ਖਾਣ ਲੱਗੇ ਆਂ।" ਸਤਵੰਤ ਸਿੰਘ ਕਹਿੰਦਾ ਭਾਪਾ ਮੈਂ ਨਹੀਂ ਕਹਿੰਦਾ ਸਾਰੀ ਦੁਨੀਆਂ ਕਹਿੰਦੀ ਆ ਪਰਮਾਤਮਾ ਵਾਹਿਗੁਰੂ ਨੇ ਸੁੱਖਾ ਸਿੰਘ, ਮਹਿਤਾਬ ਸਿੰਘ ਨੂੰ ਭੇਜ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਇੰਦਰਾ ਗਾਂਧੀ ਨੂੰ ਮਾਰ ਕੇ ਲੈਣਾ। ਜੋ ਗੱਲ ਦੁਨੀਆਂ ਦੇ ਮੂੰਹ 'ਚ ਹੋਵੇ ਉਹ ਸੱਚੀ ਹੁੰਦੀ ਹੈ। ਇਸੇ ਤਰਾਂ ਭੈਣਾਂ ਰਣਜੀਤ ਕੌਰ ਤੇ ਬਲਜੀਤ ਕੌਰ ਨੂੰ ਪੱਕੀ ਕਰਦਾ ਰਿਹਾ ਕਿ ਤੁਸੀ ਪਹਿਲੀ ਨਵੰਬਰ ਤੋਂ ਪਹਿਲਾਂ ਭੂਆ ਦੇ ਘਰ ਚਲੀਆਂ ਜਾਇਓ... ਉਹ ਪੁੱਛਦੀਆਂ ਰਹੀਆਂ ਕਿਉਂ? ਤਾਂ ਕਹਿੰਦਾ ਭੈਣ ਮਾਮੇ ਨਾਨੇ ਤਾਂ ਆਪਣੇ ਕੋਈ ਹੈ ਨਹੀਂ, ਕਿਤੇ ਭੂਆ ਨੂੰ ਹੀ ਮਿਲ ਆਇਆ ਕਰੋ ਰਿਸ਼ਤੇਦਾਰੀ 'ਚ ਆਉਂਦੇ ਜਾਂਦੇ ਸੋਹਣੇ ਲੱਗੀਦਾ। ਪਿੰਡ ਦੇ ਮੁੰਡੇ, ਸੱਜਣ ਬੇਲੀਆਂ ਨੂੰ ਕਹਿੰਦਾ ਕਿਸੇ ਨੇ ਇੰਦਰਾ ਮਾਰ ਦੇਣੀ ਆ, ਤੁਸੀਂ ਬਚ ਕੇ ਰਹਿਓ ਫਿਰ ਸਿੱਖ ਮੁੰਡਿਆਂ ਦੀ ਪੁੱਛਗਿਛ ਹੋਣੀ ਆ। ਛੋਟੇ ਵੀਰ ਸਰਵਣ ਨੂੰ ਕਹਿੰਦਾ ਜਿੰਨੀਆਂ ਮੇਰੀਆਂ ਪੈਂਟਾਂ ਜੀਨ ਦੀਆਂ ਸਾਰੀਆਂ ਆਪਣੇ ਮੇਚੇ ਦੀਆਂ ਠੀਕ ਕਰਵਾ ਕੇ ਪਾ ਲਈਂ। ਸਰਵਣ ਨੇ ਪੁੱਛਿਆ ਤੁਹਾਨੂੰ ਨਹੀਂ ਚਾਹੀਦੀਆਂ? ਤਾਂ ਕਹਿੰਦਾ ਮੇਰੇ ਕੋਲ ਹੋਰ ਵਾਧੂ ਹੈਗੀਆਂ ਨੇ ਇਹ ਸਾਰੀਆਂ

ਪੈਰਾਂ ਨੂੰ ਪਾ ਕੇ ਹੰਢਾ ਲਈਂ। ਅਸਲ ਵਿੱਚ ਸਤਵੰਤ ਸਿੰਘ ਦੇ ਦਿਲ ਅੰਦਰ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖਤ ਸਾਹਿਬ ਦੀ ਫੌਜ ਵਲੋਂ ਕੀਤੀ ਗਈ ਤਬਾਹੀ ਅਤੇ ਹਜਾਰਾਂ ਸਿੱਖਾਂ ਬੀਬੀਆਂ, ਬੱਚਿਆਂ, ਬੁੱਢਿਆਂ ਦੀ ਗੁਰਧਾਮਾਂ ਅੰਦਰ ਕੀਤੀ ਗਈ ਸਿੱਖ ਕਤਲੇਆਮ ਦਾ ਬਦਲਾ ਲੈਣ ਲਈ ਜਜ਼ਬਾ ਉੱਛਲ ਰਿਹਾ ਸੀ। ਜਿਸ ਨੂੰ ਦੁਨਿਆਵੀ ਮਨੁੱਖ ਦੇ ਸਮਝ 'ਚ ਆਉਣਾ ਵੱਸ ਦੀ ਗੱਲ ਨਹੀਂ ਸੀ। ਉਸਨੂੰ ਇੰਦਰਾ ਗਾਂਧੀ ਨੂੰ ਸੋਧਣ ਤੋਂ ਬਾਅਦ ਵਾਪਰਨ ਵਾਲੀਆਂ ਘਟਨਾਵਾਂ ਤੇ ਨਤੀਜਿਆਂ ਦੀ ਪੂਰੀ ਜਾਣਕਾਰੀ ਸੀ।

6

ਸ੍ਰੀ ਦਰਬਾਰ ਸਾਹਿਬ ਵਿਖੇ ਢਾਹੇ ਸਰਕਾਰੀ ਕਹਿਰ ਨੂੰ ਵੇਖਣ ਤੋਂ ਬਾਅਦ ਬੇਅੰਤ ਸਿੰਘ ਆਪਣੇ ਜੱਦੀ ਪਿੰਡ ਮਲੋਆ ਤੇ ਸਤਵੰਤ ਸਿੰਘ ਪਿੰਡ ਅਗਵਾਨ ਖੁਰਦ ਤੋਂ ਹੋ ਕੇ ਆਪਣੀ ਡਿਊਟੀ ਤੇ ਵਾਪਸ ਦਿੱਲੀ ਚਲੇ ਗਏ। ਦਿੱਲੀ ਜਾ ਕੇ ਦੋਹਾਂ ਨੇ 24 ਅਕਤੂਬਰ 1984 ਨੂੰ ਦਿੱਲੀ ਦੇ ਗੁਰਦੁਆਰਾ ਸਾਹਿਬ ਤੋਂ ਅੰਮ੍ਰਿਤ ਛਕਿਆ। ਇਸ ਤਰ੍ਹਾਂ ਇਹ ਗੁਰਬਾਣੀ ਦੇ ਕੋਈ ਗਹਿਰ ਗੰਭੀਰ ਪਾਠੀ ਨਹੀਂ ਸਨ, ਚਿੰਤਕ ਨਹੀ ਸਨ। ਸਗੋਂ ਜੂਨ 1984 ਦਾ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ 'ਚ ਉਪਜਿਆ ਇਤਿਹਾਸਕ ਸ਼ਹੀਦ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਵਾਲਾ ਸੂਰਮਗਤੀ ਭਰਿਆ ਜੁਝਾਰੂ ਜਜ਼ਬਾ ਸੀ। ਜਿਸ ਨੇ ਉਹਨਾਂ ਨੂੰ ਅੰਮ੍ਰਿਤ ਵੱਲ ਪ੍ਰੇਰਿਆ ਤੇ ਉਹ ਸੰਪੂਰਨ ਸਿੰਘ ਸਨ। ਸਤਵੰਤ ਸਿੰਘ ਦੀ ਡਿਊਟੀ ਇੰਦਰਾ ਗਾਂਧੀ ਦੀ ਸਭ ਤੋਂ ਅਖੀਰਲੀ ਸੁਰੱਖਿਆ ਪੰਗਤੀ ਵਿੱਚ ਹੁੰਦੀ ਸੀ ਤੇ ਬੇਅੰਤ ਸਿੰਘ ਦੀ ਪਹਿਲੀ ਪੰਗਤੀ ਵਿੱਚ। ਹੁਣ ਸਵਾਲ ਇਨਾਂ ਦੋਹਾਂ ਯੋਧਿਆਂ ਵਲੋਂ ਕੀਤੇ ਸੰਕਲਪ ਨੂੰ ਨੇਪਰੇ ਚਾੜਨ ਦਾ ਸੀ। ਸਿਆਣੇ ਕਹਿੰਦੇ "ਜਿਥੇ ਚਾਹ ਉੱਥੇ ਰਾਹ"।

31 ਅਕਤੂਬਰ ਨੂੰ ਸਤਵੰਤ ਸਿੰਘ ਨੇ ਪੇਟ ਖਰਾਬ ਹੋਣ ਦਾ ਬਹਾਨਾ ਲਾ ਕੇ ਇੱਕ ਹੋਰ ਸੰਤਰੀ ਨਾਲ ਡਿਊਟੀ ਬਦਲ ਲਈ ਕਿ ਮੇਰੀ ਡਿਊਟੀ ਕਿਸੇ ਪਖਾਨੇ ਲਾਗੇ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਦੋਵੇਂ ਯੋਧੇ ਇੱਕ ਦੂਜੇ ਦੇ ਨੇੜੇ ਹੋ ਗਏ ਜਿੱਥੋਂ ਇੰਦਰਾ ਨੂੰ ਸੌਖ ਨਾਲ ਹੀ ਗੋਲੀਆਂ ਦਾ ਨਿਸ਼ਾਨਾ ਬਣਾਇਆ ਜਾ ਸਕਦਾ ਸੀ। 31 ਅਕਤੂਬਰ 1984 ਨੂੰ ਸਵੇਰੇ 9 ਵਜੇ ਇੰਦਰਾ ਗਾਂਧੀ ਕੇਸਰੀ ਰੰਗ ਦੀ ਸਾੜ੍ਹੀ 'ਚ ਫੱਬ ਕੇ ਬਿਨਾਂ ਬੁਲਟ ਪਰੂਫ ਜੈਕੇਟ ਪਾਏ ਆਪਣੇ ਅਮਲੇ ਫੈਲੇ (ਅਣਗਿਣਤ ਸੁਰੱਖਿਆ ਗਾਰਡਾਂ ਨਾਲ ਸੁਰੱਖਿਅਤ ਕਿਲ੍ਹੇ ਅੰਦਰ) ਨਾਲ ਆਪਣੇ ਘਰੋਂ ਦਫਤਰ ਵੱਲ (ਸਫਦਰਜੰਗ ਰੋਡ) ਚੱਲੀ ਤਾਂ ਬੇਅੰਤ ਸਿੰਘ ਨੇ ਉਸਨੂੰ ਸਲੂਟ ਮਾਰਿਆ, ਪਰ ਇਸ ਵਾਰ ਉਸਦਾ ਸੱਜਾ ਹੱਥ ਗੇਟ ਖੋਲਣ ਵੱਲ ਨਾ ਗਿਆ ਸਗੋਂ ਸਰਵਿਸ ਰਿਵਾਲਵਰ 'ਤੇ ਚਲਾ ਗਿਆ। ਅੱਖ ਦੇ ਫੋਰ 'ਚ ਹੀ ਉਸ ਨੇ ਇਸ ਸਰਵਿਸ ਰਿਵਾਲਵਰ ਚੋਂ ਪੰਜ ਗੋਲੀਆਂ ਚਲਾ ਦਿੱਤੀਆਂ। ਅਚਨਚੇਤ ਗੋਲੀਆਂ ਲਗਣ ਨਾਲ ਇੰਦਰਾ ਘੁੰਮ ਗਈ ਪਰ ਇਸ ਤੋਂ ਪਹਿਲਾਂ ਕਿ ਉਹ ਥੱਲੇ ਡਿੱਗਦੀ,

ਸ. ਸਤਵੰਤ ਸਿੰਘ ਜੋ ਇਸ ਸੁਨਹਿਰੀ ਮੌਕੇ ਦੀ ਕਾਫੀ ਚਿਰ ਤੋਂ ਤਾਕ ਵਿੱਚ ਸੀ, ਫੁਰਤੀ ਨਾਲ ਵੇਲ ਬੂਟੇ ਝਾੜੀਆਂ ਦੇ ਪਿੱਛਿਓਂ ਸਾਹਮਣੇ ਆਇਆ ਤੇ ਲੇਲੜੀਆਂ ਪਾਂਦੀ ਇੰਦਰਾ ਗਾਂਧੀ ਤੇ ਆਪਣੀ ਥਾਮਸਨ ਮਸ਼ੀਨ ਗੰਨ ਨਾਲ 28 ਗੋਲੀਆਂ ਦੀ ਵਾਛੜ ਕਰ ਦਿੱਤੀ। ਇੰਦਰਾ ਗਾਂਧੀ ਨੂੰ ਡਿੱਗਦੇ ਦੇਖ ਕੇ ਇੱਕ ਵਾਰ ਤਾਂ ਉਸ ਨਾਲ ਆ ਰਹੇ ਅਧਿਕਾਰੀਆਂ ਵਿੱਚ ਭਾਜੜ ਪੈ ਗਈ। ਹਰ ਕੋਈ ਆਪਣੀ ਸੁਰੱਖਿਆ ਲਈ ਦੌੜਿਆ। ਕੋਈ ਨਾ ਸਾਹਮਣੇ ਆਇਆ ਮਾਈ ਦਾ ਲਾਲ। ਦੋਹਾਂ ਬੱਬਰ ਸ਼ੇਰਾਂ ਸ਼ਹੀਦ ਸੁੱਖਾ ਸਿੰਘ, ਮਹਿਤਾਬ ਸਿੰਘ ਦੇ ਵਾਰਸਾਂ, ਸ. ਬੇਅੰਤ ਸਿੰਘ ਤੇ ਸਤਵੰਤ ਸਿੰਘ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਦਿੱਤੇ। ਅਸੀਂ ਆਪਣਾ ਕੰਮ ਕਰ ਦਿੱਤਾ ਹੈ। ਹੁਣ ਤੁਸੀਂ ਆਪਣਾ ਕੰਮ ਕਰ ਲਓ ਅਤੇ ਹਥਿਆਰ ਸੁੱਟ ਦਿੱਤੇ। ਹਥਿਆਰ ਸੁੱਟਣ 'ਤੇ ਇੰਡੋ ਤਿਬਤੀਅਨ ਗਾਰਡਾਂ ਨੇ ਉਹਨਾਂ ਨੂੰ ਫੜ ਲਿਆ ਤੇ ਇੱਕ ਕਮਰੇ ਵਿੱਚ ਬਿਠਾ ਦਿੱਤਾ, ਜਿਥੇ ਉਨ੍ਹਾਂ ਨੂੰ ਵੱਡੇ ਅਫਸਰ ਵੇਖਣ ਲਈ ਆਏ। ਇੱਥੇ ਹੀ ਕਮਾਂਡੋਆਂ ਵੱਲੋਂ ਬੇਅੰਤ ਸਿੰਘ, ਸਤਵੰਤ ਸਿੰਘ ਨੂੰ ਅਵਾ ਤਵਾ ਗਾਲੀ ਗਲੋਚ ਕਰਨ ਤੇ ਸਤਵੰਤ ਸਿੰਘ ਗੁੱਸੇ ਵਿੱਚ ਆ ਗਿਆ ਤੇ ਕਮਾਂਡੋਆਂ ਨਾਲ ਹੱਥੋਪਾਈ ਹੋ ਕੇ ਹਥਿਆਰ ਖੋਹਣ ਪੈ ਗਿਆ। ਨਿਹੱਥੇ ਸੂਰਬੀਰਾਂ ਜੋਧਿਆਂ ਉੱਤੇ ਬੁਜ਼ਦਿਲ ਕਮਾਂਡੋਆਂ ਨੇ ਗੋਲੀਆਂ ਦੀ ਵਾਛੜ ਕਰ ਦਿੱਤੀ। ਬੇਅੰਤ ਸਿੰਘ ਵੱਲੋਂ ਸਤਵੰਤ ਸਿੰਘ ਤੇ ਡਿੱਗ ਪੈਣ ਕਾਰਨ ਬੇਅੰਤ ਸਿੰਘ ਮੌਕੇ 'ਤੇ ਹੀ ਸ਼ਹੀਦੀ ਪਾ ਗਿਆ ਤੇ ਸਤਵੰਤ ਸਿੰਘ ਗੰਭੀਰ ਜ਼ਖਮੀ ਹੋ ਗਿਆ। ਸਿੱਖ ਕੌਮ ਦਾ ਸ੍ਰੀ ਹਰਿਮੰਦਰ ਸਾਹਿਬ ਦੀ ਬੇਹੁਰਮਤੀ ਨਾਲ ਜੋ ਸਿਰ ਨੀਵਾਂ ਹੋਇਆ ਸੀ ਅਤੇ ਜਿਊਣਾ ਮੁਹਾਲ ਹੋ ਗਿਆ ਸੀ, ਇਸ ਅਹਿਮ ਘਟਨਾ ਨੇ ਮਨਾਂ 'ਤੇ ਪਏ ਬੋਝ ਨੂੰ ਲਾਹ ਦਿੱਤਾ ਤੇ ਸਿੱਖਾਂ ਦੀ ਡਿੱਗੀ ਇੱਜ਼ਤ ਦੀ ਪੱਗ ਨੂੰ ਸਿੱਖ ਕੌਮ ਦੇ ਸਿਰ ਤੇ ਚੁੱਕ ਕੇ ਰੱਖ ਦਿੱਤਾ। ਸਮੁੱਚੀ ਦੁਨੀਆਂ ਤੇ ਸਿੱਖਾਂ ਲਈ ਸੁਨਹਿਰੀ ਇਤਿਹਾਸ ਸਿਰਜ ਦਿੱਤਾ ਕਿ ਜਦੋਂ ਤੱਕ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਮੱਸੇ ਰੰਘੜ ਵਰਗੇ ਮਹਾਂ ਦੁਸ਼ਟ ਪਾਪੀ, ਕਦੀ ਅਬਦਾਲੀ ਦੇ ਰੂਪ ਵਿੱਚ, ਕਦੇ ਇੰਦਰਾ ਦੇ ਰੂਪ ਵਿੱਚ ਕਰਦੇ ਰਹਿਣਗੇ ਉਦੋਂ ਤੱਕ ਸ਼ਹੀਦ ਸ. ਸੁੱਖਾ ਸਿੰਘ ਮਾੜੀ ਕੰਬੋਕੀ, ਸ਼ਹੀਦ ਸ੍ਰ. ਮਹਿਤਾਬ ਸਿੰਘ ਮੀਰਾਂਕੋਟ ਦੇ ਵਾਰਸ ਜੀਉਂਦੇ ਰਹਿਣਗੇ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਲਈ ਹੱਸ ਹੱਸ ਕੇ ਸ਼ਹੀਦੀਆਂ ਪਾਉਂਦੇ ਰਹਿਣਗੇ।

7

(ਇੰਦਰਾ ਦੇ ਕਤਲ ਦਾ ਪਿੰਡ ਅਗਵਾਨ ਵਿਖੇ ਪਤਾ ਲੱਗਣ ਅਤੇ ਪਿੰਡ ਨੂੰ ਪੁਲਸ ਘੇਰਾ, ਸਤਵੰਤ ਸਿੰਘ ਦੇ ਪਿਤਾ ਬਾਪੂ ਤਰਲੋਕ ਸਿੰਘ ਦੀ ਜਬਾਨੀ!)

ਕੱਤੇ ਦੇ ਮਹੀਨੇ ਦਾ ਅੱਧ ਕੁ ਸੀ ਤੇ ਬੁੱਧਵਾਰ ਦਾ ਦਿਨ। ਮੈਂ ਲਾਗਲੇ ਪਿੰਡ ਹਰੂਆਂ ਵਿੱਚ ਟਰੈਕਟਰ ਨਾਲ ਪੈਲੀ ਵਾਹ ਰਿਹਾ ਸਾਂ ਨਾਲ ਦਾ ਭਾਈਬੰਦ ਕਹਿੰਦਾ "ਭਾਈਆ ਥੋੜਾ ਹੋਰ ਵਾਹ ਦੇ.....।" ਮੈਂ ਵੀ ਲੱਗਾ ਰਿਹਾ..... ਦੁਪਹਿਰੇ ਡੇਢ ਕੁ ਵਜੇ ਦਾ ਸਮਾਂ ਹੋਊ ਜਨਾਨੀਆਂ ਕੱਠੀਆਂ ਹੋ ਕੇ ਗੱਲਾਂ ਕਰ ਰਹੀਆਂ ਸਨ। ਮੈਂ ਪੁੱਛਿਆ 'ਬੀਬੀ ਸੁੱਖ ਹੈ, ਕੀ ਗੱਲ ਆ?' ਉਹ ਕਹਿੰਦੀਆਂ, "ਭਾਈਆ ਸੁਣਿਐ ਕਿ ਇੰਦਰਾ ਮਾਰ ਦਿੱਤੀ ਐ......... ਕਿਸੇ ਨੇ।" ਮੇਰਾ ਧਿਆਨ ਇੱਕਦਮ ਸਤਵੰਤ ਸਿੰਘ ਵੱਲ ਚਲਾ ਗਿਆ.....। ਪਰ ਮੈਂ ਚੁੱਪ ਰਿਹਾ। ਥੋੜੇ ਚਿਰ 'ਚ ਹੀ ਸਾਰੇ ਪਿੰਡ 'ਚ ਭੰਗੜੇ ਪੈਣੇ ਸ਼ੁਰੂ ਹੋ ਗਏ ਮੇਰੇ ਕਈ ਜਾਣ ਪਛਾਣ ਵਾਲੇ ਮਿੱਤਰ ਦੋਸਤ ਹੱਥ 'ਚ ਸ਼ਰਾਬ ਦੀਆਂ ਬੋਤਲਾਂ ਫੜੀ ਨੱਚਦੇ ਆਉਂਦੇ ਮੈਨੂੰ ਮਿਲੇ, "ਕਹਿੰਦੇ ਫੜ ਭਾਈਆ ਪੀ ਅੱਜ ਗੁਰੂ ਦੇ ਸਿੰਘਾਂ ਸਿੱਖੀ ਦੀ ਪੱਗ ਦੀ ਲਾਜ ਰੱਖੀ ਐ।" ਉਹਨਾਂ ਨੇ ਮੈਨੂੰ ਖਬਰ ਸੁਣਾਈ ਤੇ ਮੈਨੂੰ ਪਿਆ ਦਿੱਤੀ.......। ਦਿਨ ਇਵੇਂ ਈ ਲੰਘ ਗਿਆ। ਮੈਂ ਰਾਤ ਨੂੰ ਹਨੇਰੇ ਹੋਏ ਘਰ ਆਇਆ ਤਾਂ ਸਤਵੰਤ ਦੀ ਮਾਂ ਕਹਿੰਦੀ ਕਿ ਤੂੰ ਘਰੋਂ ਤਾਂ ਕਣਕ ਦਾ ਬੀਜ ਲੈਣ ਗਿਆ ਸੀ ਤੇ ਸ਼ਰਾਬ ਪੀ ਕੇ ਆ ਗਿਐ......। ਮੈਂ ਕਿਹਾ ਤੁਸੀਂ ਖਬਰਾਂ ਨਹੀਂ ਸੁਣੀਆਂ? ਪਰ ਸਾਨੂੰ ਖਬਰ ਦਾ ਪੂਰਾ ਵੇਰਵਾ ਕਿਤੋਂ ਵੀ ਪਤਾ ਨਾ ਲੱਗਾ। ਕੋਈ ਕਹਿੰਦਾ ਸੀ ਬਲਵੰਤ ਸਿੰਘ ਤੇ ਕੁਲਵੰਤ ਸਿੰਘ, ਕੋਈ ਕਹੇ ਬਲਵੰਤ ਸਿੰਘ ਤੇ ਜਸਵੰਤ ਸਿੰਘ ਨੇ ਇੰਦਰਾ ਨੂੰ ਗੋਲੀਆਂ ਮਾਰੀਆਂ। ਬਲਵੰਤ ਸਿੰਘ ਪੁਲਸ ਨੇ ਮਾਰ ਦਿੱਤਾ ਏ ਤੇ ਦੂਜਾ ਜ਼ਖਮੀ ਏ ਤੇ ਪੁਲਸ ਨੇ ਫੜ ਲਿਆ....? ਰਾਤ ਬਿਨਾਂ ਕਿਸੇ ਖਤਰੇ ਦੇ ਲੰਘ ਗਈ। ਸਵੇਰੇ ਸੂਹ ਪਈ ਪੁਲਸ ਵਾਲੇ ਲਾਗਲੇ ਪਿੰਡ ਅਠਵਾਲ 'ਚ ਲੋਕਾਂ ਨੂੰ ਪੁੱਛਦੇ ਰਹੇ ਸੀ ਕਿ ਇੱਥੇ ਤਰਲੋਕ ਸਿੰਘ ਕੌਣ ਆ, ਜਿਸ ਦਾ ਮੁੰਡਾ ਦਿੱਲੀ ਪੁਲਸ 'ਚ ਇੰਦਰਾ ਦਾ ਬਾਡੀਗਾਰਡ ਹੈ?

ਭਾਈ ਸਤਵੰਤ ਸਿੰਘ ਦੇ ਘਰ ਦੀ ਤਲਾਸ਼ੀ

ਦਿੱਲੀ ਪੁਲਿਸ ਦਾ ਇਕ ਡੀ.ਐੱਸ.ਪੀ. ਅਨੰਤ ਰਾਮ ਕੋਛੜ, ਜਿਸ ਨੇ ਕਿ ਬਾਅਦ ਵਿਚ ਇੰਦਰਾ ਕਤਲ ਕੇਸ ਦਾ ਚਲਾਨ ਵੀ ਅਦਾਲਤ ਵਿਚ ਪੇਸ਼ ਕੀਤਾ, ਨੇ ਭਾਰੀ ਗਿਣਤੀ ਵਿਚ ਪੁਲਿਸ ਫ਼ੋਰਸ ਲੈ ਕੇ ਸਤਵੰਤ ਸਿੰਘ ਦੇ ਘਰ ਨੂੰ ਆ ਘੇਰਿਆ ਅਤੇ ਪੁੱਛਣ ਲੱਗ ਪਿਆ ਕਿ ਜਿਹੜੇ ਡਾਲਰ ਸਤਵੰਤ ਸਿੰਘ ਨੇ ਤੈਨੂੰ ਭੇਜੇ ਹਨ, ਉਹ ਕਿੱਥੇ ਹਨ? ਮੈਂ ਕਿਹਾ, 'ਤਲਾਸ਼ੀ ਲੈ ਲਾਉ, ਕਿਹੜੇ ਡਾਲਰਾਂ ਦੀ ਗੱਲ ਕਰਦੇ ਓ?' ਪੁਲਿਸ ਵਾਲਿਆਂ ਘਰ ਦੇ ਹਰ ਕੋਨੇ ਖੂੰਜੇ ਦੀ ਤਲਾਸ਼ੀ ਲਈ, ਵਿੱਚੋਂ-ਵਿੱਚੋਂ ਕਈ ਸਿੱਖ ਅਫਸਰਾਂ ਮੈਨੂੰ ਹੌਸਲਾ ਦਿੰਦਿਆਂ ਕਿਹਾ ਹੌਲੀ ਜਿਹੀ, "ਬਾਬਾ ਘਬਰਾਈਂ ਨਾ..... ਕੁੱਝ ਨਹੀਂ ਹੁੰਦਾ, ਤੇਰੇ ਪੁੱਤ ਨੇ ਵਧੀਆ ਕੰਮ ਕੀਤਾ ਆ ਸਿੱਖ ਕੌਮ ਦੀ ਲਾਜ ਰੱਖ ਲਈ ਹੈ, ਜਿੰਨੀ ਹੋ ਸਕੀ ਤੇਰੀ ਅਸੀਂ ਮਦਦ ਕਰਾਂਗੇ, ਹੌਸਲਾ ਨਾ ਹਾਰੀ ਬੱਸ ਇਹਨਾਂ ਤੋਂ ਬਚ ਕੇ ਮੁੜ ਜਾਣਾ।" ਸੱਚੇ ਪਾਤਿਸ਼ਾਹ ਦੀ ਮਿਹਰ ਨਾਲ ਜਿਹੜਾ ਦਸ ਹਜ਼ਾਰ ਰੁਪਏ ਆੜ੍ਹਤੀ ਦੇ ਕੇ ਗਿਆ ਸੀ, ਟਰੰਕ 'ਚ ਪੈਂਟ ਦੀ ਤੈਹ ਵਿੱਚ ਪਿਆ ਸੀ। ਪੁਲਿਸ ਦਾ ਹਮਦਰਦੀ ਵਾਲਾ ਰਵੱਈਆ ਵੇਖ ਕੇ ਮੈਨੂੰ ਹੌਸਲਾ ਹੋ ਗਿਆ। ਪੁਲਿਸ ਵਾਲੇ ਜੇਕਰ ਦਸ ਹਜ਼ਾਰ ਰੁਪਏ ਚੁੱਕ ਕੇ ਵੱਡੇ ਅਫਸਰਾਂ ਡੀ.ਐਸ.ਪੀ. ਦੇ ਪੇਸ਼ ਕਰ ਦਿੰਦੇ ਤਾਂ ਉਹਨੇ ਇਹ ਕਹਾਣੀ ਬਣਾ ਦੇਣੀ ਸੀ ਕਿ ਸਤਵੰਤ ਸਿੰਘ ਦੇ ਘਰੋਂ ਉਹ ਦਸ ਹਜ਼ਾਰ ਰੁਪਏ ਮਿਲ ਗਏ, ਜਿਹੜੇ ਸਤਵੰਤ ਸਿੰਘ ਨੇ ਲੈ ਕੇ ਪ੍ਰਧਾਨ ਮੰਤਰੀ ਇੰਦਰਾ ਨੂੰ ਕਤਲ ਕੀਤਾ ਐ। ਫਿਰ ਘਰ ਪੁਲਿਸ ਵਾਲਿਆਂ ਸੀਲ ਕਰ ਦਿੱਤਾ ਤੇ ਮੈਨੂੰ ਪੁਲਿਸ ਵਾਲੇ ਫੜਕੇ ਗੱਡੀ 'ਚ ਚੜ੍ਹਾ ਕੇ ਥਾਣੇ ਲੈ ਗਏ। ਉਥੇ ਇਕ ਇੰਸਪੈਕਟਰ ਸੀ ਕਹਿੰਦਾ, "ਬੁੱਢਿਆ ਤੂੰ ਆਪਣੇ ਮੁੰਡੇ ਤੋਂ ਇੰਦਰਾ ਮਰਵਾ ਦਿੱਤੀ ਐ।" ਮੈਂ ਕਿਹਾ ਜੀ ਜੇ ਮੈਨੂੰ ਇਸ ਗੱਲ ਦਾ ਪਹਿਲਾਂ ਪਤਾ ਹੁੰਦਾ ਤਾਂ ਫਿਰ ਤੂੰ ਮੈਨੂੰ ਏਨਾ ਸੌਖਾ ਨਹੀਂ ਸੀ ਘਰ ਖਲੋਤਿਆਂ ਫੜ ਸਕਦਾ....... ਮੇਰੀ ਗੱਲ ਉਹਦੇ ਮਨ ਨੂੰ ਲੱਗ ਗਈ, ਪਰ ਉਹਨੇ ਮੈਨੂੰ ਕਿਹਾ, ਬਾਬਾ ਜਦੋਂ ਅਸੀਂ ਤੈਨੂੰ ਵੱਡੇ ਅਫਸਰਾਂ ਦੇ ਪੇਸ਼ ਕੀਤਾ ਲੰਗੜਾ ਕੇ ਤੁਰੀਂ ਤੇ ਆਖ ਦੇਈਂ ਜੀ ਮੈਨੂੰ ਬੁਰੇ ਵਾਹੇ ਖੜਾ ਮਾਰਦੇ ਕੁੱਟਦੇ ਆ ਜੀ ਇਹਨਾਂ ਮੈਨੂੰ ਮਾਰ ਦੇਣਾ। ਫਿਰ ਪਿੰਡ ਦੇ ਮੋਹਤਬਰ ਬੰਦੇ ਜਮਾਨਤ ਦੇ ਕੇ ਮੈਨੂੰ ਘਰ ਲੈ ਆਏ। ਪਿੰਡ ਆ ਕੇ ਵੇਖਿਆ ਘਰ ਫੌਜ ਨੇ ਸੀਲ ਕਰ ਕੇ ਘੇਰਿਆ ਹੋਇਆ ਸੀ। ਮੈਂ ਅਫਸਰ ਨੂੰ ਕਿਹਾ, "ਮੈਨੂੰ ਘਰੋਂ ਕਣਕ ਦਾ ਬੀਜ ਕੱਢ ਲੈਣ ਦਿਓ ਖੇਤਾਂ 'ਚ ਕਣਕ ਬੀਜ ਲਵਾਂ", ਉਹ ਮੰਨ ਗਿਆ। ਫਿਰ ਮੈਂ ਕਣਕ ਦਾ ਬੀਜ ਖੇਤਾਂ 'ਚ ਛੱਟਾ ਦੇ ਕੇ ਹੀ ਬੀਜ ਦਿੱਤੀ। ਇੱਕ ਦਿਨ ਮੈਂ ਖੇਤਾਂ 'ਚ ਕੰਮ ਕਰ ਰਿਹਾ ਸੀ ਕਿ ਫੌਜ ਨੇ ਸਾਰੇ ਅਗਵਾਨ

ਖੁਰਦ ਪਿੰਡ ਨੂੰ ਘੇਰਾ ਪਾ ਲਿਆ, ਜਿਹੜਾ ਕੋਈ ਪਿੰਡ ਦਾ ਜੀਅ ਬਾਹਰ ਸੀ ਉਹ ਬਾਹਰ ਤੇ ਅੰਦਰ ਦੇ ਪਿੰਡ 'ਚ ਹੀ ਰਹਿ ਗਏ। ਗੁਰਨਾਮ ਸਿੰਘ ਤੇ ਸਰਵਣ ਸਿੰਘ ਘਰੋਂ ਭੱਜ ਗਏ। ਪਿੰਡ ਦਾ ਸਰਪੰਚ ਤੇ ਇਕ ਹੋਰ ਮੋਹਤਬਰ ਮੇਰੇ ਕੋਲ ਆਏ ਤੇ ਕਹਿਣ ਲੱਗੇ, "ਭਾਈਆ ਫੌਜ ਦੇ ਸਾਹਮਣੇ ਨਾ ਹੋਵੀਂ, ਸਰਕਾਰ ਦੀ ਨੀਤੀ ਬੜੀ ਖੋਟੀ ਆ, ਅੱਗੇ ਵੇਖ ਦਿੱਲੀ 'ਚ ਬੇਦੋਸ਼ੇ ਸਿੱਖਾਂ ਦੀ ਕਿੰਨੀ ਕਤਲੇਆਮ ਕੀਤੀ ਆ, ਹੋ ਸਕਦਾ ਇਹ ਤੇਰੇ ਪਰਿਵਾਰ ਦਾ ਨੁਕਸਾਨ ਕਰ ਦੇਣ?" ਪਰ ਮੈਂ ਕਿਹਾ "ਭੱਜਿਆ ਤਾਂ ਸਰਨਾ ਨਹੀਂ, ਮੱਥੇ ਤਾਂ ਲੱਗਣਾ ਮੈਂ ਫਿਰ ਜੋ ਵਾਹਿਗੁਰੂ ਨੂੰ ਮਨਜ਼ੂਰ ਹੋਊ ਵੇਖੀ ਜਾਊ।" ਮੈਂ ਪਿੰਡ ਨੂੰ ਘੇਰਾ ਪਾਈ ਬੈਠੀ ਮਿਲਟਰੀ ਦੇ ਅਫਸਰ ਕੋਲ ਗਿਆ ਤੇ ਪੁੱਛਿਆ, "ਕੀ ਗੱਲ ਹੈ?" ਫੌਜ ਦਾ ਅਫਸਰ ਕਹਿੰਦਾ, "ਤੇਰੇ ਘਰੋਂ ਜਿਹੜੇ ਬੰਦੇ ਭੱਜੇ ਆ, ਉਹ ਕੌਣ ਹਨ?" ਮੈਂ ਕਿਹਾ "ਸਾਹਿਬ ਉਹ ਮੇਰੇ ਪੁੱਤਰ ਹਨ ਹੋਰ ਕੋਈ ਨਹੀਂ, ਡਰਦੇ ਭੱਜ ਗਏ ਹੋਣੇ ਕਿ ਫੌਜ ਸਾਨੂੰ ਮਾਰਨ ਲਈ ਆ ਗਈ ਹੈ।" ਅਫਸਰ ਕਹਿੰਦਾ, "ਬਾਬਾ, ਅਸੀਂ ਤੇਰੀ ਰਾਖੀ ਵਾਸਤੇ ਆਏ ਆਂ।" ਮੈਂ ਕਿਹਾ, "ਸਾਹਿਬ ਇਹ ਕਿਹੋ ਜਿਹੀ ਹਿਫਾਜਤ, ਤੁਸੀਂ ਤਾਂ ਸਾਰਾ ਪਿੰਡ ਸੂਲੀ ਚੜ੍ਹਾ ਛੱਡਿਆ।" ਅਫਸਰ ਕਹਿਣ ਲੱਗਾ, "ਸਾਨੂੰ ਉਪਰੋਂ ਹੁਕਮ ਆਇਆ ਕਿ ਸਤਵੰਤ ਦਾ ਬਾਪ, ਪਰਿਵਾਰ ਲੈ ਕੇ ਪਾਕਿਸਤਾਨ ਨਾ ਭੱਜ ਜਾਵੇ, ਜੇ ਭੱਜ ਗਿਆ ਤਾਂ ਭਾਰਤ ਦੇਸ਼ ਦੀ ਇਸ ਨਾਲ ਬੜੀ ਬਦਨਾਮੀ ਹੋਵੇਗੀ। ਇਸ ਲਈ ਅਸੀਂ ਤੇਰੇ ਪਰਿਵਾਰ ਦੀ ਹਿਫਾਜਤ ਲਈ ਆਏ ਹਾਂ, ਤੇਰੇ ਪਰਿਵਾਰ ਦਾ ਬਿਲਕੁੱਲ ਨੁਕਸਾਨ ਨਹੀਂ ਹੋਣ ਦੇਵਾਂਗੇ, ਤੂੰ ਸਾਨੂੰ ਆਪਣੇ ਮੁੰਡੇ ਇੱਕ ਵਾਰ ਵਿਖਾਂ ਦੇਵੀ।" ਅਗਲੇ ਦਿਨ ਖੇਤਾਂ 'ਚ ਕੰਮ ਕਰ ਰਹੇ ਗੁਰਨਾਮ ਸਿੰਘ, ਵਰਿਆਮ ਸਿੰਘ ਤੇ ਸਰਵਣ ਸਿੰਘ ਮਿਲਟਰੀ ਦੇ ਅਫਸਰ ਨੂੰ ਵਿਖਾ ਦਿੱਤੇ। ਉਸਦੀ ਤਸੱਲੀ ਹੋ ਗਈ, ਉਹ ਕਹਿੰਦਾ, "ਤੁਸੀਂ ਬੇਫਿਕਰ ਹੋ ਕੇ ਆਪਣਾ ਖੇਤੀ ਦਾ ਕੰਮ ਕਰੋ, ਘਬਰਾਉਣ ਦੀ ਕੋਈ ਲੋੜ ਨਹੀਂ।" ਉਹਦੇ ਭਰੋਸਾ ਦੇਣ ਤੇ ਸਾਨੂੰ ਵੀ ਕੁੱਝ ਹੌਸਲਾ ਹੋ ਗਿਆ ਅਤੇ ਪਰਿਵਾਰ ਦੇ ਜੀਅ ਜਿਹੜੇ ਰਿਸ਼ਤੇਦਾਰੀ 'ਚ ਆਸੇ-ਪਾਸੇ ਹੋਏ ਸੀ, ਨੂੰ ਘਰ ਲਿਆਂਦਾ ਗਿਆ।

8

ਦਸੰਬਰ 1984 ਦੇ ਅਖੀਰ 'ਚ ਸਾਨੂੰ ਇੱਕ ਚਿੱਠੀ ਮਿਲੀ, ਜਿਸ ਵਿੱਚ ਲਿਖਿਆ ਸੀ ਕਿ ਮਾਤਾ ਪਿਆਰ ਕੌਰ ਤੇ ਭੈਣ ਬਲਜੀਤ ਕੌਰ, ਸਤਵੰਤ ਸਿੰਘ ਦੀ ਮੁਲਾਕਾਤ ਕਰਨ ਲਈ ਦਿੱਲੀ ਆਉਣ? ਮੈਂ ਸਮਝ ਗਿਆ ਕਿ ਸਤਵੰਤ ਸਿੰਘ ਸਿਆਣਾ ਹੋਣਾ, ਦਿੱਲੀ 'ਚ ਅੱਗੇ ਬੇਦੋਸ਼ੇ ਹਜ਼ਾਰਾਂ ਸਿੱਖ ਜਿਊਂਦੇ ਸਾੜ ਦਿੱਤੇ ਸਨ, ਜੇ ਭਾਪਾ ਤੇ ਵੀਰ ਆਏ ਤਾਂ ਉਹਨਾਂ ਦਾ ਕਿਤੇ ਜਾਨੀ ਨੁਕਸਾਨ ਨਾ ਹੋ ਜਾਵੇ। ਫਿਰ ਵੀ ਮੈਂ (ਤਰਲੋਕ ਸਿੰਘ), ਤੇ ਸਤਵੰਤ ਸਿੰਘ ਦੀ ਮਾਂ ਤੇ ਵੱਡੀ ਭੈਣ ਬਲਜੀਤ ਕੌਰ ਦਿੱਲੀ ਗਏ। ਪ੍ਰਾਣ ਨਾਥ ਲੇਖੀ ਵਕੀਲ ਨੂੰ ਮਿਲੇ, ਵੇਖਿਆ ਕਿ ਉਸ ਦੇ ਬੂਥ ਦੇ 'ਹਿੰਦੂ ਸ਼ਿਵ ਸੈਨਾ' ਵਾਲਿਆਂ ਨੇ ਸ਼ੀਸ਼ੇ ਤੋੜ ਛੱਡੇ ਸੀ ਤੇ ਮੇਜ਼, ਕੁਰਸੀਆਂ ਦੀ ਭੰਨ ਤੋੜ ਕੀਤੀ ਹੋਈ ਸੀ। ਲੇਖੀ ਨੇ ਦੱਸਿਆ ਕਿ "ਮੈਂ ਸਤਵੰਤ ਸਿੰਘ ਦਾ ਕੇਸ ਲੜਣ ਦਾ ਫੈਸਲਾ ਲਿਆ ਹੈ। 'ਹਿੰਦੂ ਸ਼ਿਵ ਸੈਨਾ' ਨੇ ਹੁਲੜਬਾਜੀ ਕਰਕੇ ਮੇਰੇ ਬੂਥ ਤੇ ਪੱਥਰਾਓ ਕੀਤਾ ਹੈ।" ਅਸੀਂ ਲੇਖੀ ਦੇ ਫੈਸਲੇ ਲਈ ਉਸਦਾ ਧੰਨਵਾਦ ਕੀਤਾ। ਫਿਰ ਉਸਦੇ ਸਹਿਯੋਗ ਨਾਲ ਅਸੀਂ ਮੁਲਾਕਾਤ ਦਾ ਰਸਤਾ ਤਿਆਰ ਕੀਤਾ। ਸਬੰਧਤ ਅਧਿਕਾਰੀ ਕਹਿੰਦੇ "ਸਤਵੰਤ ਮਾਤਾ ਤੇ ਭੈਣ ਨਾਲ ਹੀ ਮੁਲਾਕਾਤ ਕਰਨੀ ਚਾਹੁੰਦਾ ਹੈ।" ਮੈਂ ਕਿਹਾ "ਜੇ ਸਤਵੰਤ ਮੇਰੇ ਨਾਲ ਨਾ ਮਿਲੂ ਤਾਂ ਮੈਂ ਮੁੜ ਆਊ।" ਕਾਫੀ ਜੱਦੋ-ਜਹਿਦ ਮਗਰੋਂ ਸਾਡੀਆਂ ਤਿੰਨਾਂ ਦੀਆਂ ਅੱਖਾਂ ਉੱਤੇ ਪੱਟੀਆਂ ਬੰਨਣ ਲੱਗੇ! ਮੈਂ ਕਿਹਾ "ਏਹ ਕਿਹੋ ਜਿਹੀ ਮੁਲਾਕਾਤ.....?" ਉਹ ਅਧਿਕਾਰੀ ਕਹਿੰਦੇ "ਲਿਜਾਵਾਂਗੇ ਤਾਂ ਅੱਖਾਂ ਤੇ ਪੱਟੀ ਬੰਨ੍ਹ ਕੇ, ਮੁਲਾਕਾਤ ਵੇਲੇ ਖੋਲ ਦੇਵਾਂਗੇ।" ਸਾਨੂੰ ਲਾਲ ਕਿਲੇ ਦੇ ਅੰਦਰ ਲਿਜਾਇਆ ਗਿਆ, ਜਦੋਂ ਸਾਡੀਆਂ ਅੱਖਾਂ ਤੋਂ ਪੱਟੀਆਂ ਖੋਹਲੀਆਂ ਤਾਂ ਸਤਵੰਤ ਸਿੰਘ ਸਾਹਮਣੇ ਫਰਸ਼ ਤੇ ਬੈਠਾ ਦਿਸਿਆ। ਪੋਹ ਦੀ ਠੰਡ ਤੇ ਪੁਲਿਸ ਤਸੀਹਿਆਂ ਨਾਲ ਉਸਦੀ ਹਾਲਤ ਬੜੀ ਵਿਗੜੀ ਹੋਈ ਸੀ। ਗਲ ਅੱਧੀਆਂ ਬਾਹਵਾਂ ਦੀ ਕਮੀਜ਼ ਤੇ ਤੇੜ ਸਿਰਫ ਨਿੱਕਰ-ਕੱਛਾ। ਉਸਦੀ ਅਧਮੋਈ ਹਾਲਤ ਵੇਖ ਕੇ ਬਲਜੀਤ ਰੋਣ ਲੱਗ ਪਈ, ਪਰ ਸਤਵੰਤ ਸਿੰਘ ਕਹਿੰਦਾ, "ਭੈਣ ਰੋ ਕੇ ਸਿੱਖ ਇਤਿਹਾਸ ਕਲੰਕਤ ਨਹੀਂ ਕਰਨਾ, ਚੜਦੀ ਕਲਾ 'ਚ ਰਹਿਣਾ ਧੌਣ ਉੱਚੀ ਕਰਕੇ ਜਿਊਣਾ ਤੇ ਧੌਣ ਉੱਚੀ ਕਰਕੇ ਮਰਨਾ।" ਸਤਵੰਤ ਸਿੰਘ ਦਾ ਹੌਂਸਲਾ ਵੇਖ ਕੇ ਅਸੀਂ ਵੀ ਚੜ੍ਹਦੀ

ਕਲਾ 'ਚ ਹੋ ਗਏ। ਫਿਰ ਸਤਵੰਤ ਸਿੰਘ ਮੈਨੂੰ ਪੁੱਛਣ ਲੱਗਾ, "ਭਾਪਾ, ਕੀ ਗੱਲ ਬੜਾ ਲਿੱਸਾ ਹੋਇਆਂ, ਪੁਲਿਸ ਵਾਲੇ ਮਾਰਦੇ ਤਾਂ ਨਹੀਂ ਰਹੇ?" ਮੈਂ ਕਿਹਾ, "ਮੈਨੂੰ ਤਾਂ ਕਿਸੇ ਨੇ ਕੁੱਝ ਨਹੀਂ ਆਖਿਆ, ਤੂੰ ਆਪਣੀ ਸੁਣਾ?" ਕਹਿੰਦਾ "ਭਾਪਾ, ਮੈਂ ਤਾਂ ਠੀਕ-ਠਾਕ ਚੜ੍ਹਦੀ ਕਲਾ 'ਚ ਆਂ।" ਮੈਂ ਕਿਹਾ, "ਤੇਰੀਆਂ ਲੱਤਾਂ ਨੂੰ ਕੀ ਹੋਇਆ.....?" ਕਹਿੰਦਾ ਠੀਕ ਨੇ। ਮੈਂ ਕਿਹਾ "ਪੁੱਤਰ ਤੁਰ ਕੇ ਵਿਖਾ।" ਉਹ ਬੜੀ ਮੁਸ਼ਕਲ ਨਾਲ ਉੱਠਿਆ, ਪਰ ਉਸ ਤੋਂ ਇੱਕ ਲਾਂਘ ਵੀ ਨਾ ਪੁੱਟੀ ਗਈ। ਹਾਲਤ ਤਾਂ ਉਸਦੀ ਦਿੱਸੀ ਜਾਂਦੀ ਸੀ, ਤੇਰਾਂ ਗੋਲੀਆਂ ਵੱਜੀਆਂ ਸਨ ਤੇ ਫੇਰ ਪੁਲਿਸ ਦੇ ਤਸੀਹੇ ਤੇ ਪੋਹ ਮਹੀਨੇ ਦੀ ਠੰਡ 'ਚ ਨੰਗਾ ਸਰੀਰ। ਜੇ ਸਤਵੰਤ ਸਿੰਘ ਜਿਉਂਦਾ ਸੀ ਤਾਂ 'ਅਕਾਲ ਪੁਰਖ ਵਾਹਿਗੁਰੂ' ਦੇ ਆਸਰੇ ਨਾਲ।

ਮੈਂ ਅਫਸਰਾਂ ਨੂੰ ਕਿਹਾ, "ਆਖਰ ਤੁਸੀਂ ਇਸਨੂੰ ਮਾਰ ਤਾਂ ਦੇਣਾ ਈ ਐ, ਪਰ ਜਿਉਂਦੇ ਨਾਲ ਕੁੱਝ ਤਾਂ ਬੰਦਿਆਂ ਵਾਲਾ ਵਰਤਾਉ ਕਰੋ।" ਅਫਸਰ ਕਹਿੰਦੇ "ਅਸੀਂ ਤਾਂ ਸਤਵੰਤ ਸਿੰਘ ਦੀ ਹਿਫਾਜਤ ਕਰ ਰਹੇ ਹਾਂ?" ਮੈਂ ਕਿਹਾ, "ਆਹ ਚੰਗੀ ਹਿਫਾਜਤ, ਤਨ ਉੱਤੇ ਕੋਈ ਲੀੜਾ-ਕੱਪੜਾ ਵੀ ਨਹੀਂ, ਇੰਨੀ ਠੰਡ 'ਚ ਹਿਫਾਜਤ ਇਸ ਤਰ੍ਹਾਂ ਕੀਤੀ ਜਾਂਦੀ ਐ.....।" ਮੈਂ ਆਪਣੇ ਕੱਪੜੇ ਲਾਹੁਣ ਲੱਗ ਪਿਆ। ਅਫਸਰ ਕਹਿੰਦੇ, "ਬਾਬਾ ਇਹ ਕਿਸੇ ਨਹੀਂ ਇਹਨੂੰ ਪਾਉਣ ਦੇਣੈ।" ਮੈਂ ਫਿਰ ਜੇਬ 'ਚੋਂ 1100 ਰੁਪਏ ਕੱਢੇ ਤੇ ਅਫਸਰਾਂ ਨੂੰ ਕਿਹਾ ਕਿ "ਸਤਵੰਤ ਸਿੰਘ ਨੂੰ ਕੱਪੜੇ ਲਿਆ ਕੇ ਦਿਉ।" ਉਨ੍ਹਾਂ ਵਿੱਚੋਂ ਉਨਾਂ ਨੇ 300 ਰੁਪਏ ਰੱਖੇ। ਮੈਂ ਕਿਹਾ "ਮੈਨੂੰ ਆਪ ਲਿਆ ਕੇ ਪਾ ਲੈਣ ਦਿਉ, ਮੈਨੂੰ ਉਵੇਂ ਤਸੱਲੀ ਨਹੀਂ ਹੋਣੀ?" ਉਹ ਕਹਿੰਦੇ "ਇਸ ਤਰ੍ਹਾਂ ਨਹੀਂ ਹੋ ਸਕਦਾ।" ਮੁਲਾਕਾਤ ਦਾ ਵੇਲਾ ਖਤਮ ਹੋ ਗਿਆ, ਸਤਵੰਤ ਨੂੰ ਅੱਖਾਂ ਨਾਲ ਵੇਖ ਕੇ, ਉਸੇ ਹਾਲਤ 'ਚ ਹੀ ਵਾਪਸ ਆ ਗਏ। ਹਾਂ ਮੈਂ ਤੁਰਦਿਆਂ-ਤੁਰਦਿਆਂ ਸਤਵੰਤ ਨੂੰ ਤਈਦ ਕੀਤੀ, "ਸਤਵੰਤ! ਜੇ ਕੰਮ ਸੂਰਮਿਆਂ ਵਾਲਾ ਕਰ ਈ ਲਿਆ ਈ ਤਾਂ ਹੁਣ ਇਹਨਾਂ ਦੇ ਤਸੀਹੇ ਵੀ ਸੂਰਮਾ ਬਣ ਕੇ ਝੱਲੀਂ, ਵੇਖੀਂ ਕਿਤੇ ਤਸੀਹਿਆਂ ਤੋਂ ਬਚਣ ਲਈ ਕਿਸੇ ਹੋਰ ਨੂੰ ਨਜ਼ਾਇਜ ਨਾਂ ਲੈ ਕੇ ਨਾ ਫਸਾਈ ਜਾਵੀਂ। ਇਹਨਾਂ ਤੇਰੇ ਨਾਲ ਹਾਲੇ ਬਹੁਤ ਕੁੱਝ ਕਰਨਾ ਈ।" ਉਸ (ਸਤਵੰਤ) ਨੇ ਮੇਰੇ ਨਾਲ ਵਾਅਦਾ ਕੀਤਾ "ਭਾਪਾ, ਮੈਂ ਸੀ ਨਹੀਂ ਕਰਦਾ, ਫਿਕਰ ਨਾ ਕਰ ਤੂੰ, ਜੇ ਜਿਉਂਦਿਆਂ ਧੌਣ ਉੱਚੀ ਰੱਖੀ ਐ ਤੇ ਹੁਣ ਵੀ ਮਾਣ ਨਾਲ ਧੌਣ ਉੱਚੀ ਰੱਖੂਗਾ ਅਤੇ ਮਰੂੰਗਾ ਵੀ ਧੌਣ ਉੱਚੀ ਕਰਕੇ ਈ, ਤੇਰੀ ਪੱਗ ਨੂੰ ਦਾਗ ਨਹੀਂ ਲੱਗਣ ਦਿੰਦਾ। ਪਰ ਤੂੰ ਵੀ ਹਰ ਮੁਸੀਬਤ ਦਾ ਹੱਸਕੇ ਟਾਕਰਾ ਕਰੀਂ, ਜੋ ਵੀ ਕਸ਼ਟ ਆਉਂਦਾ ਉਹਨੂੰ ਹੱਸ ਕੇ ਸਹਿਣਾ, ਸਿੱਖ ਕੌਮ ਦੀ ਇੱਜ਼ਤ 'ਪੱਗ ਦੀ ਲਾਜ' ਰੱਖਣੀ ਹੈ.....?"

ਬਾਪੂ ਤਰਲੋਕ ਸਿੰਘ ਦੇ ਕਹੇ ਅਨੁਸਾਰ ਸਤਵੰਤ ਦਿਨਾਂ ਵਿੱਚ ਹੀ

ਜੈ-ਬਲ-ਨੈ, ਚੜ੍ਹਦੀ ਕਲਾ ਵਿੱਚ ਹੋ ਗਿਆ। ਸਤਵੰਤ ਸਿੰਘ ਦੀ ਰੋਟੀ ਜੇਲ੍ਹ ਦੇ ਲੰਗਰ ਵਿੱਚੋਂ ਨਹੀਂ ਸੀ ਆਉਂਦੀ, ਅਸੀਂ ਸਾਰਾ ਰਾਸ਼ਨ, ਆਟਾ, ਦਾਲਾਂ, ਘਿਉ, ਕਾਜੂ, ਬਦਾਮ, ਸਾਬਣ-ਤੇਲ, ਜੁੱਤੀ ਲੀੜਾ ਕੱਪੜਾ ਅਤੇ ਹਰੀਆਂ ਸਬਜ਼ੀਆਂ ਘਰੋਂ ਲੈ ਕੇ ਆਉਂਦੇ ਜਾਂਦੇ ਸਾਂ। 5 ਦਿਨਾਂ 'ਚ ਮੁਲਾਕਾਤ ਦੋ ਦਿਨ ਸ਼ਨੀਵਾਰ ਅਤੇ ਸੋਮਵਾਰ ਹੋ ਜਾਂਦੀ ਸੀ। 15 ਦਿਨਾਂ ਦਾ ਰਾਸ਼ਨ ਅਸੀਂ ਖੁੱਲਾ-ਡੁੱਲਾ ਲੈ ਜਾਂਦੇ ਸੀ। ਜੇਲ੍ਹ ਅਧਿਕਾਰੀਆਂ ਨੇ ਨਿੱਕੂ ਨਾਮ ਦਾ ਛੋਟੀ ਉਮਰ ਦਾ ਇੱਕ ਮੁੰਡਾ ਰੋਟੀ ਪਕਾਉਣ ਵਾਸਤੇ ਦਿੱਤਾ ਹੋਇਆ ਸੀ, ਤੇ ਨਿੱਕੂ ਨੂੰ ਸਤਵੰਤ ਰੋਟੀ ਅਤੇ ਹਰ ਲੋੜੀਂਦੀ ਚੀਜ਼ ਦੇ ਦਿੰਦਾ ਸੀ। ਡਾਕਟਰ ਹਰ ਵੇਲੇ ਦੀ ਰੋਟੀ ਪਹਿਲਾਂ ਆਪ ਖਾ ਕੇ ਚੈੱਕ ਕਰਕੇ ਫਿਰ ਸਤਵੰਤ ਨੂੰ ਖਾਣ ਵਾਸਤੇ ਦੇਂਦਾ ਸੀ। ਸਤਵੰਤ ਦਾ ਸੁਭਾਅ ਵੀ ਬੜਾ ਦਾਨੀ ਸੀ, ਲੋੜਵੰਦਾਂ ਨੂੰ ਕੋਲ ਪਈ ਹੋਈ ਚੀਜ਼ ਵੰਡ ਕੇ ਖੁਸ਼ ਰਹਿੰਦਾ ਸੀ। ਗੁਰਬਾਣੀ ਦੇ ਗੁਟਕੇ ਤੋਂ ਨਿਤਨੇਮ ਕਰਦਿਆਂ, ਬਾਣੀ ਪੜ੍ਹਦਿਆਂ ਬਹੁਤਾ ਸਮਾਂ ਗੁਜ਼ਾਰਦਾ ਸੀ। ਮੈਨੂੰ ਜੇਲ੍ਹ ਦੇ ਅਧਿਕਾਰੀ ਅਤੇ ਗਾਰਡ ਅਕਸਰ ਕਹਿੰਦੇ ਸੀ "ਬਾਬਾ ਜੀ, ਸਤਵੰਤ ਸਿੰਘ ਜਦੋਂ ਦੇਖੋ, ਚੌਂਕੜਾ ਲਗਾ ਕੇ ਭਗਵਾਨ ਕਾ ਨਾਮ ਜਪਦਾ ਰਹਿੰਦਾ ਹੈ, ਪਤਾ ਨਹੀਂ ਇਹ ਸੌਂਦਾ ਕਦੋਂ ਹੈ? ਜਦੋਂ ਅਸੀਂ ਗੱਲਬਾਤ ਕਰਦੇ ਹਾਂ ਤਾਂ ਖੁਸ਼ੀ-ਖੁਸ਼ੀ ਆਪਣਿਆਂ ਵਾਂਗ ਮਿਲਦਾ ਹੈ। ਬਾਬਾ ਜੀ, ਸੱਚ ਮੰਨਿਓ, ਸਾਨੂੰ ਇਸ ਵਿੱਚੋਂ ਅਪਰਾਧੀ ਵਾਲੀ ਤਬੀਅਤ ਨਹੀਂ ਸਗੋਂ ਇੱਕ ਮਹਾਨ ਤਪੱਸਵੀ, ਸਾਧੂ-ਮਹਾਤਮਾ ਦੀ ਆਤਮਾ ਦੇ ਦਰਸ਼ਨ ਹੁੰਦੇ ਅਤੇ ਇਸ ਦੀਆਂ ਗੱਲਾਂ ਸੁਣ ਕੇ ਸਰੀਰ ਵਿੱਚ ਅਗੰਮੀ ਸ਼ਕਤੀ ਦੀ ਝੂਨ-ਝਨੀ ਉੱਠਦੀ ਹੈ। ਅਕਸਰ ਇਸ ਦੇ ਚਿਹਰੇ ਦੀ ਤਸਵੀਰ ਸੁੱਤੇ ਪਿਆਂ ਅੱਖਾਂ ਅੱਗੇ ਆ ਜਾਂਦੀ ਹੈ....? ਅਸੀਂ ਕਿੰਨੇ ਖੁਸ਼ ਕਿਸਮਤ ਆਂ ਜਿਨ੍ਹਾਂ ਨੂੰ ਸਤਵੰਤ ਸਿੰਘ ਨਾਲ ਗੱਲਬਾਤ ਕਰਨ ਅਤੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਭਗਵਾਨ ਦੀ ਕ੍ਰਿਪਾ ਨਾਲ।" ਮੈਂ ਇਹਨਾਂ ਗੱਲਾਂ ਦਾ ਕਦੀ ਕੋਈ ਜਵਾਬ ਨਾ ਦੇਂਦਾ, ਬੱਸ ਇੰਨਾ ਹੀ ਕਹਿ ਛੱਡਦਾ, "ਜੋ ਕੁੱਝ ਹੋ ਰਿਹਾ ਹੈ, ਇਹ ਸਭ ਭਗਵਾਨ (ਅਕਾਲ ਪੁਰਖ ਵਾਹਿਗੁਰੂ) ਦੀ ਰਜ਼ਾ 'ਚ ਹੀ ਹੈ।"

੧

ਇੰਦਰਾ ਕਤਲ ਕੇਸ ਦਾ ਚਲਾਨ ਡੀ.ਐੱਸ.ਪੀ. ਅਨੰਤਰਾਮ ਕੋਛੜ ਦਿੱਲੀ ਪੁਲਸ ਵੱਲੋਂ ਤਿਹਾੜ ਜੇਲ੍ਹ ਅੰਦਰ ਬਣੀ ਸਪੈਸ਼ਲ ਅਦਾਲਤ ਵਿਚ ਪੇਸ਼ ਕੀਤਾ ਗਿਆ। ਇੰਦਰਾ ਗਾਂਧੀ ਦੇ ਕਤਲ ਦੇ ਕੇਸ ਵਿਚ ਸਤਵੰਤ ਸਿੰਘ, ਕਿਹਰ ਸਿੰਘ ਅਤੇ ਬਲਬੀਰ ਸਿੰਘ ਸਬ-ਇੰਸਪੈਕਟਰ ਦਿੱਲੀ ਪੁਲਿਸ ਨੂੰ ਭਾਰਤੀ ਦੰਡਾਵਲੀ ਦੀ ਧਾਰਾ 302/307/120-B ਅਤੇ ਆਰਮਜ਼ ਐਕਟ ਦੀ ਧਾਰਾ 25/27 ਅਧੀਨ ਪਰਚਾ ਦਰਜ ਕੀਤਾ ਗਿਆ ਸੀ। ਤਿਹਾੜ ਜੇਲ੍ਹ ਅੰਦਰ ਸਪੈਸ਼ਲ ਅਦਾਲਤ ਲਾਈ ਗਈ। ਇਸ ਕੇਸ ਦੀ ਪੈਰਵੀ ਲਈ ਖਾਸ ਤੌਰ ਤੇ ਨੋਟੀਫਿਕੇਸ਼ਨ ਜਾਰੀ ਕਰਕੇ ਸ. ਕਿਹਰ ਸਿੰਘ ਅਤੇ ਸ. ਬਲਬੀਰ ਸਿੰਘ ਦਾ ਕੇਸ ਸ੍ਰੀ ਰਾਮ ਜੇਠਮਲਾਨੀ ਅਤੇ ਸਤਵੰਤ ਸਿੰਘ ਦਾ ਕੇਸ ਸ੍ਰੀ ਪ੍ਰਾਣਨਾਥ ਲੇਖੀ ਅਤੇ ਸ. ਰੁਪਿੰਦਰ ਸਿੰਘ ਸੋਢੀ ਨਾਮੀ ਉੱਘੇ ਵਕੀਲ ਲੜ ਰਹੇ ਸਨ। ਅਦਾਲਤੀ ਕਾਰਵਾਈ ਕਰੜੇ ਸੁਰੱਖਿਅਤ ਪ੍ਰਬੰਧਾਂ ਹੇਠ ਸ਼ੁਰੂ ਹੁੰਦੀ, ਵਕੀਲ ਵੀ ਤਿਹਾੜ ਜੇਲ੍ਹ ਅੰਦਰ ਪਹੁੰਚ ਜਾਂਦੇ। ਪੁਲਿਸ ਸਤਵੰਤ ਸਿੰਘ, ਕਿਹਰ ਸਿੰਘ, ਬਲਬੀਰ ਸਿੰਘ ਨੂੰ ਜੇਲ੍ਹ ਅੰਦਰ ਬਣਾਈ ਗਈ ਸਪੈਸ਼ਲ ਅਦਾਲਤ ਅੰਦਰ ਲੈ ਕੇ ਆਉਂਦੀ। ਅਦਾਲਤ 'ਚ ਪਹੁੰਚਦਿਆਂ ਹੀ ਤਿੰਨੇ ਸਿੰਘ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਬੁਲਾ ਕੇ ਖ਼ਾਲਸਾਈ ਰਵਾਇਤਾਂ ਅਤੇ ਚੜ੍ਹਦੀ ਕਲਾ ਦਾ ਸਬੂਤ ਦਿੰਦੇ। ਸਤਵੰਤ ਸਿੰਘ ਨੂੰ ਅਦਾਲਤ ਅੰਦਰ ਖਾਸ ਤੌਰ ਤੇ ਬਣਾਏ ਗਏ ਬੁਲਟ ਪਰੂਫ ਸ਼ੀਸ਼ੇ ਦੇ ਕੈਬਿਨ 'ਚ ਬਿਠਾਇਆ ਜਾਂਦਾ। ਅਦਾਲਤੀ ਕਾਰਵਾਈ ਸੁਣਨ ਤੇ ਵੇਖਣ ਲਈ ਬਹੁਤ ਸਾਰੇ ਪੱਤਰਕਾਰ ਵੀ ਜੇਲ੍ਹ ਅੰਦਰ ਬਣਾਈ ਗਈ ਅਦਾਲਤ 'ਚ ਮੌਜੂਦ ਹੁੰਦੇ। ਅਦਾਲਤੀ ਕਾਰਵਾਈ ਸ਼ੁਰੂ ਹੁੰਦੀ ਤਾਂ (ਮਜਬੂਰ ਕਰਕੇ ਬਣਾਏ ਗਏ ਫਰਜ਼ੀ ਸਰਕਾਰੀ ਗਵਾਹ) ਨੂੰ ਅਦਾਲਤ ਦੇ ਅੰਦਰ ਹੀ ਡੀ.ਐੱਸ.ਪੀ. ਅਨੰਤ ਰਾਮ ਕੋਛੜ ਗਵਾਹੀਆਂ ਸਮਝਾਉਣ ਲੱਗ ਪੈਂਦਾ ਤਾਂ ਵਕੀਲ ਲੇਖੀ ਇਸ ਦਾ ਡੱਟ ਕੇ ਵਿਰੋਧ ਕਰਦੇ। ਇਸ ਲਈ ਡੀ.ਐੱਸ.ਪੀ. ਕੋਛੜ ਨੂੰ ਜੱਜ ਦੀ ਝਾੜ ਪਾਉਂਦਾ। ਕੋਛੜ ਬੇਇੱਜ਼ਤੀ ਹੋਣ ਕਾਰਨ ਹਰ ਵਾਰ ਜੱਜ ਨੂੰ ਕਹਿੰਦਾ, ਵਕੀਲ ਲੇਖੀ ਦੇ (ਕਾਨੂੰਨੀ ਕਿਤਾਬਾਂ ਵਾਲੇ ਬੈਗ) ਥੈਲੇ ਦੀ ਤਲਾਸ਼ੀ ਲਈ ਜਾਵੇ। ਵਕੀਲ

ਲੇਖੀ ਵੀ ਅੜ ਗਏ। "ਮੈਨੂੰ ਕਾਨੂੰਨ 'ਚ ਲਿਖਿਆ ਵਿਖਾਉ ਕਿ ਮੁਲਜ਼ਮ ਦਾ ਕੇਸ ਲੜ ਰਹੇ ਵਕੀਲ ਦੇ ਥੈਲੇ ਦੀ ਤਲਾਸ਼ੀ ਲੈਣੀ ਜ਼ਰੂਰੀ ਹੈ।" ਲੇਖੀ ਅਦਾਲਤ 'ਚੋਂ ਬਾਈਕਾਟ ਕਰਕੇ ਬਾਹਰ ਆ ਜਾਂਦੇ। ਅਦਾਲਤ ਬਿਨਾਂ ਕਿਸੇ ਕਾਰਵਾਈ ਦੇ ਬਰਖਾਸਤ ਹੋ ਜਾਂਦੀ। ਅਨੇਕਾਂ ਵਾਰ ਡੀ.ਐੱਸ.ਪੀ ਕੋਛੜ ਨੇ ਲੇਖੀ ਦੇ ਝੋਲੇ ਦੀ ਤਲਾਸ਼ੀ ਕਰਨ ਦਾ ਮੁੱਦਾ ਉਠਾਇਆ ਤੇ ਲੇਖੀ ਨੇ ਅਦਾਲਤ ਦਾ ਬਾਈਕਾਟ ਕੀਤਾ। ਇੱਕ ਦਿਨ ਆਮ ਦੀ ਤਰ੍ਹਾਂ ਹੋਈ ਬਹਿਸ ਤੋਂ ਬਾਅਦ ਬਾਈਕਾਟ ਕਰ ਕੇ ਵਕੀਲ ਪ੍ਰਾਣ ਨਾਥ ਲੇਖੀ ਆਪਣੀ ਕਾਰ ਰਾਹੀਂ ਤਿਹਾੜ ਜੇਲ੍ਹ ਤੋਂ ਵਾਪਸ ਆ ਰਹੇ ਸਨ ਕਿ ਅੱਗੋਂ ਸਰਕਾਰੀ ਵਕੀਲ ਨੇ ਆਪਣੀ ਕਾਰ ਦੀ ਬੱਤੀ ਦਾ ਇਸ਼ਾਰਾ ਕਰਕੇ ਰੋਕ ਲਿਆ ਅਤੇ ਕਾਰ ਚੋਂ ਉਤਰ ਕੇ ਵਕੀਲ ਲੇਖੀ ਨੂੰ ਕਿਹਾ "ਲੇਖੀ ਸਾਹਬ ਵਾਪਸ ਚੱਲੋ। ਤੁਹਾਡੇ ਬੈਗ ਦੀ ਕੋਈ ਤਲਾਸ਼ੀ ਨਹੀਂ ਲੈ ਸਕਦਾ।" ਸਰਕਾਰੀ ਵਕੀਲ ਦੀ ਬੇਨਤੀ ਮੰਨ ਕੇ ਵਕੀਲ ਪ੍ਰਾਣ ਨਾਥ ਲੇਖੀ ਕਾਰ ਮੋੜ ਕੇ ਵਾਪਸ ਤਿਹਾੜ ਜੇਲ੍ਹ ਦੀ ਅਦਾਲਤ 'ਚ ਆ ਗਏ। ਇੱਕ ਹਫਤੇ 'ਚ ਤਿੰਨ ਵਾਰੀ ਅਦਾਲਤ ਦਾ ਬਾਈਕਾਟ ਹੋਇਆ। ਜਦੋਂ ਲੇਖੀ ਅਦਾਲਤ ਦੇ ਅੰਦਰ ਗਏ ਮੈਂ (ਸਤਵੰਤ ਸਿੰਘ ਦਾ ਪਿਤਾ ਤਰਲੋਕ ਸਿੰਘ) ਅਦਾਲਤ ਅੰਦਰ ਹਾਜ਼ਰ ਸਾਂ। ਜੱਜ ਰਮੇਸ਼ ਚੰਦਰ ਨੇ ਖੜ੍ਹੇ ਹੋ ਕੇ (ਕੁਰਸੀ ਤੇ ਬੈਠਾ ਨਹੀਂ) ਕਿਹਾ "ਲੇਖੀ, ਤੂੰ ਆਉਣਾ ਭਾਗ (ਭੱਜ) ਜਾਣਾ" ਮੈਂ ਬਿਨਾਂ ਗਵਾਹਾਂ ਤੋਂ ਹੁਕਮ ਦੇ ਸਕਦੈਂ, ਕੇਸ ਦਾ ਫੈਸਲਾ ਕਰ ਸਕਦਾ ਹਾਂ।

ਇਸ ਤੋਂ ਪਹਿਲਾਂ ਸਤਵੰਤ ਸਿੰਘ ਦੀ ਅਕਸਰ ਮੇਰੇ ਨਾਲ ਗੱਲ (ਬਾਪੂ ਤਰਲੋਕ ਸਿੰਘ) ਚਲਦੀ ਸੀ "ਬਾਪੂ, ਮੈਨੂੰ ਇੰਦਰਾ ਕਤਲ ਦਾ ਇਕਬਾਲ ਕਰ ਲੈਣ ਦਿਉ।" ਵਕੀਲ ਰੁਪਿੰਦਰ ਸਿੰਘ ਸੋਢੀ ਨੇ ਵੀ ਮੈਨੂੰ ਕਿਹਾ ਸੀ "ਜਦੋਂ ਮੁੰਡਾ (ਸਤਵੰਤ ਸਿੰਘ) ਇਕਬਾਲ ਕਰਨਾ ਚਾਹੁੰਦਾ ਹੈ ਤਾਂ ਬਾਪੂ ਤੂੰ ਕਿਉਂ ਨਹੀਂ ਇਕਬਾਲ ਕਰਨ ਦਿੰਦਾ?" ਮੈਂ ਕਿਹਾ "ਸੋਢੀ ਸਾਹਿਬ, ਜੇ ਮੇਰੇ ਪੁੱਤਰ ਦੀ ਥਾਂ ਤੁਹਾਡਾ ਪੁੱਤਰ ਹੋਵੇ ਤਾਂ ਤੁਹਾਡਾ ਵੀ ਹੌਸਲਾ ਨਾ ਪਵੇ।" ਜਦੋਂ ਜੱਜ ਰਮੇਸ਼ ਚੰਦਰ ਨੇ ਪ੍ਰਾਣ ਨਾਥ ਲੇਖੀ ਵਕੀਲ ਨੂੰ ਵੰਗਾਰਿਆ ਕਿ ਮੈਂ ਬਿਨਾਂ ਗਵਾਹਾਂ ਦੇ ਫੈਸਲਾ ਦੇ ਸਕਦਾ ਹਾਂ, ਤਾਂ ਸਤਵੰਤ ਸਿੰਘ ਨੇ ਬੁਲਟ ਪਰੂਫ ਸ਼ੀਸ਼ੇ ਦੇ ਕੈਬਿਨ ਚੋਂ ਇਸ਼ਾਰੇ ਨਾਲ ਕਿਹਾ "ਸੁਣ ਲੈ ਬਾਪੂ ਹਾਕਮਾਂ ਦੀ ਨੀਤੀ।"

ਫਿਰ ਮੈਨੂੰ ਸਮਝ ਪਈ ਜਦੋਂ ਜੱਜ ਵੀ ਫਿਰਕਾ ਪ੍ਰਸਤੀ ਦੀ ਅੱਗ ਵਿੱਚ ਸੁਲਗ ਰਿਹਾ ਹੈ, ਤਾਂ ਸਤਵੰਤ ਸਿੰਘ ਦਾ ਕਤਲ ਨੂੰ ਇਕਬਾਲ ਕਰਨ ਦਾ ਫੈਸਲਾ ਦਰੁਸਤ ਹੈ। ਇੱਥੇ ਹਾਕਮਾਂ ਤੋਂ ਕਿਸੇ ਇਨਸਾਫ ਦੀ ਉਮੀਦ ਨਹੀਂ। ਇਸੇ ਤਰ੍ਹਾਂ ਦਿਨ ਬੀਤਦੇ ਗਏ ਤੇ ਸਰਕਾਰੀ ਗਵਾਹ ਸਰਕਾਰ ਦੀ ਮਰਜ਼ੀ ਨਾਲ

ਐਮ.ਐੱਸ ਡਾਕਟਰ ਗਵਾਹੀ ਦੇਣ ਲਈ ਅਦਾਲਤ ਵਿੱਚ ਹਾਜ਼ਰ ਹੋਇਆ ਤੇ ਕਹਿੰਦਾ "ਬਾਰ੍ਹਾਂ ਵਜੇ (31 ਅਕਤੂਬਰ 1984 ਨੂੰ) ਮੈਂ ਪੋਸਟ ਮਾਰਟਮ ਕਰ ਰਿਹਾ ਸਾਂ।" ਤਾਂ ਵਕੀਲ ਪੀ.ਐੱਨ. ਲੇਖੀ ਨੇ ਕਿਹਾ ਜੱਜ ਸਾਹਿਬ "ਡਾਕਟਰ ਸਾਹਬ ਕਹਿ ਰਹੇ ਹਨ ਕਿ ਮੈਂ 31 ਅਕਤੂਬਰ ਦਿਨ ਦੇ ਬਾਰ੍ਹਾਂ ਵਜੇ ਪੋਸਟ ਮਾਰਟਮ ਕੀਤਾ ਰਿਪੋਰਟ ਵਿੱਚ ਲਿਖਿਆ ਹੈ 31 ਅਕਤੂਬਰ ਦਿਨ ਦੇ ਬਾਰ੍ਹਾਂ ਵਜੇ ਜ਼ਖ਼ਮੀ ਇੰਦਰ ਗਾਂਧੀ ਨੂੰ ਬਲੱਡ (ਖ਼ੂਨ) ਚੜ੍ਹ ਰਿਹਾ ਸੀ।" ਵਕੀਲ ਲੇਖੀ ਨੇ ਫਾਇਲ ਜੱਜ ਸਾਹਿਬ ਅੱਗੇ ਕਰਦਿਆਂ ਕਿਹਾ "ਦੇਖੋ ਜਨਾਬ ਜੱਜ ਸਾਹਬ, ਡਾ. ਸਾਹਿਬ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਜਿਉਂਦਿਆਂ ਹੀ ਪੋਸਟ ਮਾਰਟਮ ਕਰ ਰਿਹਾ ਸੀ।" ਡਾਕਟਰ, ਵਕੀਲ ਪ੍ਰਾਣ ਨਾਥ ਲੇਖੀ ਅੱਗੇ ਹੱਥ ਜੋੜਨ ਲੱਗ ਪਿਆ। ਇਸ ਮੌਕੇ ਤਿਹਾੜ ਜੇਲ੍ਹ ਵਿਚ ਬਣੀ ਸਪੈਸ਼ਲ ਅਦਾਲਤ 'ਚ ਪੱਤਰਕਾਰ (ਜੋ ਕੇਸ ਦੀ ਬਹਿਸ-ਸੁਣਵਾਈ ਸੁਣ ਰਹੇ ਸਨ) ਮੌਜੂਦ ਸਨ। ਮੈਂ ਕਿਹਾ (ਬਾਪੂ ਤਰਲੋਕ ਸਿੰਘ) ਪੱਤਰਕਾਰੋ "ਤੁਸੀਂ ਇਹ ਖ਼ਬਰ ਅਖ਼ਬਾਰ ਵਿੱਚ ਲਿਖੋਗੇ?" ਤਾਂ ਪੱਤਰਕਾਰਾਂ ਨਾਂਹ ਵਿੱਚ ਸਿਰ ਹਿਲਾਇਆ "ਸਰਦਾਰ ਜੀ, ਹਮ ਯਹ ਖ਼ਬਰ ਨਹੀਂ ਦੇ ਸਕਤੇ, ਜੋ ਹਮ ਲਿਖਤੇ ਹੈ ਵੋ ਸੈਂਸਰ ਹੋਤਾ ਹੈ, ਜੋ ਸਰਕਾਰ ਕਹਿਤੀ ਹੈ, ਚਾਹਤੀ ਹੈ ਵੋਹੀ ਹਮ ਲਿਖਤੇ ਹੈਂ।"

10

ਆਖ਼ਰ ਅਦਾਲਤ ਨੇ ਇੰਦਰਾ ਗਾਂਧੀ ਕਤਲ ਕੇਸ ਦਾ ਫੈਸਲਾ ਦਿੱਤਾ, ਜੱਜ ਵੱਲੋਂ ਸਤਵੰਤ ਸਿੰਘ, ਕਿਹਰ ਸਿੰਘ ਤੇ ਬਲਬੀਰ ਸਿੰਘ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਸਤਵੰਤ ਸਿੰਘ ਨੇ ਬੜੇ ਫਖਰ ਅਤੇ ਅਦਬ ਨਾਲ ਅਦਾਲਤ ਦੇ ਫੈਸਲੇ ਦਾ ਸਵਾਗਤ ਕੀਤਾ, "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਗਜਾਈ। ਸ. ਕਿਹਰ ਸਿੰਘ ਤੇ ਸ. ਬਲਬੀਰ ਸਿੰਘ ਦੇ ਵਕੀਲ ਸ੍ਰੀ ਰਾਮ ਜੇਠਮਲਾਨੀ ਨੇ ਮੌਤ ਦੀ ਸਜ਼ਾ ਦੇ ਫੈਸਲੇ ਨੂੰ ਮੰਦ ਭਾਗਾ ਦੱਸਿਆ। ਸ੍ਰੀ ਜੇਠਮਲਾਨੀ ਵਕੀਲ ਨੇ ਕਿਹਰ ਸਿੰਘ, ਬਲਬੀਰ ਸਿੰਘ ਦਾ ਕੇਸ ਹਾਈਕੋਰਟ ਵਿੱਚ ਅਪੀਲ ਕਰਨ ਲਈ ਦੋਹਾਂ ਸਿੰਘਾਂ ਤੋਂ ਦਸਤਖਤ ਕਰਵਾ ਲਏ।

ਸਤਵੰਤ ਸਿੰਘ ਨੇ ਹਾਈਕੋਰਟ ਵਿੱਚ ਅਪੀਲ ਕਰਨ ਤੋਂ ਇਨਕਾਰ ਕੀਤੀ, ਮੈਂ ਕਿਹਾ ਸਤਵੰਤ ਤੂੰ ਫਾਂਸੀ ਤਾਂ ਚੜ੍ਹਨਾ ਹੀ ਹੈ। ਸਾਨੂੰ ਆਪਣਾ ਚਾਰਾ ਲਾ ਲੈਣ ਦੇ। ਸਾਡੇ ਕੋਲ ਕੁੱਝ ਹੋਰ ਸਮਾਂ ਹੋਊ ਸਾਡੀ ਤਸੱਲੀ ਹੋ ਜਾਊ। ਮੇਰਾ ਵਿਚਾਰ ਸੀ ਕਿ ਸ਼ਾਇਦ ਸਮਾਂ ਹੋਊ ਤਾਂ ਕਿਤੇ ਹਲਾਤ ਵੀ ਬਦਲ ਜਾਣ। ਪਰ ਸਤਵੰਤ ਤਾਂ ਜਿਵੇਂ ਜ਼ਿੰਦਗੀ, ਮੌਤ ਵਿੱਚ ਕੋਈ ਫਰਕ ਹੀ ਨਹੀਂ ਸੀ ਸਮਝਦਾ। ਬੜੀਆਂ ਮਿੰਨਤਾਂ ਕਰਕੇ ਮੈਂ ਤੇ ਵਕੀਲ ਸੋਢੀ ਨੇ ਮਨਾਇਆ, ਰੁਪਿੰਦਰ ਸਿੰਘ ਸੋਢੀ ਵਕੀਲ ਨੇ ਸਿਆਣਪ ਤੋਂ ਕੰਮ ਲੈਂਦਿਆਂ ਇੱਕ ਫਾਰਮ ਦੀ ਥਾਂ ਦੋਹਰੇ ਫਾਰਮਾਂ ਤੇ ਸਤਵੰਤ ਸਿੰਘ ਤੋਂ ਦਸਤਖਤ ਕਰਵਾ ਲਏ। ਸਾਡਾ ਵਿਚਾਰ ਸੀ ਕਿ ਹਾਈਕੋਰਟ 'ਚ ਅਪੀਲ ਰੱਦ ਹੋ ਜਾਣ ਤੇ ਸੁਪਰੀਮ ਕੋਰਟ ਵਿੱਚ ਅਪੀਲ ਕਰਨ ਲਈ ਸਤਵੰਤ ਸਿੰਘ ਤੋਂ ਦੁਬਾਰਾ ਦਸਤਖਤ ਕਰਵਾਉਣ ਲਈ ਇੰਨੀ ਮਿਹਨਤ ਨਾ ਕਰਨੀ ਪਵੇ। ਵਕੀਲ ਲੇਖੀ ਅਤੇ ਸੋਢੀ ਨੇ ਹਾਈਕੋਰਟ ਵਿੱਚ ਮੌਤ ਦੀ ਸਜ਼ਾ ਰੱਦ ਕਰਨ ਲਈ ਕਾਨੂੰਨੀ ਲੜਾਈ ਲੜਨ ਲਈ ਅਪੀਲ ਕਰ ਦਿੱਤੀ।

ਅਦਾਲਤ ਵੱਲੋਂ ਫਾਂਸੀ ਦੀ ਸਜ਼ਾ ਸੁਣਾਉਣ ਤੋਂ ਬਾਅਦ ਸਤਵੰਤ ਸਿੰਘ ਬੇਪਰਵਾਹ ਤੇ ਚੜ੍ਹਦੀ ਕਲਾ ਵਿੱਚ ਸੀ। ਮੁਲਾਕਾਤ ਦੌਰਾਨ ਅਸੀਂ ਪਿਤਾ-ਪੁੱਤਰ ਹਾਸੇ ਮਖੌਲ ਵਾਲਾ ਮਾਹੌਲ ਸਿਰਜ ਲੈਂਦੇ ਸਾਂ, ਜਿਸ ਨੂੰ ਦੇਖ ਕੇ ਜੇਲ੍ਹ ਅਧਿਕਾਰੀ ਹੈਰਾਨ ਹੁੰਦੇ ਹਨ ਕਿ ਸਿੱਖੀ ਦਾ ਆਸ਼ਕ "ਮੌਤ ਦੀਆਂ ਅੱਖਾਂ 'ਚ ਅੱਖਾਂ ਪਾ

ਕੇ ਮੌਤ 'ਚੋਂ ਵੀ ਜ਼ਿੰਦਗੀ ਭਾਲਦਾ ਹੈ"। ਮੈਂ ਆਖਿਆ "ਸਤਵੰਤ ਹੁਣ ਮਿਲਣ ਨੂੰ ਜੀਅ ਨਹੀਂ ਕਰਦਾ।" ਸਤਵੰਤ ਕਹਿੰਦਾ "ਬਾਪੂ ਕਿਸ ਨੂੰ?" ਮੈਂ ਮਖੌਲ ਨਾਲ ਕਿਹਾ "ਜਿਨੂੰ ਮਿਲਣ ਲਈ ਉਦੋਂ ਸਿਫਾਰਸ਼ਾਂ ਪਾਉਂਦਾ ਸੀ।" ਉਦੋਂ ਤਾਂ ਸਿਫਾਰਸ਼ਾਂ ਪਾਉਂਦਾ ਸੀ "ਬਾਪੂ ਨੂੰ ਕਹੋ ਇੱਕ ਵਾਰੀ ਸਿੰਘਣੀ ਨੂੰ ਮਿਲ ਲੈਣ ਦੇ, ਹੁਣ ਇੰਨੀ ਛੇਤੀ ਸ਼ਿੰਦਰ (ਸੁਰਿੰਦਰ ਕੌਰ) ਨੂੰ ਵੀ ਭੁੱਲ ਗਿਆ" ਕਹਿੰਦਾ "ਬਾਪੂ ਕੌਣ ਮਿਲਾਊ?" ਮੈਂ ਕਿਹਾ "ਮੈਂ ਮਿਲਾਊਂ।" ਹੁਣ ਜਿਸ ਦਿਨ ਮੁਲਾਕਾਤ ਲਈ ਆਏ, ਸ਼ਿੰਦਰ ਨੂੰ ਨਾਲ ਲੈ ਕੇ ਆਵਾਂਗੇ" ਕਹਿੰਦਾ ਫਿਰ ਮਿਲਾ ਦਿਉ।

ਮੈਂ ਭਾਈਆ ਵਿਰਸਾ ਸਿੰਘ ਜੱਟਾਂ ਵਾਲੇ (ਕੁੜਮ) ਨਾਲ ਗੱਲ ਕੀਤੀ। ਭਾਈਆ ਕਹਿੰਦਾ "ਤੁਹਾਡੀ ਧੀ ਹੈ ਜੋ ਮਰਜ਼ੀ ਫੈਸਲਾ ਕਰੋ।" ਅਸੀਂ ਦੋਵੇਂ ਜੀਅ, ਮੈਂ ਅਤੇ ਸਤਵੰਤ ਦੀ ਮਾਂ, ਸ਼ਿੰਦਰ ਨੂੰ ਨਾਲ ਲੈ ਕੇ ਦਿੱਲੀ ਮੁਲਾਕਾਤ ਕਰਨ ਲਈ ਗਏ। ਸਾਨੂੰ ਵੇਖ ਕੇ ਸਤਵੰਤ ਹੱਸਣ ਲੱਗ ਪਿਆ, ਬਾਪੂ "ਨੂੰਹ ਨੂੰ ਲੈ ਆਇਆ ਹੈ, ਤੂੰ ਤਾਂ ਸੱਚ ਕਰ ਵਿਖਾਇਆ, ਮੈਂ ਤਾਂ ਸਮਝਿਆ ਸੀ ਬਾਪੂ ਤਾਂ ਟਿਵੇਂ ਹੀ ਮਖੌਲ ਕਰਦਾ ਐ" ਸੁਰਿੰਦਰ ਨੇ ਬੜੇ ਅਦਬ ਨਾਲ "ਸਤਿ ਸ੍ਰੀ ਅਕਾਲ" ਬੁਲਾਈ ਤੇ ਕਹਿੰਦੀ "ਜੀ, ਹੁਣ ਸਿਹਤ ਤਾਂ ਠੀਕ ਹੈ?" ਸਤਵੰਤ ਕਹਿੰਦਾ "ਸੁਰਿੰਦਰ, ਮੈਂ ਤੈਨੂੰ ਕਿਹਾ ਸੀ ਨਾ ਪਈ ਮੈਂ ਕੋਰਸ ਕਰਨ ਲੱਗਾ ਹਾਂ, ਅਰਦਾਸ ਕਰ ਪਾਸ ਹੋ ਜਾਵਾਂ, ਮੈਂ ਪਾਸ ਤਾਂ ਹੋ ਗਿਆ ਹਾਂ ਵੇਖ ਲੈ, ਤੈਨੂੰ ਕਿਹਾ ਸੀ ਪੇਪਰ ਤੇਰੇ ਵੀ ਹੋਣਗੇ, ਅੱਜ ਤੂੰ ਪਹਿਲਾ ਪੇਪਰ ਦੇਣ ਆ ਗਈ" ਸ਼ਿੰਦਰ ਕਹਿੰਦੀ "ਜੀ, ਮੈਂ ਤੁਹਾਨੂੰ ਪਤੀ ਪ੍ਰਮੇਸ਼ਵਰ ਦੇ ਰੂਪ ਵਿਚ ਹਿਰਦੇ ਵਿੱਚ ਵਸਾ ਚੁੱਕੀ ਹਾਂ। ਮੇਰੀ ਅਕਾਲ ਪੁਰਖ ਵਾਹਿਗੁਰੂ ਅੱਗੇ ਇਹ ਬੇਨਤੀ ਹੈ ਕਿ ਮੈਂ ਆਖਰੀ ਸੁਆਸਾਂ ਤੱਕ ਤੁਹਾਡੀ ਹੋ ਕੇ ਰਹਾਂ।" ਕੋਲ ਖਲੋਤਾ ਮੈਂ ਸਤਵੰਤ ਤੇ ਸ਼ਿੰਦਰ ਦੀ ਗੱਲਬਾਤ ਸੁਣ ਰਿਹਾ ਸੀ। ਮੈਂ ਸੋਚਣ ਲੱਗ ਪਿਆ, ਇਹ ਮੇਰੀ ਧੀ ਤਾਂ ਸਤਵੰਤ ਨਾਲੋਂ ਵੀ ਅੱਗੇ ਲੰਘ ਗਈ, ਜਿਸ ਨੇ ਜ਼ਿੰਦਗੀ ਦੇ ਸਾਰੇ ਚਾਅ ਹੀ ਸਤਵੰਤ ਸਿੰਘ ਤੋਂ ਕੁਰਬਾਨ ਕਰਨ ਦਾ ਫੈਸਲਾ ਕਰ ਲਿਆ। ਸਤਵੰਤ ਕਹਿੰਦਾ "ਵੇਖ ਸੁਰਿੰਦਰ ਮੈਂ ਜਿਸ ਰਸਤੇ ਤੇ ਤੁਰਿਆਂ, ਫਾਂਸੀ ਤਾਂ ਮੈਨੂੰ ਲੱਗਣੀ ਹੀ ਹੈ, ਭਾਵੇਂ ਅੱਜ ਭਾਵੇਂ ਕੱਲ, ਤੂੰ ਆਪਣੀ ਨਵੀਂ ਜ਼ਿੰਦਗੀ ਸ਼ੁਰੂ ਕਰ ਲਵੀਂ ਤੇ ਮੈਨੂੰ ਭੁੱਲ ਜਾਵੀਂ, ਮੈਂ ਤੇਰੇ ਨਾਲ ਧੋਖਾ ਨਹੀਂ ਕੀਤਾ ਇਹ ਮੇਰੀ ਮਜਬੂਰੀ ਸੀ। ਸਿੱਖੀ ਸਿਰ ਮੰਗਦੀ ਸੀ ਤੇ ਮੈਂ ਨਿਮਾਣੇ ਸਿੱਖ ਵੱਜੋਂ ਸਿਰ ਦੀ ਭੇਟ ਦਿੱਤੀ ਹੈ। ਮੇਰਾ ਤੇ ਬੇਅੰਤ ਸਿੰਘ ਦਾ ਫੈਸਲਾ ਸੀ ਕਿ ਜੇ ਦੋ ਸਿਰ ਦੇ ਕੇ ਸਿੱਖੀ ਦੀ ਪੱਗ ਦੀ ਲਾਜ ਰਹਿੰਦੀ ਹੈ ਤਾਂ ਰੱਖ ਲੈਣੀ ਚਾਹੀਦੀ ਹੈ। ਸਿਰ ਦੇਣਾ ਤੇ ਸਿੱਖੀ ਰੱਖਣੀ ਸੌਦਾ ਇੱਕੋ ਜਿਹਾ, ਸਾਡੇ ਦੋ ਸਿਰਾਂ ਨਾਲ ਹਜ਼ਾਰਾਂ ਸ਼ਹੀਦਾਂ, ਸਿੰਘਾਂ, ਸਿੰਘਣੀਆਂ,

ਬੱਚੀਆਂ ਦੀਆਂ ਰੂਹਾਂ ਨੂੰ ਜ਼ਰੂਰ ਸ਼ਾਂਤੀ ਮਿਲੀ ਹੋਵੇਗੀ। ਸੱਚਖੰਡ ਵਿੱਚ ਸ਼ਹੀਦ ਸੁੱਖਾ ਸਿੰਘ, ਮਹਿਤਾਬ ਸਿੰਘ ਵੀ ਖੁਸ਼ ਹੋਣਗੇ ਕਿ ਗੁਰੂ ਦੇ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਵਾਲੇ ਗੁਰੂ ਦੇ ਸਿੱਖ ਤੇ ਸਾਡੇ ਵਾਰਸ ਹਾਲਾਂ ਜਿਉਂਦੇ ਹਨ। ਸੁਰਿੰਦਰ ਕਹਿੰਦੀ "ਜੀ, ਜੇ ਤੁਸੀਂ ਜ਼ਿੰਦਗੀ, ਸੁੱਖਾਂ ਦਾ ਤਿਆਗ ਕਰਕੇ ਸਿੱਖੀ ਦੀ ਪੱਗ ਦੀ ਲਾਜ ਰੱਖੀ ਹੈ ਤਾਂ ਮੈਂ ਤੁਹਾਡੀ ਇੱਜ਼ਤ ਦੀ ਪੱਗ ਨੂੰ ਦਾਗ ਨਹੀਂ ਲੱਗਣ ਦੇਵਾਂਗੀ। ਮੈਂ ਕਿਸੇ ਨੂੰ ਇਹ ਕਹਿਣ ਦਾ ਮੌਕਾ ਨਹੀਂ ਦੇਵਾਂਗੀ ਕਿ ਸਤਵੰਤ ਸਿੰਘ ਤੇ ਬੇਅੰਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਬਦਲਾ ਲਿਆ, ਸਿੱਖ ਕੌਮ ਦੀ ਪੱਗ ਦੀ ਲਾਜ ਰੱਖੀ ਸੀ। ਆਹ ਜਾਂਦੀ ਜੇ ਸਤਵੰਤ ਸਿੰਘ ਦੀ ਮੰਗੇਤਰ, ਸਤਵੰਤ ਸਿੰਘ ਨੂੰ ਫਾਂਸੀ ਹੋ ਗਈ ਤੇ ਸੁਰਿੰਦਰ ਨੇ ਦੂਜੇ ਪਾਸੇ ਵਿਆਹ ਕਰਵਾ ਲਿਆ। ਪਤੀ ਜੀ, ਮੈਂ ਤੁਹਾਡੀ ਹਾਂ ਅਤੇ ਆਖਰੀ ਸੁਆਸਾਂ ਤੱਕ ਤੁਹਾਡੀ ਹੋ ਕੇ ਰਹਾਂਗੀ। ਜੇ ਆਪਾਂ ਇਸ ਜਨਮ ਵਿੱਚ ਨਾ ਮਿਲ ਸਕੇ ਤਾਂ ਅਗਲੇ ਜਨਮ ਵਿੱਚ ਜ਼ਰੂਰ ਮਿਲਾਂਗੇ। ਪਰ ਤੁਹਾਡੀ ਤੇ ਪਿਤਾ ਜੀ ਤੇ ਸੁਹਰੇ ਦੀ ਪੱਗ ਨੂੰ ਦਾਗ ਨਹੀਂ ਲੱਗਣ ਦੇਵਾਂਗੀ। ਮੈਂ ਪਾਸੇ ਹੋ ਗਿਆ, ਸਤਵੰਤ ਦੀ ਮਾਂ ਤੇ ਸੁਰਿੰਦਰ ਕੌਰ ਵਾਹਵਾ ਚਿਰ ਗੱਲਾਂ ਕਰਦੇ ਰਹੇ। ਇਹ ਦੱਸਦਿਆਂ ਬਾਪੂ ਜੀ ਜਜ਼ਬਾਤੀ ਹੋ ਗਿਆ ਤੇ ਅੱਖਾਂ 'ਚ ਪਾਣੀ ਆ ਗਿਆ। ਮੁਲਾਕਾਤ ਕਰਕੇ ਸੁਰਿੰਦਰ ਖੁਸ਼ ਸੀ। ਉਸਦੀਆਂ ਗੱਲਾਂ ਨੇ ਸਾਡੇ ਹਿਰਦੇ ਅੰਦਰ ਵੀ ਡੂੰਘੀ ਥਾਂ ਬਣਾ ਲਈ ਸੀ। ਅਸੀਂ ਸੋਚਦੇ ਸੀ ਕਿ ਇਸ ਕਲਜੁਗੀ ਭਿਆਨਕ ਦੌਰ ਵਿੱਚ ਤਾਂ ਅਜਿਹੀ ਧੀ ਭਾਲਿਆਂ ਵੀ ਨਹੀਂ ਮਿਲਦੀ। ਇਹ ਤਾਂ ਮੈਂ ਜਾਣਦਾ ਹੀ ਸੀ ਕਿ ਕਮੀਨੇ ਹਾਕਮਾਂ ਨਾਲ ਸਿੱਖ ਕੌਮ ਦਾ ਵਾਹ ਪੈ ਗਿਆ। ਇਨ੍ਹਾਂ ਤੋਂ ਕਿਸੇ ਵੀ ਇਨਸਾਫ ਦੀ ਉਮੀਦ ਨਹੀਂ। ਹਾਕਮਾਂ ਸਤਵੰਤ ਸਿੰਘ ਨੂੰ ਫਾਂਸੀ 'ਤੇ ਟੰਗ ਹੀ ਦੇਣਾ ਹੈ। ਸਤਵੰਤ ਸਿੰਘ ਦੀ ਸ਼ਹੀਦੀ ਅਟੱਲ ਹੈ ਪਰ ਹੁਣ ਸਾਨੂੰ ਸੁਰਿੰਦਰ ਦਾ ਮੋਹ ਤੇ ਫਿਕਰ ਸਤਵੰਤ ਤੋਂ ਵੀ ਜ਼ਿਆਦਾ ਸੀ। ਮੈਂ ਤੇ ਸਤਵੰਤ ਦੀ ਮਾਂ ਨੇ ਸਤਵੰਤ ਦੀ ਮੁਲਾਕਾਤ ਲਈ ਦਿੱਲੀ ਜਾਣਾ ਸੀ। ਮੈਂ ਆਖਿਆ ਸਤਵੰਤ ਦੀ ਮਾਂ ਆਪਾਂ ਸ਼ਿੰਦਰ ਨੂੰ ਵੀ ਨਾਲ ਲੈ ਚਲੀਏ "ਚਲੋ ਸਤਵੰਤ ਤੇ ਸ਼ਿੰਦਰ ਵੀ ਮੁਲਾਕਾਤ ਕਰਕੇ ਮਨ ਹੌਲਾ ਕਰ ਲੈਣਗੇ" ਨਾਲੇ ਇਨਾਂ ਦੋਹਾਂ ਦੇ ਦਿਲਾਂ ਵਿੱਚ ਇਕ ਦੂਜੇ ਨੂੰ ਮਿਲਣ ਦਾ ਵੀ ਬਹੁਤ ਚਾਅ ਸੀ। ਦੋਵੇਂ ਹੀ ਦੁਨਿਆਵੀ ਰਿਸ਼ਤਿਆਂ ਤੋਂ ਉੱਪਰ ਉੱਠ ਕੇ ਦੋ ਪਵਿੱਤਰ ਰੂਹਾਂ ਦਾ ਸੁਮੇਲ ਬਣ ਚੁੱਕੇ ਹਨ। ਦੋਹਾਂ ਦੇ ਭਵਿੱਖ ਖਤਰੇ 'ਚ ਸਨ। ਫਿਰ ਵੀ ਇੱਕ-ਦੂਜੇ ਨੂੰ ਆਪਣੇ ਹਿਰਦੇ ਵਿੱਚ ਵਸਾ ਚੁੱਕੇ ਸਨ। ਸਤਵੰਤ ਦੀ ਮਾਂ ਕਹਿੰਦੀ "ਜੀ, ਜੋ ਤੁਹਾਨੂੰ ਚੰਗਾ ਲੱਗਦਾ ਠੀਕ ਹੈ, ਮੈਂ ਤਾਂ ਤੁਹਾਡੇ ਮਗਰ ਹਾਂ।" ਅਸੀਂ ਦੋਵੇਂ ਸ਼ਿੰਦਰ ਨੂੰ ਨਾਲ ਲੈ ਕੇ ਮੁਲਾਕਾਤ

ਤੇ ਗਏ। ਸਤਵੰਤ ਸਿੰਘ ਗੱਲਬਾਤ-ਮੁਲਾਕਾਤ ਕੀਤੀ। ਮੈਂ ਸਤਵੰਤ ਸਿੰਘ ਦੀ ਮਾਂ ਨੂੰ ਕਿਹਾ, ਇਨਾਂ ਦੋਹਾਂ ਨੂੰ ਗੱਲਾਂ ਕਰ ਲੈਣ ਦੇ। ਅਸੀਂ ਦੋਵੇਂ ਪਾਸੇ ਹੋ ਗਏ। ਵਾਹਵਾ ਚਿਰ ਗੱਲ੍ਹਾਂ ਕਰਦੇ ਰਹੇ। ਫਿਰ ਅਸੀਂ ਗੁਰਦੁਆਰੇ ਰਹੇ। ਕੁੜੀ ਸ਼ਿੰਦਰ ਨੇ ਸੰਗਦੀ-ਸੰਗਦੀ ਨੇ ਮੇਰੇ ਕੋਲੋਂ 400 ਰੁਪਿਆ ਮੰਗਿਆ। ਮੈਂ 500 ਰੁਪਿਆ ਦਿੱਤਾ ਤੇ ਕਿਹਾ "ਪੁੱਤ ਹੋਰ ਚਾਹੀਦਾ ਐ ਤਾਂ ਹੋਰ ਲੈ ਲਵੀਂ?" ਸਤਵੰਤ ਨੂੰ ਪਹਿਲੇ ਦਿਨ ਸ਼ਿੰਦਰ ਨੇ ਪੁੱਛ ਲਿਆ ਸੀ ਕਿ "ਪਈ ਜੇਲ੍ਹ ਵਾਲੇ ਅਧਿਕਾਰੀ ਕਿਹੜੀ ਚੀਜ਼ ਅੰਦਰ ਆਉਣ ਦਿੰਦੇ ਹਨ? ਸ਼ਿੰਦਰ ਆਪਣੇ ਵੱਲੋਂ ਸਤਵੰਤ ਨੂੰ ਤੋਹਫਾ ਦੇਣਾ ਚਾਹੁੰਦੀ ਸੀ। ਅਸੀਂ ਜੇਲ੍ਹ 'ਚ ਦੂਜੇ ਦਿਨ ਮੁਲਾਕਾਤ ਲਈ ਗਏ। ਮੈਂ ਸਤਵੰਤ ਦੀ ਮਾਂ ਨੂੰ ਕਿਹਾ ਤੂੰ ਪਾਸੇ ਹੋ ਜਾਵੀਂ, ਦੋਵੇਂ ਖੁੱਲ੍ਹ ਕੇ ਗੱਲਾਂ ਕਰ ਲੈਣਗੇ।" ਸਰਕਾਰ ਨੇ ਸਾਡੇ ਪਿੰਡ ਅਗਵਾਨ ਵਿੱਚ ਆਪਣਾ ਸੂਹੀਆ ਪੱਕਾ ਕਰ ਲਿਆ ਸੀ। ਉਸ ਨੇ ਜੇਲ੍ਹ ਅਧਿਕਾਰੀਆਂ ਨੂੰ ਸੂਹ ਦਿੱਤੀ ਕਿ ਸਤਵੰਤ ਸਿੰਘ ਦਾ ਅਜੇ ਵਿਆਹ ਨਹੀਂ ਹੋਇਆ। ਇਸ ਗੱਲ ਨੂੰ ਜੇਲ੍ਹ ਅਧਿਕਾਰੀਆਂ ਨੇ ਮੁੱਦਾ ਬਣਾ ਲਿਆ ਕਿ ਸੁਰਿੰਦਰ ਤੇ ਸਤਵੰਤ ਦੀ ਸ਼ਾਦੀ ਨਹੀਂ ਹੋਈ। ਮੰਗੇਤਰ ਮੁਲਾਕਾਤ ਨਹੀਂ ਕਰ ਸਕਦੀ। ਇਸ ਅਧਾਰ ਤੇ ਉਹਨਾਂ ਕੋਈ ਰਿਸ਼ਤਾ ਨਾ ਹੋਣ ਦੀ ਬਿਨਾਅ ਤੇ ਸੁਰਿੰਦਰ ਦੀ ਸਤਵੰਤ ਨਾਲ ਮੁਲਾਕਾਤ ਤੇ ਪਾਬੰਦੀ ਲਾ ਦਿੱਤੀ। ਇਹ ਰਿਸ਼ਤਾ ਸਿੱਧ ਕਰਨ ਲਈ ਤੇ ਮੁਲਾਕਾਤਾਂ ਜਾਰੀ ਰੱਖਣ ਲਈ ਸੁਰਿੰਦਰ ਨੇ ਸਤਵੰਤ ਦੀ ਤਸਵੀਰ ਨਾਲ ਲਾਵਾਂ ਲੈਣ ਦਾ ਫੈਸਲਾ ਕਰ ਲਿਆ। ਅਸੀਂ ਸ਼ਿੰਦਰ ਦੀਆਂ ਪਵਿੱਤਰ ਭਾਵਨਾਵਾਂ ਅੱਗੇ ਸਿਰ ਝੁਕਾਉਂਦੇ ਸਾਂ, ਪਰ ਉਸਦੇ ਭਵਿੱਖ ਤੋਂ ਚਿੰਤਤ ਸਾਂ। ਅਸੀਂ ਦੁਨੀਆਂ (ਲੋਕਾਂ) ਤੋਂ ਮਖੌਲ ਨਹੀਂ ਸੀ ਕਰਵਾਉਣਾ ਚਾਹੁੰਦੇ। ਸ਼ਿੰਦਰ ਦੇ ਪੇਕੇ ਤੇ ਅਸੀਂ ਦੁਨਿਆਵੀ ਹੋਣ ਦੇ ਨਾਤੇ ਉਸ ਦੀ ਜ਼ਿੰਦਗੀ ਤਬਾਹ ਨਹੀਂ ਸੀ ਕਰਨਾ ਚਾਹੁੰਦੇ ।

ਤਿਹਾੜ ਜੇਲ੍ਹ ਅੰਦਰ ਇੰਦਰਾ ਗਾਂਧੀ ਕਤਲ ਕੇਸ ਦੀ ਸੁਣਵਾਈ ਲਈ ਬਣੀ ਵਿਸ਼ੇਸ਼ ਅਦਾਲਤ ਅੰਦਰ ਜਦੋਂ ਜੇਲ੍ਹ ਅਧਿਕਾਰੀ ਪੇਸ਼ੀ ਭੁਗਤਾਉਣ ਲਈ ਤਿੰਨਾਂ ਸਿੰਘਾਂ ਨੂੰ ਲੈ ਕੇ ਆਉਂਦੇ ਤਾਂ ਸ. ਸਤਵੰਤ ਸਿੰਘ, ਕਿਹਰ ਸਿੰਘ, ਬਲਬੀਰ ਸਿੰਘ ਪ੍ਰਸੰਨ ਚਿੱਤ ਨਜ਼ਰ ਆਉਂਦੇ। ਇੰਦਰਾ ਕਤਲ ਕੇਸ ਦੀ ਸੁਣਵਾਈ ਸੁਣਨ ਲਈ ਅਦਾਲਤ ਵਿਚ ਮੌਜੂਦ ਪੱਤਰਕਾਰਾਂ ਦੀ ਸ. ਸਤਵੰਤ ਸਿੰਘ ਵੱਲ ਜ਼ਿਆਦਾ ਦਿਲਚਸਪੀ ਹੁੰਦੀ।

ਪੰਜਾਬੀ ਟ੍ਰਿਬਿਊਨ—ਇਕ ਸੌ ਨੱਬੇ (190) ਸੈਂਟੀਮੀਟਰ ਤੋਂ ਜ਼ਿਆਦਾ ਲੰਬੇ ਕੱਦ ਵਾਲਾ (6 ਫੁਟ 6 ਇੰਚ) ਗੋਰਾ ਚਿੱਟਾ ਸਫ਼ੈਦ ਰੰਗ ਵਾਲਾ, ਚੌੜੀ ਛਾਤੀ, ਭਰਵਾਂ ਗੁੰਦਵਾਂ, ਛਾਂਟਵਾਂ ਸਰੀਰ, ਸੋਹਣੀਆਂ ਸੁੰਦਰ

ਮੋਟੀਆਂ-ਮੋਟੀਆਂ ਅੱਖਾਂ, ਲੰਬੀ ਧੌਣ (ਗਰਦਨ), ਤਿੱਖਾ ਖੰਡੇ ਦੀ ਧਾਰ ਵਰਗਾ ਨੱਕ, ਚੌੜਾ ਮੱਥਾ, ਕੁੰਢਲੀਆਂ ਮੁੱਛਾਂ, ਪੈਰੀਂ ਤਿੱਲੇ ਵਾਲੀ ਪੰਜਾਬੀ ਜੁੱਤੀ ਪਹਿਨੀ, ਰੇਸ਼ਮੀ ਕਮੀਜ਼, ਪਜਾਮਾ ਪਹਿਨੀ, ਸਿਰ ਉੱਤੇ ਨੀਲੇ ਰੰਗ ਦੀ ਪੱਗ ਬੰਨ੍ਹੀਂ, ਮੋਢੇ ਉਪਰ ਕੇਸਰੀ ਰੰਗ ਦੇ ਕੱਪੜੇ ਦਾ ਪਰਨਾ ਰੱਖੀ, ਸ਼ਕਲ-ਸੂਰਤ ਤੋਂ ਫ਼ਿਲਮੀ ਹੀਰੋਆਂ ਨੂੰ ਮਾਤ ਪਾਉਣ ਵਾਲਾ 23 ਸਾਲਾਂ ਦੀ ਉਮਰ ਦਾ ਸਤਵੰਤ ਸਿੰਘ ਜਦੋਂ ਇੰਦਰਾ ਕਤਲ ਕੇਸ ਦੀ ਸੁਣਵਾਈ ਲਈ ਅਦਾਲਤ ਵੱਲ ਆਉਂਦਾ ਹੈ ਤਾਂ ਇਸ ਸੁੰਦਰ ਜਵਾਨ ਦਾ ਇਲਾਹੀ ਰੂਪ ਡੁੱਲ੍ਹ-ਡੁੱਲ੍ਹ ਪੈਂਦਾ ਹੈ।

ਸਤਵੰਤ ਸਿੰਘ ਅਦਾਲਤ ਅੰਦਰ ਬਣੇ ਬੁਲਟ-ਪਰੂਫ਼ ਸ਼ੀਸ਼ੇ ਦੇ ਕੈਬਿਨ ਅੰਦਰ ਜਾ ਕੇ ਬੈਠ ਜਾਂਦਾ ਹੈ। ਜੇਲ੍ਹ ਅਧਿਕਾਰੀਆ ਨੂੰ ਡਰ ਰਹਿੰਦਾ ਹੈ ਕਿ ਸਤਵੰਤ ਸਿੰਘ ਬਿਜਲੀ ਦੇ ਪੱਖੇ ਨੂੰ ਹੱਥ ਲਾ ਕੇ ਕੋਈ ਹਾਦਸਾ ਨਾ ਕਰ ਲਵੇ। ਸਤਵੰਤ ਸਿੰਘ ਮੁਸਕਰਾਉਂਦਾ ਹੋਇਆ 'ਹੈਲੋ-ਹੈਲੋ' ਕਹਿੰਦਾ ਹੈ ਤਾਂ ਇੰਜ ਮਹਿਸੂਸ ਹੁੰਦਾ ਹੈ ਕਿ ਉਸ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ 'ਤੇ ਕੋਈ ਅਫ਼ਸੋਸ ਜਾਂ ਪਛਤਾਵਾ ਨਹੀਂ, ਸਗੋਂ ਸਤਵੰਤ ਸਿੰਘ ਇਸ ਨੂੰ ਖਾਲਸਾਈ ਰਵਾਇਤਾਂ ਅਨੁਸਾਰ ਬਹਾਦਰੀ ਭਰਿਆ ਖਾੜਕੂ ਕਾਰਨਾਮਾ ਸਮਝਦਾ ਹੋਇਆ ਖੁਸ਼ ਨਜ਼ਰ ਆਉਂਦਾ ਹੈ। ਅਦਾਲਤ ਅਤੇ ਜੇਲ੍ਹ ਅਧਿਕਾਰੀਆਂ, ਸਤਵੰਤ ਸਿੰਘ ਨੂੰ ਪੱਤਰਕਾਰਾਂ ਨਾਲ ਖੁੱਲ੍ਹੀ ਗੱਲਬਾਤ ਕਰਨ ਦੀ ਇਜਾਜ਼ਤ ਨਹੀਂ ਦਿੱਤੀ। ਪਹਿਲੀ ਨਜ਼ਰ ਨਾਲ ਵੇਖਦਿਆਂ ਸ. ਸਤਵੰਤ ਸਿੰਘ ਅਲ੍ਹੜਾਂ ਜਿਹਾ ਗੱਭਰੂ, ਸ਼ਹੀਦ ਭਗਤ ਸਿੰਘ ਨਾਲੋਂ ਵੀ ਵੱਧ ਦਲੇਰ ਮਹਿਸੂਸ ਹੁੰਦਾ ਹੈ। ਪਰ ਸਿੱਖ ਇਤਿਹਾਸ ਦੀ ਤਵਾਰੀਖ਼ ਨੇ ਉਸ ਨੂੰ 18ਵੀਂ ਸਦੀ ਦੇ ਮਹਾਨ ਜੁਝਾਰੂ ਯੋਧੇ, ਸ਼ਹੀਦ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਦੇ ਸ਼ਹੀਦੀ ਰੁਤਬੇ ਦੇ ਬਰਾਬਰ ਕਰ ਦਿੱਤਾ ਹੈ। ਯਾਦ ਰਹੇ 26 ਜਨਵਰੀ 1986 ਦੇ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ 'ਤੇ ਹੋਏ ਸਰਬੱਤ ਖ਼ਾਲਸਾ ਇਕੱਠ ਵੱਲੋਂ ਸ. ਸਤਵੰਤ ਸਿੰਘ ਨੂੰ ਜਿੰਦਾ ਸ਼ਹੀਦ ਕਰਾਰ ਦੇ ਕੇ ਉਸ ਦੀ ਮਾਤਾ ਸਰਦਾਰਨੀ ਪਿਆਰ ਕੌਰ ਨੂੰ ਸ਼ਹੀਦ ਸੁੱਖਾ ਸਿੰਘ, ਮਹਿਤਾਬ ਸਿੰਘ ਸੋਨੇ ਦੇ ਮੈਡਲ ਨਾਲ ਸਨਮਾਨਤ ਕੀਤਾ ਗਿਆ ਹੈ। ਇਸੇ ਤਿਹਾੜ ਜੇਲ੍ਹ ਅੰਦਰ ਲਾਰਕਿੰਸ ਭਰਾ ਤੇ ਚਾਰਲਸ ਸੋਭਰਾਜ ਵਰਗੇ ਮੁਜਰਮਾਂ ਵੀ ਸਜ਼ਾ ਕੱਟੀ। ਇਸ ਰਿਪੋਰਟ ਦੇ ਅਖ਼ਬਾਰ ਵਿਚ ਛਪਣ ਦੀ ਯਾਦ ਨੂੰ ਤਾਜ਼ਾ ਕਰਦਿਆਂ ਸ. ਸਤਵੰਤ ਸਿੰਘ ਜੀ ਦੇ ਪਿਤਾ ਬਾਪੂ ਤਰਲੋਕ ਸਿੰਘ ਨੇ ਕਿਹਾ ਕਿ 'ਅਖ਼ਬਾਰਾਂ ਨੇ ਇਕ ਵਾਰ ਲਿਖਿਆ ਸੀ ਕਿ ਜਦੋਂ ਤਿਹਾੜ ਜੇਲ੍ਹ ਅੰਦਰ ਸਤਵੰਤ ਸਿੰਘ, ਇੰਦਰਾ ਕਤਲ ਕੇਸ ਦੀ ਸੁਣਵਾਈ ਲਈ ਆਉਂਦਾ ਹੈ ਤਾਂ

ਪੱਤਰਕਾਰਾਂ ਦੇ ਕਹਿਣ ਅਨੁਸਾਰ ਸਤਵੰਤ ਸਿੰਘ ਫਿਲਮੀ ਹੀਰੋਆਂ ਤੋਂ ਵੀ ਬੇਹੱਦ ਜ਼ਿਆਦਾ ਸੋਹਣਾ ਨਜ਼ਰ ਆਉਂਦਾ ਹੈ। ਇਹ ਖ਼ਬਰ ਅਖ਼ਬਾਰਾਂ ਵਿਚ ਛਪਣ ਤੋਂ ਬਾਅਦ ਜੱਜ ਦੀ ਧੀ ਆਪਣੀਆਂ ਸਹੇਲੀਆਂ ਦੇ ਨਾਲ ਤਿਹਾੜ ਜੇਲ੍ਹ ਅੰਦਰ ਸਤਵੰਤ ਸਿੰਘ ਨੂੰ ਵੇਖਣ ਵਾਸਤੇ (ਦਰਸ਼ਨ ਕਰਨ) ਆਈ ਸੀ ਕਿ ਕੀ ਠੀਕ ਹੀ ਇੰਦਰਾ ਗਾਂਧੀ ਦਾ ਕਾਤਲ, ਇੰਨਾ ਖ਼ੂਬਸੂਰਤ ਸੁੰਦਰ ਸ਼ਕਲ-ਸੂਰਤ ਵਾਲਾ ਹੋ ਸਕਦਾ ਹੈ? ਮੈਨੂੰ ਜੇਲ੍ਹ ਗਾਰਡਾਂ ਨੇ ਦੱਸਿਆ ਕਿ ਬਾਬਾ, ਸਤਵੰਤ ਸਿੰਘ ਦਾ ਰੂਪ ਸੋਹਣਾ ਵੇਖ ਕੇ ਜੱਜ ਦੀ ਕੁੜੀ ਤੇ ਉਸ ਦੀਆਂ ਸਹੇਲੀਆਂ ਹੈਰਾਨ ਸਨ ਕਿ ਜੇਲ੍ਹ ਵਿਚ ਬੰਦ ਇੰਦਰਾ ਕਤਲ ਕੇਸ ਵਿਚ ਫਾਂਸੀ ਦੀ ਉਡੀਕ 'ਚ ਵੀ ਸਤਵੰਤ ਸਿੰਘ ਬੇਪ੍ਰਵਾਹ, ਹਸੂੰ ਹਸੂੰ ਕਰਦਾ ਬੇਹੱਦ ਖ਼ੁਸ਼ ਨਜ਼ਰ ਆ ਰਿਹਾ ਹੈ।

ਜਦੋਂ ਮੈਂ ਇਸ ਬਾਰੇ ਸਤਵੰਤ ਸਿੰਘ ਨੂੰ ਪੁੱਛਿਆ ਤਾਂ ਉਸ ਨੇ ਦੱਸਿਆ ਕਿ ''ਭਾਪਾ, ਕੁਝ ਲੜਕੀਆਂ ਮੇਰੀ ਕੋਠੜੀ ਸਾਹਮਣੇ ਆ ਕੇ ਵਾਹਵਾ ਚਿਰ ਗੱਲਾਂ ਕਰਦੀਆਂ ਰਹੀਆਂ ਸਨ। ਉਹਨਾਂ ਸਿਰਫ਼ ਆਪਣੇ ਅੰਦਾਜ਼ ਵਿਚ ਨਮਸਕਾਰ ਤੇ ਸਤਿ ਸ੍ਰੀ ਅਕਾਲ ਬੁਲਾਈ। ਇਸ ਤੋਂ ਵੱਧ ਕੋਈ ਗੱਲ ਨਹੀਂ ਹੋਈ। ਮੈਨੂੰ ਇਹ ਨਹੀਂ ਪਤਾ, ਇਹ ਕੁੜੀਆਂ ਕੌਣ ਤੇ ਕਿਵੇਂ ਆਈਆਂ ਸਨ?''

11

ਜੂਨ 1984 ਦੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਅਤੇ 40 ਹੋਰ ਗੁਰਦੁਆਰਿਆਂ ਉਪਰ ਭਾਰਤੀ ਫ਼ੌਜ ਵੱਲੋਂ ਟੈਂਕਾਂ ਤੋਪਾਂ, ਮਸ਼ੀਨ ਗੰਨਾਂ ਨਾਲ ਕੀਤੇ ਵਹਿਸ਼ੀ ਹਮਲੇ ਅਤੇ ਹਜ਼ਾਰਾਂ ਸਿੱਖ ਨੌਜਵਾਨਾਂ, ਬੀਬੀਆਂ, ਬੱਚਿਆਂ ਅਤੇ ਬੁੱਢਿਆਂ ਦੇ ਬੇਰਹਿਮੀ ਨਾਲ ਕੀਤੇ ਕਤਲੇਆਮ ਤੋਂ ਬਾਅਦ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਲਾਹਕਾਰਾਂ ਨੇ ਉਸ ਨੂੰ ਸਲਾਹ ਦਿੱਤੀ ਕਿ ਹੁਣ ਸਿੱਖ ਅੰਗ-ਰੱਖਿਅਕਾਂ ਤੋਂ ਸੁਰੱਖਿਆ ਸੇਵਾਵਾਂ ਨਹੀਂ ਲੈਣੀਆਂ ਚਾਹੀਦੀਆਂ। ਕੋਈ ਵੀ ਸਿੱਖ ਜੂਨ 1984 ਦੀ ਫ਼ੌਜੀ ਕਾਰਵਾਈ ਦੇ ਬਦਲੇ ਵਜੋਂ ਪ੍ਰਧਾਨ ਮੰਤਰੀ ਨੂੰ ਆਪਣੇ ਰੋਹ ਤੇ ਗੁੱਸੇ ਦਾ ਨਿਸ਼ਾਨਾ ਬਣਾ ਸਕਦਾ ਹੈ, ਹਮਲਾ ਕਰ ਸਕਦਾ ਹੈ। ਇਸ ਯੋਜਨਾ ਉੱਤੇ ਅਮਲ ਕਰਦਿਆਂ ਪ੍ਰਧਾਨ ਮੰਤਰੀ ਦੇ ਉੱਚ ਸੁਰੱਖਿਆ ਅਧਿਕਾਰੀਆਂ ਨੇ ਪ੍ਰਧਾਨ ਮੰਤਰੀ ਦੀ ਗਾਰਦ ਵਿਚ, ਸਿੱਖਾਂ ਨੂੰ ਸੁਰੱਖਿਆ ਸੇਵਾਵਾਂ ਤੋਂ ਲਾਂਭੇ ਕਰ ਦਿੱਤਾ ਸੀ। ਹੈਂਕੜ ਨਾਲ ਭਰੀ ਇੰਦਰਾ ਨੇ ਇਹਨਾਂ ਉੱਚ ਅਧਿਕਾਰੀਆਂ ਨੂੰ ਕਹਿ ਦਿੱਤਾ ਕਿ, ''ਮੈਨੂੰ ਕਿਸੇ ਵੀ ਸਿੱਖ ਤੋਂ ਕੋਈ ਡਰ ਨਹੀਂ, ਸਿੱਖ ਸੁਰੱਖਿਆ ਗਾਰਡਾਂ ਨੂੰ ਹਟਾਉਣ ਨਾਲ ਮੇਰੀ ਬਹਾਦਰੀ ਦੀ ਲੋਕ-ਪ੍ਰਿਅਤਾ 'ਤੇ ਮਾੜਾ ਅਸਰ ਪੈਂਦਾ ਹੈ। ਕੋਈ ਵੀ ਸਿੱਖ ਮੇਰੇ ਵੱਲ ਝਾਕਣ ਤੋਂ ਪਹਿਲਾਂ ਇਕ ਨਹੀਂ, ਹਜ਼ਾਰ ਵਾਰ ਸੋਚੇਗਾ ਤੇ ਹੁਣ ਕੋਈ ਵੀ ਸਿੱਖ ਭਾਰਤ ਸਰਕਾਰ ਨਾਲ ਟੱਕਰ ਲੈਣ ਦੀ ਜੁਰਅੱਤ ਨਹੀਂ ਕਰ ਸਕਦਾ।''

ਇੰਦਰਾ ਗਾਂਧੀ ਦੀ ਸੁਰੱਖਿਆ ਦੇ ਮੱਦੇ-ਨਜ਼ਰ ਉਸ ਦੀਆਂ ਹਮਸ਼ਕਲ ਦੋ ਹੋਰ ਨਕਲੀ ਇੰਦਰਾ ਬਣਾਈਆਂ ਹੋਈਆਂ ਸਨ, ਜਿਨ੍ਹਾਂ ਦਾ ਚਿਹਰਾ, ਰੂਪ-ਰੰਗ, ਵਾਲਾਂ ਦਾ ਸਟਾਈਲ, ਹਰ ਤਰ੍ਹਾਂ ਦੀ ਐਕਟਿੰਗ ਇੰਦਰਾ ਗਾਂਧੀ ਵਾਲੀ ਹੀ ਸੀ। ਇਹ ਗੱਲ 15 ਅਗਸਤ 1984 ਨੂੰ ਆਜ਼ਾਦੀ ਦਿਨ 'ਤੇ ਪ੍ਰਧਾਨ ਮੰਤਰੀ ਵੱਲੋਂ ਲਾਲ ਕਿਲ੍ਹੇ ਉੱਤੇ ਤਿਰੰਗਾ ਝੰਡਾ ਲਹਿਰਾਉਣ ਵੇਲੇ ਸਾਹਮਣੇ ਆਈ ਸੀ। ਜਦੋਂ ਪੂਰੀ ਤਰ੍ਹਾਂ ਸੁਰੱਖਿਆ ਗਾਰਡਾਂ ਨਾਲ ਲੈਸ ਕਾਰ 'ਚ ਸਵਾਰ ਇੰਦਰਾ ਲਾਲ ਕਿਲ੍ਹੇ ਅੰਦਰ ਦਾਖ਼ਲ ਹੋਈ, ਆਜ਼ਾਦੀ ਦਿਵਸ

ਦੇ ਜਸ਼ਨ ਵੇਖਣ ਵਾਲਿਆਂ ਵੱਲੋਂ ਪ੍ਰਧਾਨ ਮੰਤਰੀ ਦਾ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਦਸ ਮਿੰਟ ਬਾਅਦ ਇਕ ਹੋਰ ਇੰਦਰਾ ਉਸੇ ਅੰਦਾਜ਼ ਵਿਚ ਲਾਲ ਕਿਲ੍ਹੇ ਅੰਦਰ ਦਾਖ਼ਲ ਹੋਈ, ਲੋਕਾਂ ਵੱਲੋਂ ਫਿਰ ਤਾੜੀਆਂ ਨਾਲ ਸਵਾਗਤ ਕੀਤਾ ਗਿਆ। ਕੁਝ ਮਿੰਟ ਬਾਅਦ ਇਕ ਹੋਰ ਪ੍ਰਧਾਨ ਮੰਤਰੀ ਪਹਿਲੇ ਅੰਦਾਜ਼ ਵਿਚ ਹੀ ਲਾਲ ਕਿਲ੍ਹੇ ਅੰਦਰ ਦਾਖ਼ਲ ਹੋਈ। ਲੋਕ ਤੀਜੀ ਪ੍ਰਧਾਨ ਮੰਤਰੀ ਵੇਖ ਕੇ ਹੈਰਾਨ ਸਨ ਕਿ ਕੀ ਪਤਾ ਅਸਲੀ ਇੰਦਰਾ ਗਾਂਧੀ ਕਿਹੜੀ ਹੈ? ਲਾਲ ਕਿਲ੍ਹੇ ਦੀ ਸਟੇਜ ਦੇ ਪਿੱਛੇ ਤਿੰਨ ਇੰਦਰਾ ਪੜਦੇ ਪਿੱਛੇ ਇਕੱਠੀਆਂ ਹੋਈਆਂ ਤੇ ਇਹਨਾਂ ਵਿਚੋਂ ਹੀ ਇਕ ਇੰਦਰਾ ਗਾਂਧੀ ਨੇ ਆਜ਼ਾਦੀ ਦਿਹਾੜੇ 'ਤੇ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਦੇਸ਼ ਵਾਸੀਆਂ ਨੂੰ ਆਜ਼ਾਦੀ ਦਿਨ ਦੀ ਵਧਾਈ ਦਿੱਤੀ। ਤੇ ਫਿਰ ਜਦੋਂ ਤਿੰਨੇ ਹੀ ਇੰਦਰਾ ਵਾਰੋ-ਵਾਰੀ ਲਾਲ ਕਿਲ੍ਹੇ ਤੋਂ ਰਵਾਨਾ ਹੋਈਆਂ ਤਾਂ ਲੋਕ ਅੰਦਾਜ਼ੇ ਹੀ ਲਗਾਉਂਦੇ ਰਹਿ ਗਏ ਕਿ ਅਸਲ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਕਦੋਂ ਆਈ ਤੇ ਕਦੋਂ ਗਈ?

ਇੰਦਰਾ ਗਾਂਧੀ, ਜਦ ਆਪਣੇ ਘਰ ਤੋਂ ਦਫ਼ਤਰ ਅਤੇ ਦਫ਼ਤਰ ਤੋਂ ਘਰ ਜਾਂਦੀ ਤਾਂ ਸੁਰੱਖਿਆ ਗਾਰਦ ਦਾ ਕੋਈ ਵੀ ਜਵਾਨ ਇੰਦਰਾ ਗਾਂਧੀ ਵੱਲ ਗੌਰ ਨਾਲ ਨਿਗ੍ਹਾ ਭਰ ਕੇ ਦੇਖ ਨਹੀਂ ਸੀ ਸਕਦਾ। ਜੇ ਕਿਸੇ ਤੋਂ ਅਜਿਹੀ ਗ਼ਲਤੀ ਹੋ ਜਾਂਦੀ ਤਾਂ ਉਸ ਨੂੰ ਪ੍ਰਧਾਨ ਮੰਤਰੀ ਦੇ ਦਫ਼ਤਰ ਵਿਚ ਤਲਬ ਕੀਤਾ ਜਾਂਦਾ ਤੇ ਇੰਦਰਾ ਗਾਂਧੀ ਵੱਲੋਂ ਬੇਇੱਜ਼ਤ ਕੀਤਾ ਜਾਂਦਾ, ਝਿੜਕਾਂ ਦਿੱਤੀਆਂ ਜਾਂਦੀਆਂ। ਗ਼ਲਤੀ ਕਰਨ ਵਾਲੇ ਨੂੰ ਮਾਫ਼ੀ ਮੰਗ ਕੇ ਖਹਿੜਾ ਛੁਡਾਉਣਾ ਪੈਂਦਾ ਸੀ।

ਇਕ ਮੁਲਾਕਾਤ ਦੌਰਾਨ ਬਾਪੂ ਤਰਲੋਕ ਸਿੰਘ ਨੇ ਸਤਵੰਤ ਸਿੰਘ ਨੂੰ ਪੁੱਛਿਆ ਕਿ ਕੁਝ ਅਖ਼ਬਾਰਾਂ ਰਸਾਲਿਆਂ ਵਾਲੇ ਪੱਤਰਕਾਰ ਇਹ ਵੀ ਲਿਖ ਰਹੇ ਹਨ ਕਿ ਬੇਅੰਤ ਸਿੰਘ, ਸਤਵੰਤ ਸਿੰਘ ਤੋਂ ਇਲਾਵਾ ਇਕ ਤੀਜਾ ਹੋਰ ਵਿਅਕਤੀ ਇੰਦਰਾ 'ਤੇ ਗੋਲੀ ਚਲਾਉਣ ਵਾਲਾ ਸੀ ਅਤੇ ਕਈ ਲੋਕ ਇਹ ਵੀ ਕਹਿੰਦੇ ਹਨ ਕਿ ਤੀਜਾ ਬੰਦਾ ਗੋਲੀ ਚਲਾ ਕੇ ਇੰਦਰਾ ਗਾਂਧੀ ਨੂੰ ਮਾਰ ਗਿਆ ਤੇ ਬਾਅਦ 'ਚ ਉਸ ਨੂੰ ਉਥੋਂ ਖਿਸਕਾ ਦਿੱਤਾ ਗਿਆ ਤੇ ਬੇਅੰਤ ਸਿੰਘ, ਸਤਵੰਤ ਸਿੰਘ ਨੂੰ ਐਵੇਂ ਈ ਕਤਲ 'ਚ ਫਸਾ ਕੇ ਦਿੱਲੀ ਅਤੇ ਹੋਰ ਸ਼ਹਿਰਾਂ 'ਚ ਸਿੱਖਾਂ ਦਾ ਕਤਲੇਆਮ ਕਰਵਾ ਦਿੱਤਾ। ਤਾਂ ਸਤਵੰਤ ਸਿੰਘ ਨੇ ਜੁਆਬ ਦਿੱਤਾ, ''ਇਹ ਤਾਂ ਠੀਕ ਹੈ ਪਈ ਸਾਡੇ ਤੋਂ ਇਲਾਵਾ ਹੋਰ ਸਿੰਘ ਵੀ ਸੁਰੱਖਿਆ ਗਾਰਦ 'ਚ ਇੰਦਰਾ ਨੂੰ ਸੋਧਣ ਨੂੰ ਫਿਰਦੇ ਸਨ। ਪਰ ਅਸਲੀ ਇੰਦਰਾ ਗਾਂਧੀ (ਪ੍ਰਧਾਨ ਮੰਤਰੀ) ਦੀ ਸ਼ਨਾਖ਼ਤ ਕਿਸੇ ਨੂੰ ਨਹੀਂ ਸੀ। ਭਾ

ਜੀ ਬੇਅੰਤ ਸਿੰਘ ਹੀ ਪ੍ਰਧਾਨ ਮੰਤਰੀ ਦੇ ਨਜ਼ਦੀਕ ਡਿਊਟੀ (ਨਾਲ ਡਿਊਟੀ) ਹੋਣ ਕਰਕੇ ਉਸ ਦੀ ਸ਼ਨਾਖ਼ਤ ਕਰ ਸਕਦੇ ਸਨ। ਦੂਜੇ ਕਈ ਇਸ ਕਰਕੇ ਵੀ ਝਕਦੇ ਸਨ ਕਿ ਕਿਤੇ ਐਵੇਂ ਖਾਹਮਖਾਹ ਨਕਲੀ ਇੰਦਰਾ ਗਾਂਧੀ ਹੀ ਨਾ ਮਾਰੀ ਜਾਵੇ।''

ਬੇਅੰਤ ਸਿੰਘ ਤਾਂ ਕੱਲਾ ਹੀ ਇੰਦਰਾ ਗਾਂਧੀ ਨੂੰ ਖ਼ਤਮ ਕਰਨ ਲਈ ਤਿਆਰ ਸੀ, ਪਰ ਉਹ ਜੋਸ਼ ਨਾਲੋਂ ਹੋਸ਼ ਵਿਚ ਰਹਿ ਕੇ ਕੰਮ ਕਰਨਾ ਚਾਹੁੰਦਾ ਸੀ। ਉਸ ਨੂੰ ਆਪਣੇ ਇਕੱਲੇ ਸਰਵਿਸ ਰਿਵਾਲਵਰ 'ਤੇ ਪੂਰਾ ਭਰੋਸਾ ਨਹੀਂ ਸੀ। ਉਹ ਸਮਝਦਾ ਸੀ ਕਿ ਕਿਤੇ ਮੇਰੇ ਰਿਵਾਲਵਰ ਦੀਆਂ ਚੱਲੀਆਂ ਗੋਲੀਆਂ ਦੀ ਮਾਰ ਤੋਂ ਇੰਦਰਾ ਬਚ ਨਾ ਜਾਵੇ। ਇਸੇ ਲਈ ਹੀ ਉਸ ਨੇ ਮੇਰੇ ਨਾਲ ਅੱਖਾਂ ਦੋ ਤੋਂ ਚਾਰ ਕੀਤੀਆਂ। ਮੇਰੀ ਡਿਊਟੀ ਆਖਰੀ ਸੁਰੱਖਿਆ ਪੰਕਤੀ ਵਿਚ ਸੀ ਤੇ ਬੇਅੰਤ ਸਿੰਘ ਦੀ ਪਹਿਲੀ ਪੰਕਤੀ ਵਿਚ। ਇਸ ਸਮੱਸਿਆ ਨੂੰ ਪੇਟ ਖ਼ਰਾਬ ਦਾ ਬਹਾਨਾ ਲਾ ਕੇ ਹੋਰ ਸੰਤਰੀ ਨਾਲ ਇਹ ਕਹਿ ਕੇ ਡਿਊਟੀ ਨੂੰ ਬਦਲ ਲਿਆ ਸੀ ਕਿ ਮੇਰਾ ਪੇਟ ਖ਼ਰਾਬ ਹੈ, ਤੇ ਅੱਜ ਮੇਰੀ ਡਿਊਟੀ ਲੈਟਰੀਨ ਦੇ ਨੇੜੇ ਲਗਾ ਦੇ। ਉਹ ਮੰਨ ਗਿਆ। ਇਸ ਤਰ੍ਹਾਂ ਮੈਂ ਤੇ ਭਾ ਜੀ ਬੇਅੰਤ ਸਿੰਘ ਇਕ ਦੂਜੇ ਦੇ ਨੇੜੇ ਹੋ ਗਏ, ਜਿਥੋਂ ਅੱਖ ਦੇ ਇਸ਼ਾਰੇ ਨਾਲ ਹੀ ਇੰਦਰਾ ਗਾਂਧੀ ਨੂੰ ਨਿਸ਼ਾਨਾ ਬਣਾ ਕੇ ਫੁੰਡਿਆ ਜਾ ਸਕਦਾ ਸੀ। ਪੇਟ ਖ਼ਰਾਬ ਦਾ ਬਹਾਨਾ ਸਹੀ ਦਰਸਾਉਣ ਲਈ ਮੈਂ ਤਿੰਨ ਵਾਰੀ ਲੈਟਰੀਨ ਵਿਚ ਵੀ ਗਿਆ। ਮੇਰੇ ਨੇੜੇ ਡਿਊਟੀ ਵਾਲਾ ਸੰਤਰੀ ਕਹਿੰਦਾ, ''ਸਤਵੰਤ, ਜੇ ਪੇਟ 'ਚ ਜ਼ਿਆਦਾ ਗੜਬੜ ਹੈ ਤਾਂ ਛੁੱਟੀ ਲੈ ਲੈਣੀ ਸੀ।'' ਮੈਂ ਕਿਹਾ, ''ਭਾ ਜੀ, ਹੁਣ ਦੁਬਾਰਾ ਜਾਣ ਦੀ ਲੋੜ ਨਹੀਂ ਪਵੇਗੀ।'' ਉਹ ਮੇਰੀ ਗੁੱਝੀ ਰਮਜ਼ ਸਮਝ ਨਾ ਸਕਿਆ। ਬੇਅੰਤ ਸਿੰਘ ਨੂੰ ਪਤਾ ਸੀ ਕਿ, ਅੱਜ ਇੰਦਰਾ ਪ੍ਰਧਾਨ ਮੰਤਰੀ ਦੇ ਜੀਵਨ 'ਤੇ ਆਧਾਰਤ ਫ਼ਿਲਮ 'ਇੰਦਰਾ ਗਾਂਧੀ' ਬਣਾਉਣ ਲਈ ਆਏ ਪ੍ਰਸਿੱਧ ਨਾਟਕਕਾਰ, ਅਦਾਕਾਰ ਅਤੇ ਹਾਸਰਸੀ ਲੇਖਕ ਪੀਟਰ ਉਸਤੀਨੋਵ ਨਾਲ ਇਕ ਟੈਲੀਵਿਜ਼ਨ ਇੰਟਰਵਿਊ ਲਈ ਜਾ ਰਹੀ ਸੀ। ਇਸ ਲਈ ਇੰਦਰਾ ਨੇ ਕੇਸਰੀ ਰੰਗ ਦੀ ਸਾੜ੍ਹੀ ਪਹਿਨੀ ਹੋਈ ਸੀ। ਉਸ ਨੇ ਪੂਰੇ ਟੌਹਰ 'ਚ ਬਣ-ਫੱਬ ਕੇ ਆਪਣੇ ਨਿੱਜੀ ਸਕੱਤਰ ਆਰ.ਕੇ. ਧਵਨ ਅਤੇ ਹੋਰ ਅਮਲੇ-ਫੈਲੇ ਨਾਲ ਗੇਟ 'ਚੋਂ ਲੰਘਣਾ ਸੀ। ਬੇਅੰਤ ਸਿੰਘ ਇਸ ਤੋਂ ਚੰਗੀ ਤਰ੍ਹਾਂ ਜਾਣੂ ਸੀ ਕਿ ਆਰ.ਕੇ. ਧਵਨ ਅਸਲੀ ਪ੍ਰਧਾਨ ਮੰਤਰੀ ਨਾਲ ਜ਼ਰੂਰੀ ਹੁੰਦਾ ਸੀ। 31 ਅਕਤੂਬਰ 1984 ਦਿਨ ਬੁੱਧਵਾਰ ਨੂੰ ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਵੇਰੇ 9 ਵਜੇ ਦੇ ਕਰੀਬ ਸੰਤਰੀ ਰੰਗ ਦੀ

ਸਾੜ੍ਹੀ 'ਚ ਫਬੀ ਹੋਈ ਆਪਣੇ ਘਰ ਤੋਂ ਸਫ਼ਦਰਜੰਗ ਰੋਡ 'ਤੇ ਦਫ਼ਤਰ ਆ ਰਹੀ ਸੀ, ਮੈਂ (ਸਤਵੰਤ ਸਿੰਘ) ਤੇ ਬੇਅੰਤ ਸਿੰਘ ਬੇਸਬਰੀ ਨਾਲ ਆਪਣੇ ਮਿਸ਼ਨ ਦੀ ਪੂਰਤੀ ਲਈ ਇੰਦਰਾ ਨੂੰ ਉਡੀਕ ਰਹੇ ਸਾਂ। ਜਦੋਂ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਗੇਟ 'ਤੇ ਆਈ, ਸ. ਬੇਅੰਤ ਸਿੰਘ ਨੇ ਗੇਟ ਖੋਲ੍ਹਿਆ ਅਤੇ ਮੇਰੇ ਵੱਲ ਵੇਖ ਕੇ ਇਸ਼ਾਰਾ ਕੀਤਾ, ਹੁਣ ਹੋ ਅਗਾਂਹ। ਮੈਂ ਵੀ ਪਹਿਲਾਂ ਤੋਂ ਆਪਣੀ ਮੈਗਜ਼ੀਨ ਭਰੀ ਹੋਈ ਸੀ। ਬੇਅੰਤ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਰੋਜ਼ ਦੀ ਤਰ੍ਹਾਂ ਸਲੂਟ ਮਾਰਿਆ ਤੇ ਨਾਲ ਹੀ ਉਸ ਦਾ ਸੱਜਾ ਹੱਥ ਤੇਜ਼ੀ ਨਾਲ ਆਪਣੇ ਸਰਵਿਸ ਰਿਵਾਲਵਰ 'ਤੇ ਗਿਆ ਤੇ ਕੰਨ ਦੀ ਸੇਧ 'ਤੇ ਗੋਲੀਆਂ ਦੀ ਕਾੜ-ਕਾੜ ਕਰ ਦਿੱਤੀ। ਬੇਅੰਤ ਸਿੰਘ ਨੂੰ ਹਰਕਤ ਵਿਚ ਆਇਆ ਵੇਖ ਕੇ ਇੰਦਰਾ ਨੇ ਚੀਕ ਮਾਰ ਕੇ ਅੱਗੇ ਨੂੰ ਭੱਜਣ ਦੀ ਕੋਸ਼ਿਸ਼ ਕੀਤੀ। ਬੇਅੰਤ ਸਿੰਘ ਦਾ ਇਸ਼ਾਰਾ ਸਮਝ ਕੇ ਮੈਂ ਵੀ ਅੱਖ ਦੇ ਫੋਰ ਵਿਚ ਅੱਗੋਂ ਦੀ ਭੱਜ ਕੇ ਹੋਇਆ ਤੇ ਗੋਲੀ ਚਲਾਉਣ ਲੱਗਾ ਤਾਂ ਇੰਦਰਾ ਕਹਿੰਦੀ ਸੀ, ''ਅਰੇ ਸਤਵੰਤ ਯੇਹ ਕਿਆ?'' ਤੇ ਮੈਂ (ਸਤਵੰਤ ਸਿੰਘ) ਇੰਨਾ ਕਿਹਾ ਕਿ 'ਦਰਬਾਰ ਸਾਹਿਬ 'ਤੇ ਹਮਲੇ ਦਾ ਜਵਾਬ ਦੇਣ ਲੱਗੇਂ।' ਆਪਣੀ ਥਾਮਸਨ ਗੰਨ ਨਾਲ ਨਲਾਂ ਤੋਂ ਲੈ ਕੇ ਛਾਤੀ ਤਕ ਵੀਹ ਗੋਲੀਆਂ ਦੀ ਵਾਛੜ ਕਰ ਦਿੱਤੀ ਤੇ ਫੀਤਾ ਫੀਤਾ ਕਰ ਦਿੱਤੀ। ਨਾਲ ਆ ਰਹੇ ਕਮਾਂਡੋ ਅਤੇ ਸਕੱਤਰ ਧਵਨ ਦਾ ਪਤਾ ਹੀ ਨਾ ਲੱਗਾ ਕਿ ਕਿਧਰ ਨੂੰ ਭੱਜ ਗਏ। ਇੰਦਰਾ ਸਾਡੇ ਪੈਰਾਂ ਵਿਚ ਤੜਪ ਰਹੀ ਸੀ। ਅਸੀਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਰਹੇ ਸਾਂ। ਕੋਈ ਵੀ ਮਾਈ ਦਾ ਲਾਲ ਸਾਡੇ ਸਾਹਮਣੇ ਆਉਣ ਦੀ ਜੁਰਅੱਤ ਨਹੀਂ ਸੀ ਕਰ ਰਿਹਾ। ਜਦੋਂ ਅਸੀਂ ਵੇਖਿਆ ਕਿ ਸਾਡਾ ਕੰਮ ਪੂਰਾ ਹੋ ਗਿਆ, ਹੁਣ ਨਹੀਂ ਹਿੱਲਦੀ, ਅਸਾਂ ਹਥਿਆਰ ਸੁੱਟ ਦਿੱਤੇ ਤੇ ਕਿਹਾ ਅਸੀਂ ਆਪਣਾ ਕੰਮ ਕਰ ਲਿਆ, ਹੁਣ ਤੁਸੀਂ ਆਪਣਾ ਕੰਮ ਕਰ ਲਵੋ। ਫਿਰ ਕਿਤੇ ਕਮਾਂਡੋਆਂ ਨੇ ਸਾਡੇ ਕੋਲ ਆਉਣ ਦੀ ਹਿੰਮਤ ਕੀਤੀ। ਮੈਨੂੰ (ਸਤਵੰਤ ਸਿੰਘ) ਤੇ ਭਾ ਜੀ ਬੇਅੰਤ ਸਿੰਘ ਨੂੰ ਇਕ ਕਮਰੇ ਵਿਚ ਲਿਜਾ ਕੇ ਕੁਰਸੀਆਂ 'ਤੇ ਬਿਠਾ ਦਿੱਤਾ। ਬਹੁਤ ਸਾਰੇ ਅਫ਼ਸਰ ਸਾਨੂੰ ਦੇਖਣ ਆਏ। ਸਾਨੂੰ ਨਿਹੱਥਿਆਂ ਨੂੰ ਵੇਖ ਕੇ ਬੁਜ਼ਦਿਲ ਕਮਾਂਡੋ ਕਹਿੰਦੇ, ''ਤੁਹਾਡੇ ਬੱਚਿਆਂ ਦਾ ਹੁਣ ਕੀ ਬਣੂੰ?'' ਬੇਅੰਤ ਸਿੰਘ ਕਹਿੰਦਾ, ''ਵਾਹਿਗੁਰੂ ਰਾਖਾ।'' ਕਮਾਂਡੋ ਸਾਨੂੰ ਨਿਹੱਥੇ ਵੇਖ ਕੇ ਗਾਲ੍ਹਾਂ ਕੱਢਣ ਲੱਗ ਪਏ। ਸਤਵੰਤ ਸਿੰਘ ਕਹਿੰਦਾ, ਬਾਪੂ, ਮੈਨੂੰ ਗੁੱਸਾ ਆ ਗਿਆ। ਮੈਂ ਕਿਹਾ ਖਲੋਵੋ ਤਾਂ ਸਹੀ, ਤੁਹਾਡੀ.....। ਮੈਂ ਉਹਨਾਂ ਨਾਲ ਹੱਥੋਪਾਈ ਹੋ ਕੇ ਹਥਿਆਰ ਖੋਹਣ ਪੈ ਗਿਆ।

ਜੇ ਮੇਰੇ ਹੱਥ ਹਥਿਆਰ ਆ ਜਾਂਦਾ ਤਾਂ ਫਿਰ ਉਥੇ ਢੇਰੀਆਂ ਲਾ ਦੇਣੀਆਂ ਸੀ। ਹੱਥੋਪਾਈ ਹੁੰਦਿਆਂ ਰਾਮ ਸ਼ਰਨ ਤੇ ਤਰਸੇਮ ਜੱਸਵਾਲ ਨੇ ਆਪਣੇ ਹਥਿਆਰਾਂ ਨਾਲ ਗੋਲੀਆਂ ਚਲਾ ਦਿੱਤੀਆਂ। ਬੇਅੰਤ ਸਿੰਘ ਮੇਰੇ ਉੱਤੇ ਡਿੱਗਾ ਤੇ ਕਹਿੰਦਾ ਰਿਹਾ ਕਿ ਜੇ ਮਾਰਨਾ ਹੈ ਤਾਂ ਪਹਿਲਾਂ ਮੈਨੂੰ ਮਾਰੋ। ਭਾ ਜੀ ਬੇਅੰਤ ਸਿੰਘ ਦੇ ਮੇਰੇ ਉੱਤੇ ਪੈ ਜਾਣ ਨਾਲ ਉਸ ਦੇ ਗੋਲੀਆਂ ਲੱਗ ਗਈਆਂ। ਉਹ ਮੌਕੇ 'ਤੇ ਹੀ ਸ਼ਹੀਦ ਹੋ ਗਿਆ ਤੇ ਮੈਨੂੰ ਗੰਭੀਰ ਰੂਪ ਵਿਚ ਜ਼ਖ਼ਮੀ ਹੋਏ ਨੂੰ ਹਸਪਤਾਲ ਵਿਚ ਦਾਖ਼ਲ ਕਰਾ ਦਿੱਤਾ ਕਿ ਇਸ ਨੂੰ ਬਚਾ ਕੇ ਇੰਦਰਾ ਕਤਲ ਦੀ ਸਾਜ਼ਿਸ਼ ਦਾ ਪਤਾ ਲਾਇਆ ਜਾ ਸਕੇ। ਪਰ ਇਸ ਹਕੂਮਤ ਨੂੰ ਇਹ ਨਹੀਂ ਪਤਾ ਕਿ ਕੁਝ ਸਾਜ਼ਿਸ਼ਾਂ ਆਪਣੇ ਧਾਰਮਿਕ ਅਸਥਾਨਾਂ ਦੀ ਪਵਿੱਤਰਤਾ ਦੀ ਬਹਾਲੀ ਖ਼ਾਤਰ ਸਿੱਖ ਇਤਿਹਾਸ ਦੇ ਸ਼ਹੀਦਾਂ ਦੇ ਪੈਰ-ਚਿੰਨ੍ਹਾਂ ਉੱਤੇ ਤੁਰ ਕੇ ਵੀ ਰਚੀਆਂ ਜਾਂਦੀਆਂ ਹਨ।

ਬਾਪੂ ਤਰਲੋਕ ਸਿੰਘ ਨੇ ਵੀ ਗੱਲ ਤੋਰੀ, ''ਸਤਵੰਤ, ਮੈਂ ਉਹ ਥਾਂ ਦੇਖ ਕੇ ਆਇਆਂ, ਜਿਥੇ ਇੰਦਰਾ ਗਾਂਧੀ ਮਾਰੀ ਗਈ ਸੀ। ਤੂੰ ਕਹਿੰਦਾ ਏਂ ਕਿ ਜਦੋਂ ਅਸੀਂ ਗੋਲੀ ਚਲਾਈ ਤਾਂ ਇਕ ਵਾਰ ਉਥੇ ਭਾਜੜ ਪੈ ਗਈ, ਤੁਹਾਡੇ ਕੋਲ ਹਥਿਆਰ ਸੀ, ਤੁਸੀਂ ਵੀ ਭੱਜ ਕੇ ਨਿਕਲ ਸਕਦੇ ਸੀ।'' ਤਾਂ ਸਤਵੰਤ ਕਹਿੰਦਾ, ''ਭਾਪਾ, ਨਿਕਲ ਸਕਦੇ ਸੀ। ਇਸ ਗੱਲ 'ਤੇ ਵੀ ਪਹਿਲਾਂ ਵਿਚਾਰ ਕੀਤੀ ਸੀ, ਇਸ ਕੰਮ ਲਈ ਸਵਾਰੀ ਤੇ ਹੋਰ ਬੰਦਿਆਂ ਦੀ ਲੋੜ ਪੈਣੀ ਸੀ ਤੇ ਬਹੁਤੇ ਬੰਦਿਆਂ ਦੀ ਸਲਾਹ ਨਾਲ ਸਕੀਮ ਫ਼ੇਲ੍ਹ ਵੀ ਹੋ ਸਕਦੀ ਸੀ। ਜੇ ਭੱਜ ਨਿਕਲਣ ਦੀ ਕੋਸ਼ਿਸ਼ ਵਿਚ ਮਾਰੇ ਜਾਂਦੇ ਤਾਂ ਇਹ ਕੋਈ ਮਰਦਾਂ ਵਾਲੀ ਬਹਾਦਰੀ ਨਹੀਂ ਸੀ। ਇਸ ਕਰਕੇ ਤਾਂ ਸਾਡਾ ਪਹਿਲਾਂ ਹੀ ਫ਼ੈਸਲਾ ਸੀ ਕਿ ਕਿਸੇ ਨਿਰਦੋਸ਼ ਦਾ ਖ਼ੂਨ ਨਹੀਂ ਵਹਾਉਣਾ। ਇੰਦਰਾ ਨੂੰ ਸੋਧ ਕੇ ਬਦਲਾ ਲੈਣਾ ਹੈ। ਸ੍ਰੀ ਹਰਿਮੰਦਰ ਸਾਹਿਬ 'ਤੇ ਫ਼ੌਜੀ ਹਮਲੇ ਦੌਰਾਨ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ, ਬੁੱਢਿਆਂ ਦੀ ਸ਼ਹੀਦੀ ਦਾ ਬਦਲਾ ਲੈਣਾ ਹੈ।

12

ਜੇਲ੍ਹ ਅਧਿਕਾਰੀਆਂ ਵੱਲੋਂ ਮੰਗੇਤਰ ਹੋਣ ਦੇ ਨਾਂ 'ਤੇ ਸੁਰਿੰਦਰ ਕੌਰ ਦੀ ਸਤਵੰਤ ਸਿੰਘ ਨਾਲ ਮੁਲਾਕਾਤ 'ਤੇ ਪਾਬੰਦੀ ਲਾ ਦੇਣ ਕਾਰਨ, ਸੁਰਿੰਦਰ ਕੌਰ ਮਾਨਸਿਕ ਤੌਰ 'ਤੇ ਉਦਾਸ ਰਹਿਣ ਲੱਗ ਪਈ। ਸੁਰਿੰਦਰ ਦੀ ਉਦਾਸੀ ਵੇਖ ਕੇ ਦੋਵੇਂ ਪਰਿਵਾਰ ਚਿੰਤਤ ਸਨ ਤੇ ਇਸ ਦਾ ਹੱਲ ਵੀ ਲੱਭਣਾ ਚਾਹੁੰਦੇ ਸਨ। ਸੁਰਿੰਦਰ ਦਾ ਪਿਤਾ ਸ. ਵਿਰਸਾ ਸਿੰਘ ਪਿੰਡ ਜਟਾਂ ਵਾਲਾ ਕਹਿਣ ਲੱਗਾ, ''ਭਾਈਆ (ਤਰਲੋਕ ਸਿੰਘ) ਜੀ, ਸੁਰਿੰਦਰ ਬੜੀ ਉਦਾਸ ਪ੍ਰੇਸ਼ਾਨ ਰਹਿੰਦੀ ਹੈ, ਜੇ ਆਪਾਂ ਸਤਵੰਤ ਤੋਂ ਛੋਟੇ ਸਰਵਣ ਨਾਲ ਇਸ ਦਾ ਵਿਆਹ ਕਰ ਦੇਈਏ ਤਾਂ ਭਰਜਾਈ ਹੋਣ ਦੇ ਨਾਂ 'ਤੇ ਸੁਰਿੰਦਰ ਦੀ ਸਤਵੰਤ ਸਿੰਘ ਨਾਲ ਮੁਲਾਕਾਤ ਹੋ ਜਾਇਆ ਕਰੇਗੀ। ਸੁਪਰੀਮ ਕੋਰਟ 'ਚੋਂ ਵੀ ਸਤਵੰਤ ਸਿੰਘ ਦੀ ਰਿਹਾਈ ਦੀ ਆਸ ਨਹੀਂ।''

ਤਰਲੋਕ ਸਿੰਘ ਨੇ ਕਿਹਾ, ''ਭਾਈਆ ਜੀ, ਸ਼ਿੰਦਰ ਤੇਰੀ ਹੀ ਨਹੀਂ, ਸਾਡੀ ਵੀ ਧੀ ਹੈ। ਤੁਹਾਡੇ ਵਾਂਗ ਇਸ ਦਾ ਫ਼ਿਕਰ ਸਾਨੂੰ ਵੀ ਹੈ। ਤੁਹਾਡਾ ਹੁਕਮ ਸਾਨੂੰ ਮਨਜ਼ੂਰ ਹੈ।''

ਸੁਰਿੰਦਰ ਕੌਰ ਨਾਲ ਗੱਲ ਕੀਤੀ ਕਿ ਪੁੱਤਰ, ਸਤਵੰਤ ਦੀ ਹਾਕਮਾਂ ਤੋਂ ਰਿਹਾਈ ਦੀ, ਇਨਸਾਫ਼ ਦੀ ਕੋਈ ਆਸ ਨਹੀਂ। ਤੇਰਾ ਵਿਆਹ ਸਤਵੰਤ ਤੋਂ ਛੋਟੇ ਸਰਵਣ ਨਾਲ ਕਰ ਦੇਈਏ। ਇਸ ਨਾਲ ਦੋਵਾਂ ਪਰਿਵਾਰਾਂ ਦੀ ਇੱਜ਼ਤ ਵੀ ਰਹਿ ਜਾਵੇਗੀ ਤੇ ਤੇਰੀ ਵੀ ਕਾਨੂੰਨੀ ਤੌਰ 'ਤੇ ਸਤਵੰਤ ਨਾਲ ਮੁਲਾਕਾਤ ਹੋ ਜਾਇਆ ਕਰੇਗੀ। ਪਰ ਬੀਬੀ ਸੁਰਿੰਦਰ ਕੌਰ ਨੇ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ ਕਿ ਮੈਂ ਸਤਵੰਤ ਸਿੰਘ ਨੂੰ ਆਪਣੇ ਦਿਲ-ਹਿਰਦੇ ਅੰਦਰ ਪਤੀ ਪਰਮੇਸ਼ਰ ਰੂਪ ਸਵੀਕਾਰ ਕਰ ਚੁੱਕੀ ਹਾਂ। ਉਸ ਨੂੰ ਭਾਵੇਂ ਫ਼ਾਂਸੀ ਹੋ ਜਾਵੇ, ਮੈਂ ਉਸ ਤੋਂ ਮੁੱਖ ਨਹੀਂ ਮੋੜ ਸਕਦੀ, ਮੈਂ ਉਸ ਦੀ ਹਾਂ ਤੇ ਆਖ਼ਰੀ ਸਵਾਸਾਂ ਤਕ ਸਦਾ ਉਸ ਦੀ ਹੀ ਰਹਾਂਗੀ। ਜੇ ਇਸ ਜਨਮ ਵਿਚ ਅਸੀਂ ਨਾ ਮਿਲ ਸਕੇ ਤਾਂ ਦੂਜੇ ਜਨਮ ਵਿਚ ਜ਼ਰੂਰ ਮਿਲਾਂਗੇ। ਪਿਤਾ ਜੀ, ਮੈਂ ਸਤਵੰਤ ਸਿੰਘ ਨਾਲ ਜੇਲ੍ਹ ਦੀ ਮੁਲਾਕਾਤ ਦੌਰਾਨ ਵਾਅਦਾ ਕਰ ਚੁੱਕੀ ਹਾਂ।

ਸਤਵੰਤ ਦੇ ਭਰਾ ਮੇਰੇ ਭਰਾ ਹਨ, ਮੈਂ ਉਹਨਾਂ ਨਾਲ ਭਰਾਵਾਂ ਵਾਲਾ ਪਿਆਰ ਕਰਦੀ ਹਾਂ। ਮੈਂ ਕਿਸੇ ਨੂੰ ਇਹ ਨਹੀਂ ਕਹਿਣ ਦੇਵਾਂਗੀ ਕਿ ਸਤਵੰਤ ਸਿੰਘ ਨੇ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ ਦਾ ਬਦਲਾ ਲਿਆ, ਉਸ ਨੂੰ ਫਾਂਸੀ ਦੀ ਸਜ਼ਾ ਹੋ ਗਈ ਤੇ ਉਸ ਦੀ ਮੰਗੇਤਰ ਸੁਰਿੰਦਰ ਕੌਰ ਉਸ ਤੋਂ ਮੁੱਖ ਮੋੜ ਗਈ ਅਤੇ ਦੂਜੇ ਪਾਸੇ ਵਿਆਹ ਕਰਵਾ ਲਿਆ। ਔਹ ਜਾਂਦੀ ਜੇ ਬਹਾਦਰ ਸਤਵੰਤ ਸਿੰਘ ਦੀ ਮੰਗੇਤਰ। ਪਿਤਾ ਜੀ ਮੇਰਾ ਵਿਆਹ ਸਤਵੰਤ ਸਿੰਘ ਦੀ ਤਸਵੀਰ ਨਾਲ ਕਰ ਦੇਵੋ, ਮੈਂ ਸਤਵੰਤ ਸਿੰਘ ਨਾਲ ਮੁਲਾਕਾਤ ਵੀ ਕਰ ਲਿਆ ਕਰਾਂਗੀ ਅਤੇ ਜੇ ਉਹਨਾਂ ਨੂੰ ਕੋਈ ਸਜ਼ਾ ਹੋ ਗਈ ਤਾਂ ਉਹਨਾਂ ਦੀ ਯਾਦ ਵਿਚ ਅਤੇ ਵਾਹਿਗੁਰੂ ਦੀ ਰਜ਼ਾ ਵਿਚ ਰਹਿ ਕੇ ਤੁਹਾਡੀ ਸੇਵਾ ਕਰਦੀ ਹੋਈ ਆਪਣੀ ਜ਼ਿੰਦਗੀ ਦੇ ਦਿਨ ਬਤੀਤ ਕਰਾਂਗੀ। ਪਿਤਾ ਜੀ, ਗੁਰਬਾਣੀ ਦਾ ਫ਼ੁਰਮਾਨ ਹੈ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ।।
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।।

ਬੀਬੀ ਸੁਰਿੰਦਰ ਕੌਰ ਦੀਆਂ ਸੱਚੀਆਂ ਤੇ ਖਰੀਆਂ ਗੱਲਾਂ ਦਾ ਤਰਲੋਕ ਸਿੰਘ ਪਾਸ ਕੋਈ ਜਵਾਬ ਨਹੀਂ ਸੀ। ਦੋਵਾਂ ਪਰਿਵਾਰਾਂ ਨੇ ਸਲਾਹ ਕੀਤੀ ਕਿ ਸੁਰਿੰਦਰ ਕੌਰ ਧਾਰਮਿਕ ਵਿਚਾਰਾਂ ਦੀ ਹੈ, ਇਸ ਨੂੰ ਸਮਝਾਉਣ ਲਈ ਧਰਮ ਦਾ ਹੀ ਸਹਾਰਾ ਲਿਆ ਜਾਵੇ। ਉਹਨਾਂ ਨੇ ਦਮਦਮੀ ਟਕਸਾਲ ਵਾਲਿਆਂ ਨਾਲ ਗੱਲ ਕੀਤੀ ਤਾਂ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੇ ਸਲਾਹ ਦਿੱਤੀ ਕਿ ਇਹ ਇਕ ਪੰਥਕ ਜਜ਼ਬੇ ਤੇ ਕੁਰਬਾਨੀ ਦਾ ਇਤਿਹਾਸਕ ਮਸਲਾ ਹੈ। ਇਸ ਬਾਰੇ ਦਮਦਮੀ ਟਕਸਾਲ ਇਕੱਲੇ ਤੌਰ 'ਤੇ ਕੋਈ ਫ਼ੈਸਲਾ ਨਹੀਂ ਲੈ ਸਕਦੀ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਦੇ ਪੇਸ਼ ਹੋ ਕੇ ਗੰਭੀਰ ਮਸਲੇ 'ਤੇ ਵਿਚਾਰ ਕੀਤੀ ਜਾਵੇ। ਦਮਦਮੀ ਟਕਸਾਲ ਪੂਰਨ ਸਹਿਯੋਗ ਦੇਵੇਗੀ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਫ਼ੈਸਲਾ ਹੀ ਆਪਾਂ ਪ੍ਰਵਾਨ ਕਰਨਾ ਹੈ। ਭਾਈ ਮੋਹਕਮ ਸਿੰਘ ਜੀ ਦੇ ਵਿਚਾਰਾਂ ਨਾਲ ਸਹਿਮਤ ਹੋ ਕੇ ਬਾਪੂ ਤਰਲੋਕ ਸਿੰਘ, ਸਤਵੰਤ ਸਿੰਘ ਦੀ ਮਾਂ, ਵੱਡਾ ਭਰਾ ਗੁਰਨਾਮ ਸਿੰਘ, ਵੱਡੀ ਭਰਜਾਈ ਤੇ ਵਿਚੋਲੀ ਜਸਬੀਰ ਕੌਰ, ਗੁਰਨਾਮ ਸਿੰਘ ਦਾ ਸਹੁਰਾ ਸ. ਬੂੜ ਸਿੰਘ ਨੂਰੋਵਾਲ ਛੰਨੀਆਂ, ਸਤਵੰਤ ਸਿੰਘ ਦਾ ਸਹੁਰਾ ਸ. ਵਿਰਸਾ ਸਿੰਘ ਤੇ ਬੀਬੀ ਸੁਰਿੰਦਰ ਕੌਰ ਤੇ ਉਸ ਦੀ ਮਾਤਾ ਪ੍ਰੀਤਮ ਕੌਰ ਦਮਦਮੀ ਟਕਸਾਲ ਦੇ ਬੁਲਾਰੇ ਭਾਈ ਮੋਹਕਮ ਸਿੰਘ ਨੂੰ ਨਾਲ ਲੈ ਕੇ ਸ੍ਰੀ ਅੰਮ੍ਰਿਤਸਰ ਆਏ। ਘੰਟਾ ਘਰ

ਚੌਂਕ ਦੇ ਦਰਵਾਜ਼ੇ ਰਾਹੀਂ ਸ੍ਰੀ ਦਰਬਾਰ ਸਾਹਿਬ ਦੀਆਂ ਪਰਕਰਮਾਂ ਵਿਚ ਦਾਖ਼ਲ ਹੋਏ। ਪੌੜੀਆਂ ਉੱਤਰਦਿਆਂ ਸਾਹਮਣੇ ਸਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਹੋਏ, ਪਰਕਰਮਾਂ ਵਿਚ ਮੱਥਾ ਟੇਕਿਆ। ਅੰਮ੍ਰਿਤ ਸਰੋਵਰ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਸਰੂਪ ਝਲਕਾਰੇ ਮਾਰ ਰਿਹਾ ਸੀ। ਸ੍ਰੀ ਦਰਬਾਰ ਸਾਹਿਬ ਅੰਦਰ ਰਾਗੀ ਸਿੰਘਾਂ ਦਾ ਜਥਾ ਕੀਰਤਨ ਕਰ ਰਿਹਾ ਸੀ, ਅੰਮ੍ਰਿਤ ਰਸ ਗੁਰਬਾਣੀ ਦੀਆਂ ਧੁਨਾਂ ਕਹਿ ਰਹੀਆਂ ਸਨ:

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥
ਸਿਰੁ ਦੀਜੈ ਕਾਣਿ ਨ ਕੀਜੈ॥

ਸਾਰੇ ਪਰਿਵਾਰ ਨੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰ ਕੇ, ਦੁੱਖ ਭੰਜਨੀ ਬੇਰੀ ਕੋਲ ਪਹੁੰਚ ਕੇ ਅੰਮ੍ਰਿਤਸਰ ਸਰੋਵਰ 'ਚੋਂ ਜਲ ਦੇ ਚੂਲੇ ਲਏ। ਇਹ ਉਹੀ ਪਵਿੱਤਰ ਅਸਥਾਨ ਹੈ, ਜਿਸ ਅਸਥਾਨ 'ਤੇ ਬੀਬੀ ਰਜਨੀ, ਪਿੰਗਲੇ ਪਤੀ ਨੂੰ ਸਿਰ ਉੱਤੇ ਟੋਕਰੀ ਵਿਚ ਚੁੱਕ ਕੇ ਪਤੀ ਪਰਮੇਸ਼ਰ ਦੇ ਪਵਿੱਤਰ ਰਿਸ਼ਤੇ ਦੀ ਪਾਲਣਾ ਕਰਦੀ ਨੂੰ, ਕੁਦਰਤ ਨੇ ਭਾਗ ਲਾਇਆ ਸੀ। ਦਰਸ਼ਨੀ ਡਿਊੜੀ ਸਾਹਮਣੇ ਪਹੁੰਚ ਕੇ ਸ੍ਰੀ ਹਰਿਮੰਦਰ ਸਾਹਿਬ ਨੂੰ ਨਮਸਕਾਰ ਕੀਤੀ ਤੇ ਪੁਲ ਉੱਤੋਂ ਦੀ ਸ੍ਰੀ ਹਰਿਮੰਦਰ ਸਾਹਿਬ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਵਾਪਸ ਆ ਕੇ ਦਰਸ਼ਨੀ ਡਿਊੜੀ ਤੋਂ ਬਾਹਰ ਪ੍ਰਸ਼ਾਦ ਲੈ ਕੇ ਮੱਥਾ ਟੇਕ ਕੇ ਉਸਾਰੀ ਅਧੀਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅੱਗੇ ਰੱਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮਾਡਲ ਲਾਗੇ ਪਈ ਕਾਰ ਸੇਵਾ ਵਿਚ ਸਰਦੀ-ਪੁੱਜਦੀ ਭੇਟਾ ਪਾਈ। 26 ਜਨਵਰੀ 1986 ਨੂੰ ਸਰਬੱਤ ਖ਼ਾਲਸਾ ਵੱਲੋਂ ਲਏ ਫ਼ੈਸਲੇ ਅਨੁਸਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰ ਸੇਵਾ ਚੱਲ ਰਹੀ ਸੀ। ਮੀਰੀ-ਪੀਰੀ ਦੇ ਦੋ ਨਿਸ਼ਾਨ ਸਾਹਿਬਾਂ ਦੇ ਪਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਖੱਬੀ ਬਾਹੀ ਵਾਲੇ ਕਮਰੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼, ਸ੍ਰੀ ਅਖੰਡ ਪਾਠ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਯਾਦਾ ਚੱਲ ਰਹੀ ਸੀ। ਅਪ੍ਰੈਲ 1988 ਦੇ ਦਿਨ ਸਨ, ਸਾਰੇ ਪਰਿਵਾਰ ਨੇ ਭਾਈ ਮੋਹਕਮ ਸਿੰਘ ਦੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਚੱਲ ਰਹੀ ਮਰਿਯਾਦਾ ਵਾਲੇ ਅਸਥਾਨ 'ਤੇ ਪਹੁੰਚ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਤੇ ਬੈਠ ਗਿਆ।

ਪੰਜ ਸਿੰਘ ਸਾਹਿਬਾਨ, ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ,

ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸਿੰਘ ਸਾਹਿਬ ਗਿਆਨੀ ਕਸ਼ਮੀਰ ਸਿੰਘ ਜੀ ਮੁੱਖ ਗ੍ਰੰਥੀ ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਸਾਹਿਬ ਗਿਆਨੀ ਸ਼ਵਿੰਦਰ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਅਨੰਦਪੁਰ ਸਾਹਿਬ) ਅਤੇ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਕਿਸੇ ਪੰਥਕ ਮਸਲੇ 'ਤੇ ਵਿਚਾਰ-ਵਿਟਾਂਦਰਾ ਕਰ ਰਹੇ ਸਨ। ਭਾਈ ਮੋਹਕਮ ਸਿੰਘ ਜੀ ਨੇ ਸਿੰਘ ਸਾਹਿਬ ਅੱਗੇ ਬੇਨਤੀ ਕੀਤੀ ਕਿ "ਸਿੰਘ ਸਾਹਿਬ ਜੀਉ, ਇਹ ਪਰਿਵਾਰ ਭਾਈ ਸਤਵੰਤ ਸਿੰਘ ਜੀ ਦਾ ਹੈ ਅਤੇ ਇਹ ਅਗਵਾਨ ਖ਼ੁਰਦ ਤੋਂ ਆਏ ਹਨ। ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ, ਭਾਈ ਬਲਬੀਰ ਸਿੰਘ ਨੂੰ ਇੰਦਰਾ ਕਤਲ ਕੇਸ ਵਿਚ ਸੈਸ਼ਨ ਕੋਰਟ ਤੇ ਹਾਈ ਕੋਰਟ 'ਚੋਂ ਫ਼ਾਂਸੀ ਦੀ ਸਜ਼ਾ ਹੋ ਚੁੱਕੀ ਹੈ। ਹੁਣ ਕੇਸ ਅਪੀਲ ਅਧੀਨ ਸੁਪਰੀਮ ਕੋਰਟ ਵਿਚ ਚੱਲ ਰਿਹਾ ਹੈ। ਇਹ ਬੀਬੀ ਸੁਰਿੰਦਰ ਕੌਰ ਭਾਈ ਸਤਵੰਤ ਸਿੰਘ ਦੀ ਮੰਗੇਤਰ ਹੈ। ਪਹਿਲਾਂ ਬੀਬੀ ਦੀ ਸਤਵੰਤ ਸਿੰਘ ਨਾਲ ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਮੁਲਾਕਾਤ ਹੋ ਜਾਂਦੀ ਸੀ ਪਰ ਹੁਣ ਜੇਲ੍ਹ ਅਧਿਕਾਰੀਆਂ ਨੇ ਇਹ ਕਹਿ ਕੇ ਪਾਬੰਦੀ ਲਾ ਦਿੱਤੀ ਹੈ ਕਿ ਸੁਰਿੰਦਰ ਕੌਰ ਦਾ ਸਤਵੰਤ ਸਿੰਘ ਨਾਲ ਅਜੇ ਵਿਆਹ ਨਹੀਂ ਹੋਇਆ, ਮੰਗੇਤਰ ਦੀ ਬਿਨਾਅ 'ਤੇ ਮੁਲਾਕਾਤ ਨਹੀਂ ਹੋ ਸਕਦੀ। ਬੀਬੀ ਸੁਰਿੰਦਰ ਕੌਰ ਸਤਵੰਤ ਸਿੰਘ ਦੀ ਤਸਵੀਰ ਨਾਲ ਅਨੰਦ ਕਾਰਜ (ਵਿਆਹ) ਕਰਨ ਲਈ ਜ਼ਿਦ ਕਰ ਰਹੀ ਹੈ। ਦੋਵੇਂ ਪਰਿਵਾਰ ਸਤਵੰਤ ਸਿੰਘ ਦੇ ਛੋਟੇ ਭਰਾ ਸਰਵਣ ਸਿੰਘ ਨਾਲ ਸੁਰਿੰਦਰ ਕੌਰ ਦਾ ਵਿਆਹ ਕਰਨਾ ਚਾਹੁੰਦੇ ਹਨ। ਬੀਬੀ ਸੁਰਿੰਦਰ ਕੌਰ ਇਸ ਲਈ ਸਹਿਮਤ ਨਹੀਂ। ਕ੍ਰਿਪਾ ਕਰ ਕੇ ਬੀਬੀ ਸੁਰਿੰਦਰ ਕੌਰ ਨੂੰ ਗੁਰਮਤਿ ਵਿਚਾਰਧਾਰਾ ਅਨੁਸਾਰ ਸਮਝਾਉਣ ਲਈ ਮਦਦ ਕੀਤੀ ਜਾਵੇ।

ਇਹ ਬੇਨਤੀ ਸੁਣ ਕੇ ਕੁਝ ਚਿਰ ਪੰਜ ਸਿੰਘ ਸਾਹਿਬਾਨ ਨੇ ਦੁਨਿਆਵੀ ਨਜ਼ਰੀਏ ਨਾਲ ਬੀਬੀ ਸੁਰਿੰਦਰ ਕੌਰ ਨੂੰ ਸਮਝਾਉਣ ਲਈ ਬੀਬੀ ਦੇ ਭਵਿੱਖ ਬਾਰੇ ਵਿਚਾਰ ਕੀਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਖ਼ਾਲਸਾ (ਰੋਡੇ) ਨੇ ਬੀਬੀ ਸੁਰਿੰਦਰ ਕੌਰ ਨੂੰ ਸਮਝਾਉਂਦਿਆਂ ਕਿਹਾ, "ਬੀਬੀ ਜੀ, ਅਸੀਂ ਤੁਹਾਡੀਆਂ ਧਾਰਮਿਕ ਭਾਵਨਾਵਾਂ ਦੀ ਕਦਰ ਕਰਦੇ ਹਾਂ। ਬੀਬੀ ਜੀ, ਤੁਹਾਡੇ ਘਰ ਦੇ ਦੋਵੇਂ ਪਰਿਵਾਰ ਤੁਹਾਡੇ ਫ਼ੈਸਲੇ ਨਾਲ ਸਹਿਮਤ ਨਹੀਂ। ਇਹ ਤੇਰਾ ਅਨੰਦ ਕਾਰਜ ਸਤਵੰਤ ਸਿੰਘ

ਦੇ ਭਰਾ ਨਾਲ ਕਰਨਾ ਚਾਹੁੰਦੇ ਹਨ, ਕਿਉਂਕਿ ਇੰਦਰਾ ਕਤਲ ਕੇਸ ਵਿਚ ਸਤਵੰਤ ਸਿੰਘ ਨੂੰ ਫ਼ਾਂਸੀ ਅਵੱਸ਼ ਹੋ ਜਾਣੀ ਹੈ। ਅਦਾਲਤਾਂ ਰਾਜੀਵ ਗਾਂਧੀ ਦੀਆਂ ਕਠਪੁਤਲੀਆਂ ਸਿੱਧ ਹੋ ਰਹੀਆਂ ਹਨ। ਸਿੱਖ ਕੌਮ ਦਾ ਵਾਹ ਕਮੀਨੇ ਹਾਕਮਾਂ ਨਾਲ ਪੈ ਗਿਆ ਹੈ, ਹਿੰਦੂ ਫ਼ਿਰਕਾਪ੍ਰਸਤ ਹਾਕਮਾਂ ਤੋਂ ਕਿਸੇ ਵੀ ਇਨਸਾਫ਼ ਦੀ ਅਤੇ ਸਤਵੰਤ ਸਿੰਘ ਦੀ ਰਿਹਾਈ ਦੀ ਕੋਈ ਆਸ ਨਹੀਂ। ਇਸ ਲਈ ਤੁਸੀਂ ਆਪਣਾ ਫ਼ੈਸਲਾ ਬਦਲ ਲਵੋ।''

ਬੀਬੀ ਨੇ ਅੱਗੋਂ ਬੜੇ ਧੀਰਜ ਨਾਲ ਕਿਹਾ, ''ਪਰਮ ਸਤਿਕਾਰਯੋਗ ਸਿੰਘ ਸਾਹਿਬ ਜੀਉ, ਮੈਂ ਆਪਣਾ ਪੱਖ ਪੇਸ਼ ਕਰਨਾ ਚਾਹੁੰਦੀ ਹਾਂ, ਇਸ ਤੋਂ ਬਾਅਦ ਆਪ ਜੀ ਦਾ ਹਰ ਹੁਕਮ ਖਿੜੇ ਮੱਥੇ ਪ੍ਰਵਾਨ ਕਰਾਂਗੀ। ਸਿੰਘ ਸਾਹਿਬ ਜੀਉ, ਕੀ ਅਸੀਂ ਬੀਬੀ ਰਜਨੀ ਦੇ ਇਤਿਹਾਸ ਤੋਂ ਸੇਧ ਨਹੀਂ ਲੈ ਸਕਦੇ। ਜੇ ਸੇਠ ਦੁਨੀ ਚੰਦ ਦੀ ਪੁੱਤਰੀ ਬੀਬੀ ਰਜਨੀ ਅਕਾਲ ਪੁਰਖ ਵਾਹਿਗੁਰੂ ਉੱਤੇ ਭਰੋਸਾ ਰੱਖਣ ਵਾਲੀ, ਪਿਤਾ ਵੱਲੋਂ ਸਹੇੜ ਕੇ ਲਿਆਂਦੇ ਪਿੰਗਲੇ ਨੂੰ ਆਪਣੇ ਹਿਰਦੇ ਵਿਚ ਪਤੀ ਰੂਪ 'ਚ ਸਵੀਕਾਰ ਕਰ ਸਕਦੀ ਹੈ ਤਾਂ ਫਿਰ ਮੈਂ ਵੀ ਉਹਨਾਂ ਦੀ ਹੀ ਵਾਰਸ ਹਾਂ।''

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਦੀ ਬਹਾਲੀ ਲਈ ਲੱਖਾਂ ਸਿੰਘਾਂ, ਸਿੰਘਣੀਆਂ ਨੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ਸ਼ਹੀਦ ਭਾਈ ਸੁੱਖਾ ਸਿੰਘ ਜੀ, ਸ਼ਹੀਦ ਭਾਈ ਮਹਿਤਾਬ ਸਿੰਘ ਜੀ, ਸ਼ਹੀਦ ਬਾਬਾ ਦੀਪ ਸਿੰਘ ਜੀ, ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ, ਸ਼ਹੀਦ ਜਨਰਲ ਸੁਬੇਗ ਸਿੰਘ ਜੀ, ਸ਼ਹੀਦ ਭਾਈ ਅਮਰੀਕ ਸਿੰਘ ਜੀ ਤੇ ਹਜ਼ਾਰਾਂ ਸਿੰਘਾਂ ਨੇ ਜ਼ਾਲਮ ਵੈਰੀਆਂ ਨੂੰ ਲੋਹੇ ਦੇ ਚਨੇ ਚਬਾਏ ਅਤੇ ਜੂਨ 1984 ਦੇ ਘੱਲੂਘਾਰੇ ਦੌਰਾਨ ਹਿੰਦੁਸਤਾਨੀ ਫ਼ੌਜ ਦਾ ਬਹਾਦਰੀ ਨਾਲ ਮੁਕਾਬਲਾ ਕਰਦਿਆਂ ਸ਼ਹਾਦਤਾਂ ਪ੍ਰਾਪਤ ਕੀਤੀਆਂ। ਸ਼ਹੀਦ ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਅਕਸਰ ਕਿਹਾ ਕਰਦੇ ਸਨ ਕਿ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ ਵਿਚ ਲੱਗੀ ਇਕ ਇਕ ਇੱਟ ਥੱਲੇ ਸੌ ਸੌ ਸ਼ਹੀਦ ਸਿੰਘਾਂ ਦਾ ਸੀਸ ਲੱਗਾ ਹੈ। ਇਸ ਅਸਥਾਨ ਦੀ ਪਵਿੱਤਰਤਾ ਨੂੰ ਬਹਾਲ ਰੱਖਣ ਖ਼ਾਤਰ ਸ਼ਹਾਦਤ ਪਾਉਣ ਜਾ ਰਹੇ ਭਾਈ ਸੁੱਖਾ ਸਿੰਘ ਭਾਈ ਮਹਿਤਾਬ ਸਿੰਘ ਜੀ ਸ਼ਹੀਦ ਦੇ ਵਾਰਸ ਸ. ਸਤਵੰਤ ਸਿੰਘ, ਜੋ ਕਿ ਮੇਰੇ ਪਿਤਾ ਜੀ ਦਾ ਮੇਰੇ ਲਈ ਸਹੇੜ ਹੈ, ਜਿਸ ਨੂੰ ਮੈਂ ਆਪਣੇ ਦਿਲ-ਹਿਰਦੇ ਅੰਦਰ ਪਤੀ ਪਰਮੇਸ਼ਰ ਰੂਪ ਵਿਚ ਸਵੀਕਾਰ ਕਰ ਚੁੱਕੀ ਹਾਂ। ਕੀ ਮੈਂ ਇਸ ਬਹਾਦਰ ਪਤੀ ਤੋਂ ਮੁੱਖ ਮੋੜ ਲਵਾਂ? ਲੋਕ ਕੀ ਕਹਿਣਗੇ? ਸਤਵੰਤ ਸਿੰਘ ਬੇਅੰਤ ਸਿੰਘ ਨੇ

ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਹੋਏ ਭਾਰਤੀ ਫ਼ੌਜਾਂ ਦੇ ਹਮਲੇ ਅਤੇ ਹਜ਼ਾਰਾਂ ਸਿੰਘਾਂ ਸਿੰਘਣੀਆਂ ਦੀ ਸ਼ਹੀਦੀ ਦਾ ਬਦਲਾ ਲਿਆ। ਸਿੱਖ ਕੌਮ ਦੀ ਰੁਲਦੀ ਪੱਗ ਨੂੰ ਚੁੱਕ ਕੇ ਸਿੱਖ ਕੌਮ ਦੇ ਸੀਸ ਉੱਤੇ ਰੱਖਿਆ। ਸਤਵੰਤ ਸਿੰਘ ਨੂੰ ਫ਼ਾਂਸੀ ਦੀ ਸਜ਼ਾ ਹੋ ਗਈ, ਉਸ ਦੀ ਮੰਗੇਤਰ ਨੇ ਹੋਰ ਥਾਂ ਵਿਆਹ ਕਰਵਾ ਲਿਆ। ਸਤਵੰਤ ਸਿੰਘ ਦੇ ਭਰਾ ਮੇਰੇ ਭਰਾ ਹਨ। ਮੈਂ ਸਤਵੰਤ ਸਿੰਘ ਦੀ ਪੱਗ ਨੂੰ ਆਪਣੇ ਆਖ਼ਰੀ ਸਵਾਸਾਂ ਤਕ ਦਾਗ ਨਹੀਂ ਲੱਗਣ ਦੇਵਾਂਗੀ। ਮੈਂ ਆਪਣੇ ਪਿਤਾ ਤੇ ਸਤਵੰਤ ਸਿੰਘ ਦੇ ਪਿਤਾ ਦੀ ਪੱਗ ਨੂੰ ਦਾਗ਼ ਨਹੀਂ ਲੱਗਣ ਦੇਵਾਂਗੀ। ਸਤਵੰਤ ਸਿੰਘ ਦੇ ਮਾਤਾ ਪਿਤਾ ਦੀ ਆਖ਼ਰੀ ਸਵਾਸਾਂ ਤਕ ਸੇਵਾ ਕਰਦੀ ਰਹਾਂਗੀ। ਮੈਂ ਆਪਣੇ ਪਿਤਾ ਜੀ ਤੋਂ ਕਿਸੇ ਵੀ ਦਾਜ ਦੀ ਮੰਗ ਨਹੀਂ ਕਰਦੀ। **ਮੈਨੂੰ ਕਿਸੇ ਹੋਰ ਦੀ ਸੁਹਾਗਣ ਬਣਨ ਨਾਲੋਂ ਸਤਵੰਤ ਸਿੰਘ ਦੀ ਵਿਧਵਾ ਬਣਨਾ ਮਨਜ਼ੂਰ ਹੋਵੇਗਾ**। ਜੇ ਮੇਰਾ ਤੇ ਸਤਵੰਤ ਸਿੰਘ ਦਾ ਵਿਆਹ ਇੰਦਰਾ ਗਾਂਧੀ ਨੂੰ ਸੋਧਣ ਤੋਂ ਪਹਿਲਾਂ ਹੋ ਜਾਂਦਾ, ਤਾਂ ਕੀ ਫੇਰ ਮੇਰੀ ਝੋਲੀ ਵਿਚ ਦੁੱਖਾਂ ਦੇ ਪਹਾੜ ਨਾ ਪੈਂਦੇ? ਮੈਂ ਸਤਵੰਤ ਸਿੰਘ ਨੂੰ ਦਿਲੋਂ ਪਿਆਰ ਕਰਦੀ ਹਾਂ। ਆਪਣੇ ਮਨ ਹੀ ਮਨ ਵਿਚ ਪਤੀ ਸਵੀਕਾਰ ਕਰ ਚੁੱਕੀ ਹਾਂ। ਇਸਤਰੀ ਰੂਪੀ ਹਿਰਦਾ ਹਮੇਸ਼ਾ ਇਕ ਨੂੰ ਹੀ ਪਤੀ ਰੂਪ ਵਿਚ ਸਵੀਕਾਰ ਕਰਦਾ ਹੈ। ਸਿੰਘ ਸਾਹਿਬ ਜੀਓ, ਮੈਂ ਆਪਣੀ ਝੋਲੀ ਵਿਚ ਹਰ ਤਰ੍ਹਾਂ ਦੇ ਦੁੱਖ ਪਵਾਉਣ ਲਈ ਤਿਆਰ ਹਾਂ। ਮੇਰੇ ਹਿਰਦੇ 'ਚੋਂ ਸਤਵੰਤ ਸਿੰਘ ਦਾ ਪਤੀ ਰੂਪੀ ਪਿਆਰ ਨਾ ਖੋਹਵੋ।'' ਇਤਨਾ ਕਹਿੰਦਿਆਂ ਸੁਰਿੰਦਰ ਕੌਰ ਦੀਆਂ ਅੱਖਾਂ ਵਿਚੋਂ ਸਤਵੰਤ ਸਿੰਘ ਪ੍ਰਤੀ ਅਥਾਹ ਪਿਆਰ ਦੇ ਹੰਝੂ ਵਰਸ ਪਏ। ਇਹ ਹਾਲ ਵੇਖ ਕੇ ਤੇ ਬੀਬੀ ਦੇ ਵਿਚਾਰ ਸੁਣ ਕੇ ਸਾਰੇ ਪਰਿਵਾਰ ਬੀਬੀ ਸੁਰਿੰਦਰ ਕੌਰ ਦਾ ਪਿਤਾ, ਮਾਤਾ, ਸਤਵੰਤ ਸਿੰਘ ਦੀ ਮਾਂ, ਵੱਡੀ ਭਰਜਾਈ ਜਸਬੀਰ ਕੌਰ, ਵੱਡਾ ਭਰਾ ਗੁਰਨਾਮ ਸਿੰਘ, ਸ. ਬੂੜ ਸਿੰਘ ਨੂਰੋਵਾਲ ਛੰਨੀਆਂ, ਬਾਪੂ ਤਰਲੋਕ ਸਿੰਘ, ਪੰਜ ਸਿੰਘ ਸਾਹਿਬਾਨ, ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਵੀ ਜਜ਼ਬਾਤੀ ਹੋ ਗਏ ਅਤੇ ਅੱਖਾਂ ਵਿਚੋਂ ਹੰਝੂ ਨਾ ਰੋਕ ਸਕੇ। ਸ਼ਿੰਦਰ ਦੇ ਹਠ-ਧਰਮ ਸਿਦਕ ਅੱਗੇ ਸਾਰੇ ਹਾਰ ਮੰਨ ਗਏ। ਸਿੰਘ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ (ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ), ਸਿੰਘ ਸਾਹਿਬ ਗਿਆਨੀ ਪੂਰਨ ਸਿੰਘ, ਸਿੰਘ ਸਾਹਿਬ ਗਿਆਨੀ ਕਸ਼ਮੀਰ ਸਿੰਘ ਜੀ, ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਜੀ, ਸਿੰਘ ਸਹਿਬ ਗਿਆਨੀ ਸਵਿੰਦਰ ਸਿੰਘ ਜੀ ਨੇ ਬਚਨ ਕੀਤਾ ਤੇ ਕਹਿਣ ਲੱਗੇ, ''ਬੀਬੀ ਧੰਨ ਹੈਂ ਤੂੰ! ਤੇ ਧੰਨ ਹੈ ਤੇਰਾ ਸੱਚਾ-ਸੁੱਚਾ ਪਿਆਰ। ਬੀਬੀ

ਤੇਰੇ ਪਤੀ ਸਤਵੰਤ ਸਿੰਘ ਨੇ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਦੀ ਬਹਾਲੀ ਖ਼ਾਤਰ ਜੋ ਪਵਿੱਤਰ ਕਾਰਜ ਕੀਤਾ ਹੈ, ਕੁਰਬਾਨੀ ਕੀਤੀ ਹੈ, ਸਿੱਖੀ ਦਾ ਸੁਨਹਿਰੀ ਤੇ ਅਣਖੀਲਾ ਇਤਿਹਾਸ ਸਿਰਜਿਆ ਹੈ। **ਬੀਬੀ ਤੂੰ ਤਾਂ ਉਸ ਤੋਂ ਵੀ ਬਹੁਤ ਅੱਗੇ ਲੰਘ ਗਈ ਹੈਂ। ਤੂੰ ਵੀ ਅੱਜ ਸਿੱਖ ਇਤਿਹਾਸ, ਦੁਨੀਆਂ ਦੇ ਇਤਿਹਾਸ ਅੰਦਰ ਇਕ ਨਵਾਂ ਕਾਂਡ ਸਿਰਜ ਰਹੀ ਹੈਂ। ਤੇਰੀ ਕੁਰਬਾਨੀ, ਸਿਦਕ ਉੱਤੇ ਸਮੁੱਚੀ ਸਿੱਖ ਕੌਮ ਨੂੰ ਗੌਰਵ-ਮਾਣ ਹੈ।''**

ਪੰਜ ਸਿੰਘ ਸਾਹਿਬਾਨ ਨੇ ਫ਼ੈਸਲਾ ਕੀਤਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਸਤਿਗੁਰੂ ਸਾਹਿਬ ਹੁਕਮਨਾਮਾ ਦੇ ਰਹੇ ਹਨ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ।।
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।।

ਸਿੰਘ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਨੇ ਕਿਹਾ, ''ਬੀਬੀ, ਤੇਰਾ ਸਿਦਕ, ਧਰਮ ਸੱਚੇ ਪਾਤਸ਼ਾਹ ਅਕਾਲ ਪੁਰਖ ਵਾਹਿਗੁਰੂ ਆਪ ਨਿਭਾਵੇਗਾ।'' ਸਿੰਘ ਸਾਹਿਬ ਭਾਈ ਜਸਬੀਰ ਸਿੰਘ ਜੀ ਖ਼ਾਲਸਾ ਨੇ ਪਰਿਵਾਰ ਨੂੰ ਹੁਕਮ ਦਿੱਤਾ ਕਿ ਬੀਬੀ ਸੁਰਿੰਦਰ ਕੌਰ ਦੇ ਸਿਦਕ, ਪ੍ਰੇਮ ਭਾਵਨਾਵਾਂ ਦੀ ਕਦਰ ਕਰਦਿਆਂ ਹੋਇਆਂ ਭਾਈ ਸਤਵੰਤ ਸਿੰਘ ਦੀ ਤਸਵੀਰ, ਕਿਰਪਾਨ, ਪਰਨੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਨੰਦ ਕਾਰਜ ਕਰ ਦਿੱਤਾ ਜਾਵੇ। ਬੀਬੀ ਸੁਰਿੰਦਰ ਕੌਰ ਦੇ ਸਿਰ ਉੱਤੇ ਸੱਚੇ ਪਾਤਸ਼ਾਹ ਵਾਹਿਗੁਰੂ ਮਿਹਰ ਭਰਿਆ ਹੱਥ ਰੱਖਣਗੇ। ਬੀਬੀ ਸਿੱਖੀ ਸਿਦਕ ਭਰੋਸੇ ਦੀ ਮੰਜ਼ਿਲ 'ਤੇ ਪਹੁੰਚ ਗਈ ਹੈ।

13

ਸਤਵੰਤ ਸਿੰਘ ਦੇ ਵਿਆਹ ਹੋਣ ਸੰਬੰਧੀ ਪਤਾ ਜਦੋਂ ਡੇਰਾ ਬਾਬਾ ਨਾਨਕ ਦੇ ਇਲਾਕੇ ਵਿਚ ਲੱਗਾ ਤਾਂ ਸਿੰਘ ਕਹਿਣ ਲੱਗੇ, ''ਬਾਪੂ, ਅਸੀਂ ਸਤਵੰਤ ਸਿੰਘ ਦਾ ਵਿਆਹ ਚੁੱਪ-ਚੁਪੀਤੇ ਨਹੀਂ ਹੋਣ ਦੇਣਾ।'' ਮੈਂ ਕਿਹਾ, ''ਓਏ ਭਲੇਮਾਣਸੋ, ਇਹ ਵਿਆਹ ਕਾਹਦਾ, ਅਸੀਂ ਤਾਂ ਸ਼ਿੰਦਰ ਦੇ ਹਠ-ਧਰਮ ਅੱਗੇ ਮਜਬੂਰ ਹੋ ਕੇ ਸਿਰ ਨਿਵਾ ਰਹੇ ਹਾਂ। ਦੱਸੋ ਤੁਸੀਂ ਕੀ ਆਖਣਾ ਚਾਹੁੰਦੇ ਹੋ ?'' ਸਿੰਘ ਕਹਿੰਦੇ, ''ਬਾਪੂ, ਸਤਵੰਤ ਸਿੰਘ ਦਾ ਵਿਆਹ ਪੂਰੇ ਧੂਮ ਧੜੱਕੇ ਨਾਲ ਕਰਨਾ ਏ। ਦੁਨੀਆਂ ਵੇਖੇ, ਸਤਵੰਤ ਸਿੰਘ ਤੇ ਸੁਰਿੰਦਰ ਕੌਰ ਦੇ ਵਿਆਹ ਹੁੰਦੇ ਨੂੰ।'' ਮੈਂ ਕਿਹਾ, ''ਭਾਈ ਸਿੰਘੋ, ਤੁਸੀਂ ਧੂਮ ਧੜੱਕੇ ਦੀਆਂ ਗੱਲਾਂ ਕਰਦੇ ਹੋ, ਪਤਾ ਨਹੀਂ ਉਸ ਜੱਟ (ਸੁਰਿੰਦਰ ਕੌਰ ਦੇ ਪਿਤਾ ਸ. ਵਿਰਸਾ ਸਿੰਘ) ਨੇ ਕਿੰਨੇ ਵੱਡੇ ਜੇਰੇ ਨਾਲ ਆਪਣੀ ਲਾਡਲੀ ਧੀ ਨੂੰ ਫ਼ਾਂਸੀ ਦਾ ਰੱਸਾ ਚੁੰਮਣ ਜਾ ਰਹੇ ਦੀ ਤਸਵੀਰ ਨੂੰ ਪੱਲਾ ਫੜਾ ਕੇ ਕਿਸ ਹਾਲਤ ਵਿਚ ਘਰੋਂ ਤੋਰਨਾ ਏ।'' ਸਿੰਘ ਕਹਿੰਦੇ, ''ਬਾਪੂ, ਫ਼ਿਕਰ ਨਾ ਕਰ, ਸਤਵੰਤ ਸਿੰਘ ਦੀ ਬਰਾਤ (ਸਿੱਖ ਸੰਗਤ) ਦੀ ਸੇਵਾ ਦੀ ਜ਼ਿੰਮੇਵਾਰੀ ਸਾਡੀ ਰਹੀ। ਸਤਵੰਤ ਸਿੰਘ ਦੀ ਤਸਵੀਰ ਦੀ ਬਰਾਤ ਅਗਵਾਨ ਤੋਂ ਲੈ ਕੇ ਰਮਦਾਸ ਤਕ ਤੇ ਪਿੰਡ ਜੱਟਾਂ ਤਕ ਸੜਕ ਦੇ ਦੋਵੇਂ ਪਾਸੇ ਸਿੱਖ ਸੰਗਤਾਂ ਖਲੋ ਕੇ ਫੁੱਲਾਂ ਦੀ ਵਰਖਾ ਕਰਨਗੀਆਂ। ਰਸਤੇ ਵਿਚ ਸਵਾਗਤੀ ਗੇਟ ਵੀ ਬਣਾਵਾਂਗੇ, ਗੱਤਕਾ ਪਾਰਟੀਆਂ ਗੱਤਕਾ ਖੇਡਦੀਆਂ ਜਾਣਗੀਆਂ, ਨਿਹੰਗ ਸਿੰਘ ਦੇ ਦਲਾਂ ਨੂੰ ਵੀ ਸ਼ਾਮਲ ਕਰਨਾ ਬਰਾਤ ਵਿਚ ਤੇ ਨਿਹੰਗ ਸਿੰਘਾਂ ਦੇ ਨਗਾਰਿਆਂ ਦੀਆਂ ਚੋਟਾਂ ਦਿੱਲੀ ਨੂੰ ਸੁਣਾਉਣੀਆਂ। ਸਿੱਖ ਬੀਬੀਆਂ ਸਤਵੰਤ ਸਿੰਘ ਦੀਆਂ ਘੋੜੀਆਂ ਗਾਉਂਦੀਆਂ ਜਾਣਗੀਆਂ। ਸਮੂਹ ਸਿੱਖ ਜਥੇਬੰਦੀਆਂ ਨੂੰ ਸਤਵੰਤ ਸਿੰਘ-ਸੁਰਿੰਦਰ ਕੌਰ ਦੇ ਵਿਆਹ 'ਚ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦੇਣਾ।''

ਸਿੰਘ ਕਹਿਣ, ''ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਪੋਤਰੇ ਕੰਵਰ ਨੌਨਿਹਾਲ ਸਿੰਘ ਦਾ ਵਿਆਹ ਸ. ਸ਼ਾਮ ਸਿੰਘ ਅਟਾਰੀ ਵਾਲੇ ਦੀ ਪੁੱਤਰੀ ਨਾਨਕੀ ਕੌਰ ਨਾਲ ਕੀਤਾ ਸੀ। ਹੁਣ ਸਰਦਾਰ ਸਤਵੰਤ ਸਿੰਘ ਦਾ ਵਿਆਹ

ਵੀ ਪਿੰਡ ਜਟਾਂ ਦੇ ਸ. ਵਿਰਸਾ ਸਿੰਘ ਦੀ ਸਪੁੱਤਰੀ ਬੀਬੀ ਸੁਰਿੰਦਰ ਕੌਰ ਨਾਲ ਵਿਆਹ, ਕੰਵਰ ਨੌਨਿਹਾਲ ਸਿੰਘ ਵਾਂਗ ਹੀ ਕਰਨਾ ਹੈ।''

ਮੈਂ ਪਿਆਰ ਨਾਲ ਸਮਝਾਉਂਦਿਆਂ ਕਿਹਾ, ''ਸਿੰਘੋ, ਇਕ ਪਾਸੇ ਤਾਂ ਜੁਝਾਰੂ ਸਿੰਘਾਂ ਦਾ ਫ਼ੈਸਲਾ ਹੈ ਕਿ ਵਿਆਹ ਵਿਚ ਗਿਆਰਾਂ ਬਰਾਤੀ ਹੀ ਜਾਣ, ਭੈਣਾਂ ਮਿਲਣੀ 'ਤੇ ਨਾ ਜਾਣ, ਦਾਜ-ਦਹੇਜ ਤੋਂ ਬਿਨਾਂ ਵਿਆਹ ਕੀਤੇ ਜਾਣ। ਸਿੰਘੋ, ਜੇ ਆਪਾਂ ਹੀ ਖ਼ਾਲਸਾ ਪੰਥ ਦੇ ਹੁਕਮਾਂ ਦੀ ਉਲੰਘਣਾ ਕੀਤੀ ਤਾਂ ਲੋਕਾਂ ਨੂੰ ਹੁਕਮ 'ਤੇ ਚੱਲਣ ਲਈ ਕਿਵੇਂ ਪ੍ਰੇਰਾਂਗੇ? ਲੋਕ ਤਾਂ ਮੈਨੂੰ ਅੱਗੇ ਹੀ ਕਹਿੰਦੇ, ਬਾਪੂ ਤਰਲੋਕ ਸਿੰਘ ਹਿੱਲ ਗਿਆ (ਪਾਗਲ ਹੋ ਗਿਆ), ਮੁੰਡਾ ਇਹਦਾ (ਸਤਵੰਤ ਸਿੰਘ) ਫਾਹੇ ਲੱਗ ਜਾਣਾ, ਇਹ ਉਸ ਦੇ ਵਿਆਹ ਦੀਆਂ ਸਕੀਮਾਂ ਬਣਾਉਂਦਾ ਫਿਰਦਾ। ਕੋਈ ਕਹਿੰਦਾ, ਚਲੋ ਤਰਲੋਕ ਸਿੰਘ ਆਪਣੇ ਮਨ ਦੀ ਰੀਝ ਪੂਰੀ ਕਰ ਲਵੇ, ਜੋ ਹੋਊ ਵੇਖੀ ਜਾਊ। ਫਿਰ ਛੋਟੇ ਦੇ ਘਰ ਕੁੜੀ ਬਿਠਾ ਦੇਊ। ਸਿੰਘੋ, ਮੈਂ ਤਾਂ ਹਰ ਵੇਲੇ ਵਾਹਿਗੁਰੂ ਨੂੰ ਧਿਆਉਂਦਾ ਇਹੋ ਕਹਿੰਦਾਂ, ਵਾਹਿਗੁਰੂ ਸੱਚੇ ਪਾਤਸ਼ਾਹ, ਤੇਰੇ ਕੌਤਕ ਤੂੰ ਹੀ ਰਚਾ ਰਿਹਾਂ, ਪਤਾ ਨਹੀਂ ਅਜੇ ਕਿੰਨੇ ਤੂੰ ਹੋਰ ਕੌਤਕ ਵਰਤਾਉਣੇ ਆਂ। ਸੱਚੇ ਪਾਤਸ਼ਾਹ ਵਾਹਿਗੁਰੂ ਨੂੰ ਜਿਵੇਂ ਭਾਉਂਦਾ, ਉਸੇ ਤਰ੍ਹਾਂ ਹੋਈ ਜਾਂਦਾ। ਸਿੰਘੋ ਆਪਾਂ ਖ਼ਾਲਸਾ ਪੰਥ ਦਾ ਹੁਕਮ ਮੰਨਣਾ ਤੇ ਵਾਹਿਗੁਰੂ ਦੇ ਹੁਕਮ 'ਚ ਰਹਿਣਾ।''

ਆਖ਼ਰ ਸਿੰਘਾਂ ਨੂੰ ਮੇਰੇ ਵਿਚਾਰਾਂ ਨਾਲ ਸਹਿਮਤ ਹੋਣਾ ਪਿਆ। ਅਸੀਂ ਭਾਈਆ ਵਿਰਸਾ ਸਿੰਘ ਨਾਲ ਵਿਚਾਰ ਕਰ ਕੇ ਵਿਆਹ ਦਾ ਸਾਹਿਆ ਬੰਨ੍ਹ ਲਿਆ। 2 ਮਈ 1988 ਦਾ ਦਿਨ ਨਿਸ਼ਚਿਤ ਕਰ ਲਿਆ। ਸ਼ਿੰਦਰ ਨੇ ਕਹਿ ਦਿੱਤਾ ਸੀ ਕਿ ਬਾਪੂ ਜੀ ਵਿਆਹ ਦੀ ਰਸਮ ਵਿਚ ਸਿਰਫ਼ ਘਰ ਦੇ ਮੈਂਬਰ ਹੀ ਸ਼ਾਮਲ ਹੋਣ। ਰਿਸ਼ਤੇਦਾਰਾਂ ਅਤੇ ਭਾਈਚਾਰੇ ਦੇ ਲੋਕਾਂ ਵਾਸਤੇ ਇਹ ਅਨੋਖਾ ਵਿਆਹ ਮਜ਼ਾਕ ਈ ਹੋਵੇਗਾ। ਦੁੱਖ ਉਸ ਨੂੰ ਜਿਸ ਦੇ ਮਨ ਨੂੰ ਲੱਗੀ ਹੋਵੇ। ਕੁੜੀ ਦੇ ਮਨ 'ਚ ਵਿਆਹ ਦਾ ਬੜਾ ਚਾਅ ਹੁੰਦਾ, ਬਹੁਤ ਕੁਝ ਸੋਚਿਆ ਹੁੰਦਾ, ਪਰ ਜਦੋਂ ਸਭ ਕੁਝ ਉਲਟ ਹੋ ਜਾਏ ਤਾਂ ਅਜਿਹੇ ਮੌਕੇ ਦਾ ਸਾਹਮਣਾ ਕਰਨਾ ਬੜਾ ਔਖਾ ਹੁੰਦਾ ਹੈ। ਇਕ ਹੱਥ ਨਾਲ ਪੱਲਾ ਫੜਨਾ ਦੂਜੇ ਨਾਲ ਫ਼ੋਟੋ ਫੜਨੀ ਸੀ।

ਬਾਪੂ ਤਰਲੋਕ ਸਿੰਘ ਨੇ ਸਤਵੰਤ ਸਿੰਘ ਦੀ ਤਸਵੀਰ, ਪਰਨਾ, ਕਿਰਪਾਨ ਵਿਖਾਉਂਦਿਆਂ ਕਿਹਾ, ''ਪੁੱਤਰ, 2 ਮਈ 1988 ਨੂੰ 20 ਕੁ ਵਿਸਾਖ ਸੀ। ਹਾੜੀ ਦੀ ਫ਼ਸਲ (ਕਣਕ) ਦੀ ਕਟਾਈ ਜ਼ੋਰਾਂ 'ਤੇ ਸੀ, ਕਿਸੇ ਪਾਸੇ ਕਣਕਾਂ ਵੱਢੀਆਂ ਜਾ ਰਹੀਆਂ ਸਨ, ਕਿਸੇ ਪਾਸੇ ਹੜੰਬੇ ਮਸ਼ੀਨਾਂ ਨਾਲ ਕਣਕਾਂ ਕੱਢੀਆਂ

ਜਾ ਰਹੀਆਂ ਸਨ। ਸੜਕਾਂ 'ਤੇ ਆਵਾਜਾਈ ਘੱਟ ਹੀ ਸੀ। ਮੈਂ ਲਾਡਾਂ ਪਿਆਰਾਂ ਨਾਲ ਪਾਲੇ ਸਤਵੰਤ ਸਿੰਘ ਦੀ ਤਸਵੀਰ ਲੈ ਕੇ ਨੂੰਹ ਵਿਆਹੁਣ ਲਈ ਜਾ ਰਿਹਾ ਸਾਂ। ਠੀਕ ਦਸ ਕੁ ਵਜੇ ਅਸੀਂ ਸਾਰੇ ਪਰਿਵਾਰ ਸਮੇਤ ਤੇ ਛੋਟੇ ਭਰਾ ਤੇ ਗੁਰਨਾਮ ਸਿੰਘ ਦਾ ਸਹੁਰਾ ਸ. ਬੂੜ ਸਿੰਘ ਨੂਰੋਵਾਲ ਛੰਨੀਆਂ ਤਿਆਰ ਹੋ ਕੇ ਗੁਰਦੁਆਰਾ ਸਾਹਿਬ ਮੱਥਾ ਟੇਕਣ ਗਏ। ਗੁਰਦੁਆਰੇ ਦੇ ਭਾਈ ਨੇ ਥਿੜਕਦੇ ਬੋਲਾਂ ਨਾਲ ਜੰਞ ਚੜ੍ਹਨ, ਅੰਗ ਸੰਗ ਸਹਾਈ ਹੋਣ ਦੀ ਅਰਦਾਸ ਕੀਤੀ। ਸਤਵੰਤ ਦੀ ਚੜ੍ਹੀ ਜੰਞ ਨੂੰ ਪਿੰਡ ਦੇ ਲੋਕ ਬੜੀ ਉਤਸੁਕਤਾ ਤੇ ਹੈਰਾਨੀ ਨਾਲ ਵੇਖ ਰਹੇ ਸਨ। ਗੁਰਦੁਆਰਾ ਸਾਹਿਬ ਮੱਥਾ ਟੇਕਿਆ, ਭੈਣਾਂ ਨੇ ਜਿਪਸੀ ਦੀ ਵਾਗ ਗੁੰਦੀ, ਗੀਤ ਗਾਇਆ। ਇਸ ਵੇਲੇ ਦੇ ਵਾਤਾਵਰਣ ਨੂੰ ਬਿਆਨ ਕਰਨਾ ਬੜਾ ਮੁਸ਼ਕਲ ਹੈ।

ਸਤਵੰਤ ਲਾਡਲੇ ਦੀ ਤਸਵੀਰ ਲੈ ਕੇ ਸ਼ਿੰਦਰ (ਸੁਰਿੰਦਰ ਕੌਰ) ਨੂੰ ਵਿਆਹੁਣ ਲਈ ਅਸੀਂ ਇਕ ਜਿਪਸੀ ਅਤੇ ਇਕ ਵੈਨ ਲੈ ਕੇ ਗਏ। ਬਰਾਤ ਵਿਚ ਮੈਂ (ਬਾਪੂ ਤਰਲੋਕ ਸਿੰਘ), ਸਤਵੰਤ ਦੀ ਤਸਵੀਰ, ਸਤਵੰਤ ਦੀ ਮਾਂ ਪਿਆਰ ਕੌਰ, ਸਤਵੰਤ ਸਿੰਘ ਦਾ ਵੱਡਾ ਭਰਾ ਭਰਜਾਈ (ਵਿਚੋਲੇ) ਗੁਰਨਾਮ ਸਿੰਘ ਤੇ ਜਸਬੀਰ ਕੌਰ, ਭਰਾ ਵਰਿਆਮ ਸਿੰਘ, ਸਰਵਣ ਸਿੰਘ, ਭੈਣਾਂ ਰਣਜੀਤ ਕੌਰ, ਬਲਜੀਤ ਕੌਰ, ਸਤਵੰਤ ਦੇ ਚਾਚੇ ਧਰਮਕੋਟ ਵਾਲੇ, ਗੁਰਦਿਆਲ ਸਿੰਘ, ਗੁਰਪਾਲ ਸਿੰਘ, ਮੇਰੇ ਚਾਚੇ ਦਾ ਪੁੱਤ ਭਰਾ ਗੁਰਮੇਜ ਸਿੰਘ, ਵੱਡਾ ਕੁੜਮ ਗੁਰਨਾਮ ਸਿੰਘ ਦਾ ਸਹੁਰਾ ਸ. ਬੂੜ ਸਿੰਘ ਨੂਰੋਵਾਲ ਛੰਨੀਆਂ, ਜਿਪਸੀ ਤੇ ਕਾਰ ਦੇ ਡਰਾਈਵਰ।

ਸ. ਵਿਰਸਾ ਸਿੰਘ ਦੇ ਖੇਤਾਂ ਵਿਚ ਡੇਰੇ ਉੱਤੇ ਪਹੁੰਚ ਗਏ। ਬਰਾਤ ਨੇ ਕੱਚੇ ਰਸਤੇ ਪਹੀ 'ਤੇ ਉਤਾਰਾ ਕੀਤਾ। ਮੈਂ ਸਤਵੰਤ ਸਿੰਘ ਦੀ ਤਸਵੀਰ ਫੜੀ ਹੋਈ ਸੀ ਤੇ ਮਨ ਹੀ ਮਨ ਕਹਿ ਰਿਹਾ ਸੀ ਕਿ ਅਕਾਲ ਪੁਰਖ ਵਾਹਿਗੁਰੂ, ਤੂੰ ਕੀ ਕੌਤਕ ਵਰਤਾ ਰਿਹਾ ਹੈਂ, ਤੇਰੀਆਂ ਤੂੰ ਹੀ ਜਾਣਦਾ ਹੈਂ। ਗ੍ਰੰਥੀ ਸਿੰਘ ਨੇ ਸ਼ਬਦ ਪੜ੍ਹਿਆ, 'ਹਮ ਘਰ ਸਾਜਨ ਆਏ। ਹਮ ਘਰ ਸਾਜਨ ਆਏ ਸਾਚੇ ਮੇਲ ਮਿਲਾਏ।' ਤੇ ਅਰਦਾਸ ਕੀਤੀ। ਭਾਈਆ ਸ. ਵਿਰਸਾ ਸਿੰਘ ਨੇ ਮੇਰੇ ਨਾਲ ਮਿਲਣੀ ਕੀਤੀ, ਇਕ ਲੋਈ ਵੀ ਭੇਟ ਕੀਤੀ। ਮੇਰੇ ਗਲ ਵਿਚ ਹਾਰ ਪਾਇਆ, ਮੈਂ ਵੀ ਭਾਈਆ ਜੀ ਦੇ ਗਲ ਵਿਚ ਹਾਰ ਪਾ ਕੇ ਸਵਾਗਤ ਕੀਤਾ। ਬਰਾਤੀਆਂ ਤੇ ਮੇਲੀਆਂ ਸਾਡੇ ਤੋਂ ਸਿਰਵਾਰਨੇ ਵੀ ਕੀਤੇ, ਫ਼ੋਟੋਆਂ ਵੀ ਖਿੱਚੀਆਂ। ਕੈਮਰੇ ਵਾਲਾ ਅਸੀਂ ਨਾਲ ਲੈ ਕੇ ਗਏ ਸੀ। ਸ. ਵਿਰਸਾ ਸਿੰਘ ਨੇ ਕੁਝ ਕੁ ਰਿਸ਼ਤੇਦਾਰ ਅਤੇ ਥੋੜ੍ਹੇ ਜਿਹੇ ਭਾਈਚਾਰੇ ਨੂੰ ਸੱਦਿਆ

ਸੀ। ਬੀਬੀ ਸੁਰਿੰਦਰ ਕੌਰ ਸਿੱਖ ਇਤਿਹਾਸ ਅੰਦਰ ਸੁਨਹਿਰੀ ਕਾਂਡ ਸਿਰਜ ਰਹੀ ਸੀ ਤੇ ਉਸ ਦੀ ਜ਼ਿੰਦਗੀ ਦਾ ਸਭ ਤੋਂ ਵੱਧ ਖ਼ੁਸ਼ੀ ਦਾ ਦਿਨ ਸੀ, ਜਿਵੇਂ ਹਰ ਧੀ-ਭੈਣ ਦੀਆਂ ਖ਼ੁਸ਼ੀਆਂ ਭਾਵਨਾਵਾਂ ਦੀ ਰੀਝ, ਦਿਲ ਅੰਦਰ ਚਿਰਾਂ ਤੋਂ ਸਾਂਭੀ ਹੁੰਦੀ ਹੈ। ਸੁਰਿੰਦਰ ਕੌਰ ਦੀਆਂ ਭੈਣਾਂ, ਸਹੇਲੀਆਂ ਨੇ ਸਾਰੇ ਸ਼ਗਨ ਵਿਹਾਰ ਕੀਤੇ। ਘਰ ਦੇ ਵਿਹੜੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਅਸੀਂ ਮੱਥਾ ਟੇਕ ਕੇ ਸਤਵੰਤ ਸਿੰਘ ਦੀ ਤਸਵੀਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਸਜਾ ਕੇ ਬੈਠ ਗਏ। ਸੁਰਿੰਦਰ ਕੌਰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਮੱਥਾ ਟੇਕ ਕੇ, ਸਤਵੰਤ ਸਿੰਘ ਦੀ ਤਸਵੀਰ ਦੇ ਨਾਲ ਖੱਬੇ ਪਾਸੇ ਬੈਠ ਗਈ। ਪਿਤਾ ਸ. ਵਿਰਸਾ ਸਿੰਘ ਨੇ ਸਤਵੰਤ ਸਿੰਘ ਦੀ ਤਸਵੀਰ ਨਾਲੋਂ ਪਰਨੇ ਦਾ ਪੱਲਾ ਉਦਾਸ ਮਨ ਨਾਲ ਆਪਣੀ ਪੁੱਤਰੀ ਸੁਰਿੰਦਰ ਕੌਰ ਦੇ ਹੱਥ ਫੜਾ ਦਿੱਤਾ। ਗ੍ਰੰਥੀ ਸਿੰਘ ਨੇ ਪੱਲੇ ਦਾ ਸ਼ਬਦ ਪੜ੍ਹਿਆ ਤੇ ਅਰਦਾਸ ਕੀਤੀ। ਉਪਰੰਤ ਲਾਵਾਂ ਦਾ ਪਾਠ ਕੀਤਾ। ਹਰ ਲਾਂਵ ਦੇ ਸ਼ਬਦ ਨਾਲ ਸੁਰਿੰਦਰ ਕੌਰ ਨੇ ਸਤਵੰਤ ਸਿੰਘ ਦੀ ਤਸਵੀਰ ਆਪ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਵਾਰ ਪਰਕਰਮਾਂ ਕੀਤੀਆਂ। ਗ੍ਰੰਥੀ ਸਿੰਘ ਨੇ ਅਨੰਦ ਕਾਰਜ ਸੰਪੂਰਨ ਦੀ ਸੰਖੇਪ ਸ਼ਬਦਾਂ ਵਿਚ ਅਰਦਾਸ ਕੀਤੀ ਤੇ ਹੁਕਮ ਲਿਆ। ਫਿਰ ਦੇਗ ਵਰਤਾਈ ਗਈ।

ਉਪਰੰਤ ਮੰਜਿਆਂ 'ਤੇ ਬਿਠਾ ਕੇ ਜੰਞ ਦੀ ਚਾਹ, ਬਰਫ਼ੀ, ਰਸਗੁੱਲੇ, ਗੁਲਾਬ ਜਾਮਨ, ਬਰੈੱਡ ਪਕੌੜਿਆਂ ਨਾਲ ਸੇਵਾ ਕੀਤੀ। ਕੁਝ ਚਿਰ ਮੰਜਿਆਂ 'ਤੇ ਆਰਾਮ ਕੀਤਾ। ਉਪਰੰਤ ਪ੍ਰਸ਼ਾਦਾ ਪਾਣੀ ਛਕਿਆ ਤੇ ਵਾਪਸੀ ਦੀ ਤਿਆਰੀ ਕੀਤੀ। ਸੁਰਿੰਦਰ ਕੌਰ ਦੀ ਡੋਲੀ ਤੋਰਨ ਦੀ ਭੈਣਾਂ ਸਹੇਲੀਆਂ ਨੇ ਤਿਆਰੀ ਕੀਤੀ। ਸੁਰਿੰਦਰ ਕੌਰ ਨੇ ਗੁਲਾਬੀ ਰੰਗ ਦਾ ਸੂਟ ਪਹਿਨਿਆ ਹੋਇਆ ਸੀ। ਸਤਵੰਤ ਸਿੰਘ ਦੀ ਮਾਂ ਪਿਆਰ ਕੌਰ ਨੇ ਆਪਣੇ ਪੁੱਤਰ ਦੀ ਤਸਵੀਰ ਨੂੰ ਚੁੱਕਿਆ ਤੇ ਸੁਰਿੰਦਰ ਕੌਰ ਪਤੀ ਦੀ ਤਸਵੀਰ ਦਾ ਪੱਲਾ ਫੜ ਕੇ ਡੋਲੀ ਵਿਚ ਚੜ੍ਹਨ ਲਈ ਤੁਰ ਪਈ ਤੇ ਆਪਣੀ ਸੱਸ ਪਿਆਰ ਕੌਰ ਦੇ ਨਾਲ ਕਾਰ ਵਿਚ ਬੈਠ ਗਈ। ਸੁਰਿੰਦਰ ਕੌਰ ਦੀ ਡੋਲੀ ਪਿੰਡ ਜੱਟਾਂ ਦੀ ਬਹਿਕ ਤੋਂ ਪਿੰਡ ਅਗਵਾਨ ਖ਼ੁਰਦ ਨੂੰ ਤੁਰ ਪਈ।

ਸਤਵੰਤ ਸਿੰਘ ਦੀ ਜੰਞ ਸੁਰਿੰਦਰ ਕੌਰ ਦੀ ਡੋਲੀ ਲੈ ਕੇ ਅਗਵਾਨ ਖ਼ੁਰਦ ਪਹੁੰਚ ਗਈ। ਮਾਤਾ ਪਿਆਰ ਕੌਰ ਨੇ ਵੱਡੇ ਦਿਲ ਨਾਲ ਨੂੰਹ ਸੁਰਿੰਦਰ ਕੌਰ ਨੂੰ ਡੋਲੀ ਵਿਚੋਂ ਪੂਰੇ ਸ਼ਗਨਾਂ ਨਾਲ ਲਾਹਿਆ ਤੇ ਤੇਲ ਚੋ ਕੇ ਆਪਣੇ

ਘਰ ਪੈਰ ਧਰਾਇਆ। ਨੂੰਹ ਦੇ ਸਿਰ ਉੱਤੋਂ ਪਾਣੀ ਵਾਰ ਕੇ ਪੀਤਾ। ਮਾਤਾ ਪਿਆਰ ਕੌਰ ਤੇ ਸਤਵੰਤ ਸਿੰਘ ਦੀਆਂ ਚਾਚੀਆਂ, ਭਰਜਾਈ ਤੇ ਭੈਣਾਂ ਨੇ ਸੁਰਿੰਦਰ ਕੌਰ ਨੂੰ ਬੁਰਕੀਆਂ ਦੇ ਕੇ ਮੂੰਹ ਮਿੱਠਾ ਕਰਾਇਆ। ਖੁਸ਼ੀ ਦੇ ਗੀਤ ਗਾਏ, ਸ਼ਗਨ ਮਨਾਏ। ਸਤਵੰਤ ਸਿੰਘ ਦੇ ਵਿਆਹ ਦੇ ਡੋਲੇ ਨੂੰ ਵੇਖਣ ਲਈ ਸਾਰਾ ਪਿੰਡ ਇਕੱਠਾ ਹੋਇਆ ਸੀ। ਘਰ ਆਇਆਂ ਦਾ ਮੂੰਹ ਮਿੱਠਾ ਕਰਵਾਇਆ। ਸਿਦਕ-ਦਿਲੀ ਦੀ ਮੂਰਤ, ਸਤਵੰਤ ਸਿੰਘ ਦੀ ਪਤਨੀ ਨੂੰ ਵੇਖਣ ਲਈ ਸਾਰੇ ਪਿੰਡ ਦੀਆਂ ਮਾਤਾਵਾਂ, ਭੈਣਾਂ, ਬੀਬੀਆਂ ਆਈਆਂ। ਸ਼ਿੰਦਰ ਨੇ ਅੰਮ੍ਰਿਤ ਛਕਿਆ ਹੋਇਆ ਸੀ, ਕਿਸੇ ਤੋਂ ਪੱਲਾ ਨਹੀਂ ਸੀ ਕਰਦੀ, ਜਿਹੜਾ ਵੀ ਦਰਸ਼ਨ ਕਰਦਾ, ਸ਼ਰਧਾ ਵੱਸ ਆਪਣੇ ਆਪ ਸਿਰ ਨਿਵਾ ਦਿੰਦਾ।

ਅਸੀਂ ਜੋ ਵੀ ਸਾਡੇ ਘਰ, ਸ਼ਿੰਦਰ ਨੂੰ ਵੇਖਣ ਆਉਂਦਾ, ਉਸ ਦਾ ਮੂੰਹ ਮਿੱਠਾ ਵੀ ਕਰਾਉਂਦੇ ਤੇ ਚਾਹ ਪਾਣੀ ਵੀ ਪਿਆਉਂਦੇ ਸਾਂ। ਸਾਨੂੰ ਸਾਰੇ ਪਿੰਡ ਨੇ ਸਤਵੰਤ ਸਿੰਘ ਦੇ ਵਿਆਹ ਦੀਆਂ ਵਧਾਈਆਂ ਦਿੱਤੀਆਂ। ਸੁਰਿੰਦਰ ਕੌਰ ਦੇ ਸਿਦਕ ਭਰੋਸੇ ਦੀ ਦਾਦ ਦਿੱਤੀ, ਪ੍ਰਸੰਸਾ ਕੀਤੀ। ਅਗਲੇ ਦਿਨ ਸੁਰਿੰਦਰ ਕੌਰ ਨੂੰ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਲੈ ਕੇ ਗਏ। ਘਰ ਆ ਕੇ ਸਾਡੇ ਰੋਕਣ ਦੇ ਬਾਵਜੂਦ ਸੁਰਿੰਦਰ ਕੌਰ ਨੇ ਘਰ ਦਾ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸੁਰਿੰਦਰ ਕੌਰ ਖੁਸ਼ ਸੀ ਕਿ ਉਸ ਨੂੰ ਵਾਹਿਗੁਰੂ ਨੇ ਮਹਾਨ ਜਾਂਬਾਜ਼ ਯੋਧੇ ਸਤਵੰਤ ਸਿੰਘ ਦੀ ਸੁਪਤਨੀ ਹੋਣ ਦਾ ਮਾਣ ਬਖ਼ਸ਼ਿਆ ਹੈ ਤੇ ਉਹ ਹੁਣ ਆਪਣੇ ਪਤੀ ਸਤਵੰਤ ਸਿੰਘ ਨਾਲ ਤਿਹਾੜ ਜੇਲ੍ਹ ਵਿਚ ਮੁਲਾਕਾਤਾਂ ਕਰਨ ਵਿਚ ਕਾਮਯਾਬ ਹੋ ਜਾਵੇਗੀ। ਜਿਹੜੀ ਕੁਝ ਚਿਰ ਪਹਿਲਾਂ ਜੇਲ੍ਹ ਅਧਿਕਾਰੀਆਂ ਨੇ ਇਹ ਕਹਿ ਕੇ ਪਾਬੰਦੀ ਲਾ ਦਿੱਤੀ ਸੀ ਕਿ ਸੁਰਿੰਦਰ ਦੀ ਸਤਵੰਤ ਨਾਲ ਸ਼ਾਦੀ ਨਹੀਂ ਹੋਈ।

18 ਜੂਨ 1988 ਨੂੰ ਮੈਂ (ਬਾਪੂ ਤਰਲੋਕ ਸਿੰਘ) ਸਤਵੰਤ ਦੀ ਮਾਂ, (ਸ਼ਿੰਦਰ) ਸੁਰਿੰਦਰ ਕੌਰ ਨੂੰ ਨਾਲ ਲੈ ਕੇ ਦਿੱਲੀ ਤਿਹਾੜ ਜੇਲ੍ਹ ਵਿਚ ਸਤਵੰਤ ਸਿੰਘ ਨਾਲ ਮੁਲਾਕਾਤ ਕਰਨ ਲਈ ਗਏ। ਸਾਨੂੰ ਪੂਰੀ ਉਮੀਦ ਸੀ ਕਿ ਅਸੀਂ ਵਿਆਹ ਦੀਆਂ ਰਸਮਾਂ ਪੂਰੀਆਂ ਕਰ ਲਈਆਂ ਹਨ, ਜੇਲ੍ਹ ਅਧਿਕਾਰੀ ਸਤਵੰਤ ਤੇ ਸੁਰਿੰਦਰ ਦੀ ਮੁਲਾਕਾਤ ਕਰਾ ਦੇਣਗੇ। ਪਰ ਉਦੋਂ ਨਿਰਾਸ਼ਾ ਹੋਈ, ਜਦੋਂ ਜੇਲ੍ਹ ਅਧਿਕਾਰੀਆਂ ਨੇ ਇਹ ਕਹਿ ਕੇ ਮੁਲਾਕਾਤ ਨਾ ਹੋਣ ਦਿੱਤੀ ਕਿ ਪਹਿਲਾਂ ਜ਼ਿਲ੍ਹੇ ਦੇ ਐੱਸ.ਐੱਸ.ਪੀ. ਤੋਂ ਲਿਖਵਾ ਕੇ ਲਿਆਓ ਕਿ ਸਤਵੰਤ ਤੇ ਸੁਰਿੰਦਰ ਦਾ ਵਿਆਹ ਹੋਇਆ ਹੈ। ਮੈਂ ਕਿਹਾ ਜਨਾਬ, ਅਖ਼ਬਾਰਾਂ ਵਾਲਿਆਂ ਨੇ ਵੀ ਸਤਵੰਤ-ਸੁਰਿੰਦਰ ਦੇ ਵਿਆਹ ਦੀਆਂ ਖਬਰਾਂ ਛਾਪੀਆਂ ਹਨ, ਫ਼ੋਟੋਆਂ

ਵੀ ਲਾਈਆਂ ਹਨ. ਤੁਸੀਂ ਫਿਰ ਵੀ ਯਕੀਨ ਨਹੀਂ ਕਰਦੇ। ਜੇਲ੍ਹ ਅਧਿਕਾਰੀਆਂ ਕਿਹਾ, ਸਾਨੂੰ ਉਪਰੋਂ ਹੁਕਮ ਹੈ ਕਿ ਕਾਨੂੰਨ ਅਨੁਸਾਰ ਕੰਮ ਕਰਨਾ ਹੈ, ਅਸੀਂ ਮਜਬੂਰ ਹਾਂ। ਤੁਸੀਂ ਕਾਨੂੰਨੀ ਜ਼ਾਬਤਾ ਪੂਰਾ ਕਰ ਲਵੋ। ਮੈਂ ਤੇ ਸਤਵੰਤ ਦੀ ਮਾਂ ਨੇ ਤਾਂ ਮੁਲਾਕਾਤ ਕਰ ਲਈ ਪਰ ਹਾਕਮਾਂ ਨੇ ਸੁਰਿੰਦਰ ਤੇ ਸਤਵੰਤ ਦੀ ਮੁਲਾਕਾਤ ਨਾ ਹੋਣ ਦਿੱਤੀ। ਅਸੀਂ ਵਾਪਸ ਆ ਕੇ ਐੱਸ.ਐੱਸ.ਪੀ. ਸਾਹਿਬ ਨੂੰ ਮਿਲੇ। ਐੱਸ.ਐੱਸ.ਪੀ. ਸਾਹਿਬ ਨੇ ਕਿਹਾ ਕਿ ਮੁਲਾਕਾਤ 'ਤੇ ਕੋਈ ਇਤਰਾਜ਼ ਵਾਲੀ ਤਾਂ ਗੱਲ ਨਹੀਂ, ਜਾਣ-ਬੁੱਝ ਕੇ ਬਹਾਨੇ ਬਣਾ ਕੇ ਖ਼ਰਾਬ ਕੀਤਾ ਜਾ ਰਿਹਾ ਹੈ। ਐੱਸ.ਐੱਸ.ਪੀ. ਸਾਹਿਬ ਨੇ ਲਿਖ ਦਿੱਤਾ ਕਿ ਇਸ ਤਰ੍ਹਾਂ ਦੇ ਵਿਆਹ ਕਰਨ ਨੂੰ ਸਿੱਖ ਧਰਮ ਵਿਚ ਮਾਨਤਾ ਹੈ ਤੇ 2-5-1988 ਨੂੰ ਸਤਵੰਤ ਸਿੰਘ ਪੁੱਤਰ ਤਰਲੋਕ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਅਗਵਾਨ ਖੁਰਦ, ਜ਼ਿਲ੍ਹਾ ਗੁਰਦਾਸਪੁਰ ਦਾ ਵਿਆਹ ਸੁਰਿੰਦਰ ਕੌਰ ਪੁੱਤਰੀ ਵਿਰਸਾ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਪਿੰਡ ਜੱਟਾਂ ਜ਼ਿਲ੍ਹਾ ਅੰਮ੍ਰਿਤਸਰ ਦਾ ਸਤਵੰਤ ਸਿੰਘ ਦੀ ਤਸਵੀਰ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਦੋਵਾਂ ਪਰਿਵਾਰਾਂ ਅਤੇ ਭਾਈਚਾਰੇ ਸੰਬੰਧੀਆਂ ਦੀ ਮੌਜੂਦਗੀ ਵਿਚ ਹੋਇਆ ਹੈ।

ਅਸੀਂ ਫਿਰ ਸੁਰਿੰਦਰ ਕੌਰ ਨੂੰ ਲੈ ਕੇ ਦਿੱਲੀ ਤਿਹਾੜ ਜੇਲ੍ਹ ਅੰਦਰ ਮੁਲਾਕਾਤ ਕਰਨ ਲਈ ਗਏ। ਉਹਨਾਂ ਜੇਲ੍ਹ ਅਧਿਕਾਰੀਆਂ ਨੇ ਸਾਡੇ ਤੋਂ ਕਾਗਜ਼ ਲੈ ਲਏ। ਕਹਿੰਦੇ ਕਿ ਅਸੀਂ ਮੁਲਾਕਾਤ ਦੀ ਉਪਰੋਂ ਮਨਜ਼ੂਰੀ ਲੈ ਲਈਏ, ਤੇ ਸੁਰਿੰਦਰ ਦੀ ਸਤਵੰਤ ਨਾਲ ਮੁਲਾਕਾਤ ਕਰਵਾਏ ਬਗ਼ੈਰ ਵਾਪਸ ਮੋੜ ਦਿੱਤਾ। ਸੁਰਿੰਦਰ ਵਾਪਸ ਆ ਕੇ ਉਦਾਸ ਹੋ ਗਈ। ਉਸ ਦੀ ਉਦਾਸੀ ਦਾ ਮੈਨੂੰ ਸਤਵੰਤ ਸਿੰਘ ਦੀ ਸਜ਼ਾ ਤੋਂ ਵੀ ਜ਼ਿਆਦਾ ਦੁੱਖ ਹੋਇਆ। ਮੈਂ ਕਿਹਾ ਕਿ ਪੁੱਤਰ ਜੇ ਤੂੰ ਐਵੇਂ ਪਈ ਰਹੀ ਤਾਂ ਸਾਡਾ ਕੀ ਬਣੂੰ ? ਪਹਿਲਾਂ ਤੁਸੀਂ ਦੋਵੇਂ ਹੀ ਮਰਦਾਂ ਵਾਲੇ ਕੰਮ ਕਰ ਲਏ, ਨਫ਼ਾ ਨੁਕਸਾਨ ਸੋਚਿਆ ਹੀ ਨਹੀਂ। ਹੁਣ ਢੇਰੀ ਢਾਹ ਕੇ ਬੈਠ ਗਈ ਤਾਂ ਲੋਕ ਕੀ ਕਹਿਣਗੇ। ਪੁੱਤਰ, ਹੁਣ ਜੇ ਵੱਡੇ ਹੌਸਲੇ ਨਾਲ ਰਹੇਂਗੀ ਤਾਂ ਹੀ ਆਪਾਂ ਲੋਕਾਂ 'ਚ ਮੂੰਹ ਵਿਖਾਉਣ ਜੋਗੇ ਰਹਾਂਗੇ। ਮੇਰੀਆਂ ਹੌਸਲੇ ਦੀਆਂ ਗੱਲਾਂ ਦਾ ਸ਼ਿੰਦਰ 'ਤੇ ਬੜਾ ਅਸਰ ਹੋਇਆ। ਉਸ ਨੇ ਹਰ ਦੁੱਖ ਮੁਸੀਬਤ ਨੂੰ ਬੜੇ ਵੱਡੇ ਹੌਸਲੇ ਨਾਲ ਜਰਿਆ, ਕਦੀ ਸਾਨੂੰ ਉਸ ਦੇ ਚਿਹਰੇ 'ਤੇ ਨਿਰਾਸ਼ਾ ਨਜ਼ਰ ਨਹੀਂ ਆਈ, ਉਹ ਬੜੀ ਸਿਰੜ ਦੀ ਪੱਕੀ ਤੇ ਹੌਸਲੇ ਵਾਲੀ ਸਾਬਤ ਹੋਈ।

14

ਸਤਵੰਤ ਸਿੰਘ ਦੀ ਫ਼ੋਟੋ ਨਾਲ ਸੁਰਿੰਦਰ ਕੌਰ ਦਾ ਵਿਆਹ ਹੋਣ ਦੀ ਖ਼ਬਰ 31 ਮਈ 1988 ਨੂੰ ਰੋਜ਼ਾਨਾ ਅਜੀਤ ਜਲੰਧਰ ਨੇ ਸਭ ਤੋਂ ਪਹਿਲਾਂ ਛਾਪੀ ਸੀ ਤਾਂ ਅਗਲੇ ਦਿਨ 1 ਜੂਨ 1988 ਨੂੰ ਸਵੇਰ ਵੇਲੇ ਮੈਂ (ਵਿਰਸਾ ਸਿੰਘ) ਤੇ ਮੇਰੇ ਪੁੱਤਰ ਖੇਤਾਂ ਵਿਚ ਕੰਮ ਕਰ ਰਹੇ ਸੀ, ਸਵੇਰੇ ਹੀ ਡੇਰੇ ਨੂੰ ਸੀ.ਆਰ.ਪੀ. ਨੇ ਘੇਰ ਲਿਆ। ਅਸੀਂ ਵੇਖ ਕੇ ਕੰਮ ਛੱਡ ਕੇ ਭੱਜੇ ਨਹੀਂ, ਸਗੋਂ ਸੀ.ਆਰ.ਪੀ. ਵਾਲਿਆਂ ਦੇ ਕੋਲ ਆ ਕੇ ਪੁੱਛਿਆ ਕਿ ਦੱਸੋ ਕੀ ਗੱਲ ਹੈ? ਤਾਂ ਸੀ.ਆਰ.ਪੀ. ਦਾ ਅਫ਼ਸਰ ਕਹਿੰਦਾ, ''ਤੁਹਾਡੀ ਕੁੜੀ ਦਾ ਸਤਵੰਤ ਸਿੰਘ ਨਾਲ ਵਿਆਹ ਹੋਇਆ ਹੈ।'' ਮੈਂ ਕਿਹਾ ਹਾਂ ਜੀ। ਫਿਰ ਸੀ.ਆਰ.ਪੀ. ਨੇ ਸਾਡੇ ਘਰ ਦੀ ਤਲਾਸ਼ੀ ਲਈ, ਅਫ਼ਸਰ ਕਹਿੰਦਾ, ''ਅਸੀਂ ਤੈਨੂੰ ਨਾਲ ਲੈ ਕੇ ਜਾਣਾ। ਮੈਂ ਕਿਹਾ ਜੀ ਜਿਥੇ ਮਰਜ਼ੀ ਲੈ ਜਾਵੋ। ਮੈਨੂੰ ਜੀਪ 'ਚ ਬਿਠਾ ਕੇ ਲੈ ਗਏ। ਰਾਹ ਵਿਚ ਮੈਨੂੰ ਕਹਿੰਦੇ ਬਾਬਾ ਸਿੱਧਾ ਤੂੰ ਸੀ.ਆਰ.ਪੀ. ਦੇ ਹੈੱਡ ਕੁਆਰਟਰ ਰਮਦਾਸ ਚੱਲ, ਅਸੀਂ ਉੱਪਰ ਦੀ ਘੁੰਮ ਕੇ ਆਉਂਦੇ ਹਾਂ। ਕਿਤੇ ਭੱਜ ਨਾ ਜਾਵੀਂ, ਸਿੱਧਾ ਪਹੁੰਚੀ। ਮੈਂ ਤੁਰ ਕੇ ਸੀ.ਆਰ.ਪੀ. ਦੇ ਹੈੱਡ ਕੁਆਰਟਰ ਪਹੁੰਚ ਗਿਆ। ਰਮਦਾਸ ਸੀ.ਆਰ.ਪੀ. ਦੇ ਹੈੱਡ-ਕੁਆਰਟਰ ਦੇ ਕਮਰੇ ਵਿਚ ਕੁਝ ਬੰਦਿਆਂ ਨੂੰ ਕੁੱਟਿਆ ਜਾ ਰਿਹਾ ਸੀ। ਮੈਨੂੰ ਵੀ ਡਰ ਸੀ ਕਿ ਹੁਣ ਸੀ.ਆਰ.ਪੀ. ਮੈਨੂੰ ਵੀ ਕੁੱਟਣ ਲਈ ਹੀ ਲਿਆਈ ਹੈ। ਫਿਰ ਸੀ.ਆਰ.ਪੀ. ਦਾ ਇਕ ਅਫ਼ਸਰ ਆਇਆ। ਮੈਨੂੰ ਉਸ ਦੇ ਪੇਸ਼ ਕੀਤਾ ਗਿਆ। ਅਫ਼ਸਰ ਨੇ ਮੈਨੂੰ ਪੁੱਛਿਆ ਕਿ ਤੁਹਾਡੀ ਕੁੜੀ ਨੇ ਚੋਣ ਲੜਨ ਦੇ ਇਰਾਦੇ ਨਾਲ ਸਤਵੰਤ ਸਿੰਘ ਦੀ ਫ਼ੋਟੋ ਨਾਲ ਵਿਆਹ ਕਰਵਾਇਆ ਹੈ? ਮੈਂ ਕਿਹਾ ਜੀ ਇਹੋ ਜਿਹੀ ਕੋਈ ਗੱਲ ਨਹੀਂ। ਇਹ ਤਾਂ ਬਸ ਕੁੜੀ ਦੀ ਮਰਜ਼ੀ ਸਮਝੋ, ਕੁੜੀ ਜ਼ਿੱਦ ਦੀ ਬੜੀ ਪੱਕੀ ਹੈ। ਫਿਰ ਉਸ ਨੇ ਕਿਹਾ ਅਜੇ ਕੁਝ ਸਮਾਂ ਹੋਰ ਅਟਕ ਲੈਂਦੇ, ਸੁਪਰੀਮ ਕੋਰਟ ਦਾ ਫ਼ੈਸਲਾ ਤਾਂ ਉਡੀਕ ਲੈਣਾ ਸੀ। ਇਸ ਦੇ ਜਵਾਬ ਵਿਚ ਵੀ ਮੈਂ ਇਹੋ ਕਿਹਾ,

''ਜੀ, ਇਹ ਤਾਂ ਬੱਸ ਕੁੜੀ ਦੀ ਮਰਜ਼ੀ ਸੀ। ਅਸੀਂ ਬਹੁਤ ਸਮਝਾਇਆ ਪਰ ਉਹ ਆਪਣੇ ਇਰਾਦੇ 'ਤੇ ਦ੍ਰਿੜ੍ਹ ਰਹੀ। ਉਹ ਦ੍ਰਿੜ੍ਹ ਇਰਾਦੇ ਦੀ ਐ, ਜੋ ਕਹਿ ਦੇਵੇ, ਉਹ ਕੁਝ ਕਰ ਕੇ ਰਹਿੰਦੀ ਐ। ਫਿਰ ਉਸ ਅਫ਼ਸਰ ਨੇ ਮੈਨੂੰ ਸ਼ਾਮ ਨੂੰ ਛੱਡ ਦਿੱਤਾ ਤੇ ਕਹਿੰਦਾ, ''ਬਾਬਾ ਘਰ ਚਲਾ ਜਾਵੇਂਗਾ ਜਾਂ ਅਸੀਂ ਛੱਡ ਆਈਏ।''

ਮੈਂ ਕਿਹਾ ਜੀ ਚਲਾ ਜਾਵਾਂਗਾ। ਅਫ਼ਸਰ ਕਹਿੰਦਾ, ਜੇ ਲੋੜ ਪਈ ਤਾਂ ਫਿਰ ਬੁਲਾ ਲਵਾਂਗੇ, ਘਬਰਾਉਣ ਵਾਲੀ ਕੋਈ ਗੱਲ ਨਹੀਂ। ਮੈਂ ਕਿਹਾ ਜੀ ਠੀਕ ਹੈ, ਜਦੋਂ ਤੁਹਾਡਾ ਹੁਕਮ ਹੋਇਆ, ਹਾਜ਼ਰ ਹੋ ਜਾਵਾਂਗਾ। ਮੈਨੂੰ ਸ਼ਾਮ ਨੂੰ ਛੱਡ ਦਿੱਤਾ। ਮੈਂ ਦਿਨ ਛਿਪੇ ਘਰ ਪਹੁੰਚ ਗਿਆ। ਘਰ ਦੇ ਸਾਰੇ ਜੀਅ ਪ੍ਰੇਸ਼ਾਨ ਸੀ ਕਿ ਖਬਰੇ ਸਰਕਾਰ ਹੁਣ ਸਾਡੇ ਨਾਲ ਕੀ ਕਰੇਗੀ। ਮੇਰੇ ਘਰ ਪਹੁੰਚ ਜਾਣ 'ਤੇ ਪਰਿਵਾਰ ਦੇ ਜੀਆਂ ਨੇ ਸੁਖ ਦਾ ਸਾਹ ਲਿਆ। ਸੁਰਿੰਦਰ ਨੇ ਵਿਆਹ ਲਈ ਜ਼ੋਰ ਇਸ ਕਰਕੇ ਜ਼ਿਆਦਾ ਪਾਇਆ ਸੀ ਕਿ ਜੇਲ੍ਹ ਅਧਿਕਾਰੀਆਂ ਨੇ ਸਤਵੰਤ-ਸੁਰਿੰਦਰ ਦੀ ਇਹ ਕਹਿ ਕੇ ਮੁਲਾਕਾਤ ਕਰਵਾਉਣੀ ਬੰਦ ਕਰ ਦਿੱਤੀ ਸੀ ਕਿ ਮੰਗੇਤਰ ਦੀ ਮੁਲਾਕਾਤ ਨਹੀਂ ਹੋ ਸਕਦੀ। ਪਰ ਇਸ ਚੰਦਰੀ ਜ਼ਾਲਮ ਹਕੂਮਤ ਨੇ ਵਿਆਹ ਤੋਂ ਬਾਅਦ ਵੀ ਸੁਰਿੰਦਰ ਕੌਰ ਦੀ ਸਤਵੰਤ ਸਿੰਘ ਨਾਲ ਮੁਲਾਕਾਤ ਕਰਨ ਦੀ ਰੀਝ ਪੂਰੀ ਨਹੀਂ ਹੋਣ ਦਿੱਤੀ। ਜਿਸ ਦਾ ਸਾਨੂੰ ਅੱਜ ਵੀ ਬੜਾ ਦੁੱਖ ਹੈ। **ਸੁਰਿੰਦਰ ਕੌਰ ਵਾਹਿਗੁਰੂ 'ਤੇ ਭਰੋਸਾ ਰੱਖਣ ਵਾਲੀ ਸੀ। ਕਹਿੰਦੀ ਹੁੰਦੀ ਸੀ ਕਿ ਜੇ ਮੈਂ ਸਤਵੰਤ ਸਿੰਘ ਨੂੰ ਇਸ ਜਨਮ ਵਿਚ ਨਾ ਮਿਲ ਸਕੀ ਤਾਂ ਅਗਲੇ ਜਨਮ ਵਿਚ ਜ਼ਰੂਰ ਮਿਲਾਂਗੀ।** ਸ਼ਾਇਦ ਅਗਲੇ ਜਨਮ ਵਿਚ ਜ਼ਰੂਰ ਸਤਵੰਤ ਤੇ ਸੁਰਿੰਦਰ ਮਿਲ ਪੈਣਗੇ। ਇਸੇ ਕਰਕੇ ਹੀ ਸੁਰਿੰਦਰ ਕੌਰ ਸਾਡੇ ਤੋਂ ਪਹਿਲਾਂ ਤੁਰ ਗਈ ਹੈ। ਇਤਨਾ ਕਹਿੰਦਿਆਂ ਬਾਪੂ ਵਿਰਸਾ ਸਿੰਘ ਦਾ ਗਲਾ ਭਰ ਆਇਆ ਤੇ ਅੱਖਾਂ 'ਚ ਹੰਝੂ ਛਲਕ ਆਏ।

ਕੁਝ ਦਿਨ ਪਹਿਲਾਂ (17-9-2003) ਸੁਰਿੰਦਰ ਕੌਰ ਦੇ ਭਰਾ ਬਲਵਿੰਦਰ ਸਿੰਘ ਦੀ ਬਿਜਲੀ ਦਾ ਕਰੰਟ ਲੱਗਣ ਨਾਲ ਅਚਾਨਕ ਮੌਤ ਹੋ ਗਈ ਸੀ, ਪਰਿਵਾਰ ਨੂੰ ਉਸ ਦੇ ਵਿਛੋੜੇ ਦਾ ਵੀ ਅਸਹਿ ਦੁੱਖ ਸੀ। ਅਸੀਂ ਹੋਰ ਅੱਗੇ ਗੱਲ ਤੋਰਨ ਦੀ ਹਿੰਮਤ ਨਹੀਂ ਕੀਤੀ।

ਜ਼ਿਲਾ ਅੰਮ੍ਰਿਤਸਰ ਦੀ ਤਹਿਸੀਲ ਅਜਨਾਲਾ ਦੇ ਕਸਬਾ ਰਮਦਾਸ ਦੇ ਗੁਰਦੁਆਰਾ ਬਾਬਾ ਬੁੱਢਾ ਸਮਾਧਾਂ ਤੋਂ ਪੰਜ ਕੁ ਕਿਲੋਮੀਟਰ 'ਤੇ ਪਿੰਡ ਜੱਟਾਂ

ਹੱਦ ਅੰਦਰ ਪੱਕੀ ਸੜਕ ਤੋਂ 5-6 ਕਿਲੇ ਹਟਵਾਂ ਸ. ਵਿਰਸਾ ਸਿੰਘ ਦਾ ਖੇਤਾਂ ਵਿਚ ਡੇਰਾ ਹੈ। ਬਹੁਤ ਸੁੰਦਰ ਸੋਹਣਾ ਪੱਕਾ ਮਕਾਨ (ਕੋਠੀ) ਹੈ। ਜ਼ਮੀਨ ਵੀ ਬਹੁਤ ਉਪਜਾਊ ਹੈ। ਮੁਲਾਕਾਤ ਕਰਦਿਆਂ ਸੁਰਿੰਦਰ ਕੌਰ ਦਾ ਪਿਤਾ ਸ. ਵਿਰਸਾ ਸਿੰਘ ਜੀ, ਮਾਤਾ ਪ੍ਰੀਤਮ ਕੌਰ, ਭੈਣ ਸੁਖਜੀਤ ਕੌਰ, ਲਖਵਿੰਦਰ ਕੌਰ, ਸਰਬਜੀਤ ਕੌਰ, ਭਰਾ ਲਖਵਿੰਦਰ ਸਿੰਘ, ਹਰਭਿੰਦਰ ਸਿੰਘ ਵੀ ਬੈਠਕ 'ਚ ਮੌਜੂਦ ਸਨ।

ਬੀਬੀ ਸੁਰਿੰਦਰ ਕੌਰ ਦੇ ਪਰਿਵਾਰ ਦਾ ਸੰਖੇਪ ਵੇਰਵਾ

ਬੀਬੀ ਸੁਰਿੰਦਰ ਕੌਰ ਜੀ ਦਾ ਦਾਦਾ	ਸ. ਨੱਥਾ ਸਿੰਘ ਜੀ
ਪਿਤਾ	ਸ. ਵਿਰਸਾ ਸਿੰਘ ਜੀ
ਮਾਤਾ	ਸੁਦਾਰਨੀ ਪ੍ਰੀਤਮ ਕੌਰ ਜੀ
ਸਭ ਤੋਂ ਵੱਡੀ ਖ਼ੁਦ	ਸੁਰਿੰਦਰ ਕੌਰ
ਭੈਣ	ਸੁਖਜੀਤ ਕੌਰ
ਭਰਾ (ਸੰਨ 2003 'ਚ ਬਿਜਲੀ ਕਰੰਟ ਨਾਲ ਮੌਤ)	ਬਲਵਿੰਦਰ ਸਿੰਘ
ਭਰਾ	ਲਖਵਿੰਦਰ ਸਿੰਘ
ਭਰਾ	ਹਰਭਿੰਦਰ ਸਿੰਘ
ਭੈਣ	ਸਰਬਜੀਤ ਕੌਰ

ਪਿੰਡ ਜੱਟਾਂ, ਡਾਕਖ਼ਾਨਾ ਰਮਦਾਸ, ਤਹਿਸੀਲ ਅਜਨਾਲਾ, ਜ਼ਿਲਾ ਅੰਮ੍ਰਿਤਸਰ

ਸਤਵੰਤ ਸਿੰਘ ਤੇ ਸੁਰਿੰਦਰ ਕੌਰ ਦੇ ਅਨੋਖੇ ਤੇ ਨਿਵੇਕਲੇ ਵਿਆਹ ਦੀਆਂ ਖ਼ਬਰਾਂ ਅਖ਼ਬਾਰਾਂ ਵਿਚ ਛਪ ਗਈਆਂ। ਪੰਜਾਬੀ ਦੇ ਪ੍ਰਮੁੱਖ ਰੋਜ਼ਾਨਾ ਅਜੀਤ ਜਲੰਧਰ ਦੇ ਸਟਾਫ਼ ਰਿਪੋਰਟਰ ਸਤਨਾਮ ਸਿੰਘ ਮਾਣਕ, ਦਰਸ਼ਨ ਸਿੰਘ ਮੱਕੜ, ਕੈਮਰਾਮੈਨ ਐੱਨ. ਸਿੰਘ ਨੇ ਸ. ਸਤਵੰਤ ਸਿੰਘ ਜੀ ਦੇ ਘਰ ਅਗਵਾਨ ਖ਼ੁਰਦ (ਗੁਰਦਾਸਪੁਰ) ਬੀਬੀ ਸੁਰਿੰਦਰ ਕੌਰ ਦੇ ਪੇਕੇ ਘਰ ਪਿੰਡ ਜੱਟਾਂ (ਜ਼ਿਲਾ ਅੰਮ੍ਰਿਤਸਰ) ਪਹੁੰਚ ਕੇ ਸਤਵੰਤ ਸਿੰਘ ਤੇ ਸੁਰਿੰਦਰ ਕੌਰ ਦੇ ਵਿਆਹ ਬਾਰੇ ਇਤਿਹਾਸਕ ਜਾਣਕਾਰੀ ਇਕੱਤਰ ਕੀਤੀ। 3 ਜੁਲਾਈ 1988 ਐਤਵਾਰ ਦੇ ਹਫ਼ਤਾਵਾਰੀ ਅਜੀਤ ਮੈਗਜ਼ੀਨ ਵਿਚ 'ਇਕ ਵਿਆਹ ਦੀ ਦਾਸਤਾਨ' ਮੁੱਖ ਸਫ਼ੇ 'ਤੇ ਪ੍ਰਕਾਸ਼ਤ ਕੀਤੀ ਅਤੇ ਵਿਆਹ ਅਤੇ ਪਰਿਵਾਰ ਦੀਆਂ ਤਸਵੀਰਾਂ ਛਾਪ ਕੇ 20ਵੀਂ ਸਦੀ ਦੇ ਸਿੱਖ ਇਤਿਹਾਸ ਅਤੇ ਦੁਨੀਆਂ

ਦੇ ਇਤਿਹਾਸ ਅੰਦਰ ਅਨੋਖੇ ਵਿਆਹ ਦੀ ਦਾਸਤਾਨ ਨੂੰ ਬੜੀ ਖੂਬਸੂਰਤੀ ਨਾਲ ਇਤਿਹਾਸਕ ਤੌਰ 'ਤੇ ਸਾਂਭ ਲਿਆ ਸੀ।

ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਵਿਆਹ ਹੋ ਜਾਣ ਬਾਰੇ ਤਾਂ 19 ਜੂਨ 1988 ਨੂੰ ਸਤਵੰਤ ਸਿੰਘ ਨੂੰ ਪਿਤਾ ਬਾਪੂ ਤਰਲੋਕ ਸਿੰਘ ਤੇ ਮਾਤਾ ਪਿਆਰ ਕੌਰ ਜੀ ਨੇ ਦੱਸ ਦਿੱਤਾ ਸੀ ਅਤੇ ਇਹ ਵੀ ਦੱਸ ਦਿੱਤਾ ਸੀ ਕਿ ਸੁਰਿੰਦਰ ਵੀ ਆਈ ਹੈ। ਪਰ ਜੇਲ੍ਹ ਅਧਿਕਾਰੀ ਮੁਲਾਕਾਤ ਕਰਨ ਦੀ ਅਜੇ ਵੀ ਆਗਿਆ ਨਹੀਂ ਦੇ ਰਹੇ। ਪ੍ਰਤੀਕਰਮ ਵਜੋਂ ਸਤਵੰਤ ਸਿੰਘ ਨੇ ਕਿਹਾ ਸੀ. **''ਭਾਪਾ ਜੀ, ਬੜੀ ਵਫ਼ਾਦਾਰ ਨਿਕਲੀ ਐ ਕੁੜੀ ? ਇਹਦੇ ਸਿਦਕ ਦਾ ਦੇਣ ਆਪਾਂ ਕਿਵੇਂ ਇਸ ਯੁਗ ਵਿਚ ਦੇਵਾਂਗੇ। ਇਹਨੇ ਤਾਂ ਕਮਾਲ ਈ ਕਰ ਦਿੱਤੀ ਆ। ਇਹ ਕੁੜੀ ਤਾਂ ਕੁਰਬਾਨੀ ਕਰਨ ਵਿਚ ਮੇਰੇ ਤੋਂ ਵੀ ਬਹੁਤ ਅੱਗੇ ਲੰਘ ਗਈ ਆ।''**

ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਜਦੋਂ ਵਿਆਹ ਬਾਰੇ ਦੱਸਿਆ ਤਾਂ ਸਤਵੰਤ ਨੇ ਆਪਣੀ ਮਾਂ ਨੂੰ ਕਿਹਾ, ''ਮਾਂ, ਵੇਖਿਆ, ਮੈਂ ਕਹਿੰਦਾ ਹੁੰਦਾ ਸੀ ਨਾ ਪਈ ਆਮ ਲੋਕਾਂ ਵਾਂਗੂੰ ਵਿਆਹ ਥੋੜ੍ਹਾ ਕਰਨਾ, ਸਤਵੰਤ ਤੇ ਸੁਰਿੰਦਰ ਦੇ ਵਿਆਹ ਨੂੰ ਦੁਨੀਆਂ ਵੇਖੂ ਦੁਨੀਆਂ। ਹੋਏ ਕਿ ਨਹੀਂ ਤੇਰੇ ਪੁੱਤ ਤੇ ਨੂੰਹ ਦੇ ਚਰਚੇ ਦੁਨੀਆਂ 'ਚ। ਸੁਰਿੰਦਰ ਦੇ ਸਿਰ ਤੋਂ ਪਾਣੀ ਵਾਰ ਕੇ ਪੀਤਾ ਈ ਤੇ ਪੁੱਤ ਦਾ ਮੂੰਹ ਮਿੱਠਾ ਕਰਨ ਲਈ ਵੀ ਕੁਝ ਲਿਆਈ ਹੈਂ ਕਿ ਨਹੀਂ।'' ਮਾਤਾ ਜੀ ਕਹਿੰਦੇ, ਸਤਵੰਤ, ਤੇਰੀ ਮੰਗ ਦਾ ਮੈਨੂੰ ਪਹਿਲਾਂ ਹੀ ਪਤਾ ਸੀ। ਘਰ ਦੇ ਦੇਸੀ ਘਿਉ ਦੀ ਬੂੰਦੀ ਦਾ ਪੀਪਾ ਲੈ ਕੇ ਆਈ ਹਾਂ। ਹੋਰ ਤੈਨੂੰ ਐਵੇਂ ਹੀ ਵਿਆਹ ਦੀ ਖੁਸ਼ਖਬਰੀ ਥੋੜ੍ਹਾ ਸੁਣਾ ਦੇਣੀ ਸੀ। ਸਤਵੰਤ ਕਹਿੰਦਾ ਲਿਆ ਮਾਂ ਫਿਰ ਵੰਡੀਏ ਜੇਲ੍ਹ 'ਚ, ਇਹ ਕੀ ਕਹਿਣਗੇ ਕਿ ਸਤਵੰਤ ਨੇ ਵਿਆਹ ਕਰਵਾ ਲਿਆ ਤੇ ਮੂੰਹ ਮਿੱਠਾ ਕਰਵਾਇਆ ਈ ਨਹੀਂ। ਸਤਵੰਤ ਆਪਣੇ ਰਸੋਈਏ ਨਿੱਕੂ ਨੂੰ ਕਹਿੰਦਾ, ਲੈ ਓਇ ਨਿੱਕੂ, ਇਹ ਬੂੰਦੀ ਇਹਨਾਂ ਜੇਲ੍ਹ ਅਧਿਕਾਰੀਆਂ, ਗਾਰਡਾਂ ਤੇ ਸਿੰਘਾਂ ਨੂੰ, ਮੇਰੇ ਮਿੱਤਰ ਦੋਸਤਾਂ ਨੂੰ ਵੰਡ ਕੇ ਆ। ਕੱਲ੍ਹ ਨੂੰ ਇਕ ਪੀਪਾ ਹੋਰ ਮਾਂ ਨੂੰ ਕਹਿ ਦੇ, ਦੇ ਜਾਵੇਗੀ। ਬੂੰਦੀ ਦੇਣ ਗਿਆ ਸਾਰਿਆ ਨੂੰ ਦੱਸ ਦੇਵੀਂ ਕਿ ਸਤਵੰਤ ਸਿੰਘ ਦਾ ਸੁਰਿੰਦਰ ਕੌਰ ਨਾਲ ਵਿਆਹ ਹੋ ਗਿਆ। ਅਸੀਂ ਅਗਲੇ ਦਿਨ ਬੂੰਦੀ ਦਾ ਇਕ ਪੀਪਾ ਹੋਰ ਸਤਵੰਤ ਸਿੰਘ ਨੂੰ ਜੇਲ੍ਹ ਅੰਦਰ ਦੇ ਕੇ ਆਏ। ਸਤਵੰਤ ਆਪਣੇ ਭਵਿੱਖ ਦੀ ਸਜ਼ਾ ਬਾਰੇ ਜਾਣਦਾ ਹੋਇਆ ਵੀ ਬੇਪ੍ਰਵਾਹ ਤੇ ਬੇਹੱਦ ਖੁਸ਼ ਸੀ।

ਤਿਹਾੜ ਜੇਲ੍ਹ ਅੰਦਰ ਸਤਵੰਤ ਸਿੰਘ ਨੇ ਜਦੋਂ ਵਿਆਹ ਦੀ ਭਾਜੀ ਵੰਡੀ ਤਾਂ ਸਾਰੇ ਹੈਰਾਨ ਸਨ ਕਿ ਇਹ ਸੁਰਿੰਦਰ ਕੌਰ ਕਿਹੋ ਜਿਹੀ ਕੁੜੀ ਹੋਵੇਗੀ, ਜਿਸ ਨੇ ਸਤਵੰਤ ਨੂੰ ਫ਼ਾਂਸੀ ਦੀ ਸਜ਼ਾ ਹੋਣ ਦੇ ਬਾਵਜੂਦ ਵੀ ਉਸ ਦੀ ਤਸਵੀਰ ਨਾਲ ਵਿਆਹ ਕਰਵਾ ਕੇ ਆਪਣੀ ਜ਼ਿੰਦਗੀ ਦਾਅ 'ਤੇ ਲਾ ਦਿੱਤੀ ਹੈ ?

ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਜਦੋਂ ਜੇਲ੍ਹ ਅਧਿਕਾਰੀਆਂ ਨੇ 3 ਜੁਲਾਈ ਐਤਵਾਰ (ਅਜੀਤ ਮੈਗਜ਼ੀਨ) ਰੋਜ਼ਾਨਾ ਅਜੀਤ ਜਲੰਧਰ ਦੇ ਮੁੱਖ ਸਫ਼ੇ 'ਤੇ 'ਇਕ ਵਿਆਹ ਦੀ ਦਾਸਤਾਨ' ਪੜ੍ਹੀ ਤਾਂ ਬੜੇ ਹੈਰਾਨ ਹੋਏ। ਜੇਲ੍ਹ ਅਧਿਕਾਰੀਆਂ ਨੇ 3 ਜੁਲਾਈ 1988 ਦਾ ਅਜੀਤ ਮੈਗਜ਼ੀਨ, ਜਿਸ ਵਿਚ ਸਤਵੰਤ ਸਿੰਘ ਤੇ ਸੁਰਿੰਦਰ ਕੌਰ ਦੇ ਵਿਆਹ ਦੀ ਦਾਸਤਾਨ ਸੀ, ਸ. ਸਤਵੰਤ ਸਿੰਘ ਨੂੰ ਪੜ੍ਹਨ ਲਈ ਦਿੱਤਾ ਤੇ ਪ੍ਰਤੀਕਰਮ ਜਾਣਨਾ ਚਾਹਿਆ। ਤਾਂ ਸਤਵੰਤ ਸਿੰਘ ਨੇ ਕਿਹਾ ਕਿ ਮੇਰੀ ਸਿੰਘਣੀ ਬੜੀ ਬਹਾਦਰ ਤੇ ਸਿਦਕ ਵਾਲੀ ਹੈ। ਇਸ ਨੇ ਆਪਣੇ ਕੀਤੇ ਇਕਰਾਰਾਂ ਨੂੰ ਨਿਭਾ ਕੇ ਮੈਨੂੰ ਕਰਜ਼ਾਈ ਕਰ ਦਿੱਤਾ ਹੈ। ਇਸ ਨੇ ਤਾਂ ਇਹ ਸੱਚ ਕਰ ਕੇ ਵਿਖਾ ਦਿੱਤਾ ਹੈ ਕਿ:

ਲੋਕ ਵੋਹ ਹੋਤੇ ਹੈਂ ਜੋ ਚਲਤੇ ਹੈ ਜ਼ਮਾਨੇ ਕੇ ਸਾਥ ਸਾਥ
ਵੋਹ ਮਰਦ ਹੋਤੇ ਹੈਂ ਜੋ ਜ਼ਮਾਨੇ ਕੋ ਬਦਲ ਦੇਤੇ ਹੈਂ।

ਸੁਰਿੰਦਰ ਨੇ ਮਰਦਾਂ ਵਾਲੀ ਕਰ ਕੇ ਵਿਖਾਈ ਹੈ। ਜਿਸ ਨੇ ਮੇਰੇ ਦੁੱਖਾਂ ਦੀ ਪੰਡ ਆਪਣੀ ਝੋਲੀ ਵਿਚ ਪੁਆ ਲਈ ਹੈ ਤੇ ਆਪਣਾ ਨਾਂ ਸਿੱਖ ਇਤਿਹਾਸ, ਦੁਨੀਆਂ ਦੇ ਇਤਿਹਾਸ ਅੰਦਰ ਉੱਚਾ ਕਰ ਦਿੱਤਾ ਹੈ। ਸੁਰਿੰਦਰ ਨੇ ਮੇਰੀ ਪੱਗ ਦੀ ਲਾਜ ਰੱਖੀ ਹੈ। ਹਾਕਮ ਸਾਨੂੰ ਸਰੀਰਕ ਤੌਰ 'ਤੇ ਭਾਵੇਂ ਨਾ ਮਿਲਣ ਦੇਣ, ਪਰ ਸਾਡੇ ਦਿਲਾਂ ਦੇ ਮਿਲਣ ਨੂੰ ਰੋਕਣਾ ਹਾਕਮਾਂ ਦੇ ਵੱਸ ਦੀ ਗੱਲ ਨਹੀਂ। ਸਤਵੰਤ ਸਿੰਘ ਤੇ ਸੁਰਿੰਦਰ ਕੌਰ ਨੂੰ ਵੱਖ ਵੱਖ ਕਰ ਦੇਣ ਦੀ, ਹਿੰਦੁਸਤਾਨ ਦੇ ਹਾਕਮਾਂ ਕੋਲ ਕੋਈ ਤਾਕਤ ਨਹੀਂ।

ਇਕ ਧਿਰ ਖ਼ਾਲਸਾ ਪੰਥ ਦੇ ਮਹਾਨ ਜਾਂਬਾਜ਼ ਯੋਧੇ, ਸ੍ਰੀ ਹਰਿਮੰਦਰ ਸਾਹਿਬ ਦੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਬਾਹੀ, 6 ਜੂਨ 1984 ਨੂੰ ਹਜ਼ਾਰਾਂ ਸਿੰਘਾਂ, ਸਿੰਘਣੀਆਂ, ਬੱਚਿਆਂ, ਬੁੱਢਿਆਂ ਦੀ ਭਾਰਤੀ ਫ਼ੌਜਾਂ ਹੱਥੋਂ ਹੋਈ ਕਤਲੇਆਮ ਦਾ ਬਦਲਾ ਲੈਣ ਵਾਲੇ ਅਤੇ ਦੂਜੀ ਧਿਰ ਹਿੰਦੁਸਤਾਨ ਦੀ ਬਹੁਗਿਣਤੀ ਹਿੰਦੂ ਫ਼ਿਰਕਾਪ੍ਰਸਤਾਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲਾਂ ਬੇਅੰਤ ਸਿੰਘ, ਸਤਵੰਤ ਸਿੰਘ ਵਿਚੋਂ ਸਤਵੰਤ ਸਿੰਘ ਦੀ ਦੁਨੀਆਂ ਭਰ ਦੀਆਂ ਅਖ਼ਬਾਰਾਂ ਵਿਚ ਪਹਿਲਾ ਹੀ ਚਰਚਾ ਦਾ ਵਿਸ਼ਾ ਸੀ। ਸਤਵੰਤ ਸਿੰਘ ਦੀ

ਤਸਵੀਰ ਨਾਲ 2 ਮਈ 1988 ਨੂੰ ਸੁਰਿੰਦਰ ਕੌਰ ਦੇ ਹੋਏ ਵਿਆਹ ਦੀ ਦਾਸਤਾਨ ਦੀ ਚਰਚਾ ਦੁਨੀਆਂ ਭਰ ਦੀਆਂ ਧਰਮ ਨਿਰਪੱਖ ਅਖ਼ਬਾਰਾਂ, ਹਰ ਮੁਲਕ ਦੇ ਹਰ ਕੋਨੇ, ਹਰ ਭਾਸ਼ਾ ਵਿਚ ਹੋਈ। ਪੰਜਾਬ ਅੰਦਰ ਪੇਂਡੂ ਸਿੱਖ ਬੀਬੀਆਂ ਨੇ ਇਹ ਦਾਸਤਾਨ ਬੜੇ ਚਾਅ ਨਾਲ ਪੜ੍ਹੀ ਅਤੇ ਅਨਪੜ੍ਹ ਬੀਬੀਆਂ ਨੇ ਬੜੇ ਚਾਅ ਤੇ ਉਤਸੁਕਤਾ ਨਾਲ ਸੁਣੀਂ ਤੇ ਤਸਵੀਰਾਂ ਵੇਖੀਆਂ।

15

ਆਖ਼ਰ ਸੁਪਰੀਮ ਕੋਰਟ ਦੇ ਜੱਜ ਸ੍ਰੀ ਜਗਨਨਾਥ ਸ਼ੈਟੀ ਨੇ ਇੰਦਰਾ ਕਤਲ ਕੇਸ ਦਾ ਫ਼ੈਸਲਾ ਸੁਣਾ ਦਿੱਤਾ। ਇਕ ਮੁਲਜ਼ਮ ਬਲਬੀਰ ਸਿੰਘ ਨੂੰ ਬਰੀ ਕਰ ਦਿੱਤਾ, ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਮੌਤ ਦੀ ਸਜ਼ਾ ਬਹਾਲ ਰੱਖੀ ਗਈ।

ਦਸੰਬਰ 1988 ਦੇ ਮਹੀਨੇ ਵਿਚ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਫ਼ਾਂਸੀ ਦੇਣ ਲਈ ਗੁਪਤ ਤੌਰ 'ਤੇ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ। ਹਿੰਦੂ ਫ਼ਿਰਕਾਪ੍ਰਸਤ ਹਾਕਮਾਂ ਨੇ 50 ਮਹੀਨੇ ਇਨਸਾਫ਼ ਦਾ ਝੂਠਾ ਡਰਾਮਾ ਖੇਡਿਆ ਸੀ। ਪ੍ਰਧਾਨ ਮੰਤਰੀ ਦੇ ਕਾਤਲਾਂ ਨੂੰ ਤਾਂ ਸਜ਼ਾ ਦੇਣ ਲਈ ਤਿਆਰੀਆਂ ਹੋ ਗਈਆਂ ਸਨ, ਪਰ ਇੰਦਰਾ ਕਤਲ ਤੋਂ ਬਾਅਦ ਰਾਜੀਵ ਗਾਂਧੀ ਪ੍ਰਧਾਨ ਮੰਤਰੀ ਵੱਲੋਂ ਰਾਜਧਾਨੀ ਦਿੱਲੀ ਅਤੇ ਹੋਰਨਾਂ ਥਾਵਾਂ ਉੱਪਰ ਕੀਤੀ ਗਈ ਸਿੱਖਾਂ ਦੀ ਨਸਲਕੁਸ਼ੀ ਬਾਰੇ ਤਾਂ ਹਿੰਦੁਸਤਾਨ ਦਾ ਇਨਸਾਫ਼, ਕਾਨੂੰਨ, ਪਾਰਲੀਮੈਂਟ, ਰਾਸ਼ਟਰਪਤੀ, ਸੁਪਰੀਮ ਕੋਰਟ ਗੂੰਗਾ-ਬੋਲਾ ਹੋਇਆ ਪਤਾ ਨਹੀਂ ਕਿਹੜੀ ਗੂੜ੍ਹੀ ਨੀਂਦ ਵਿਚ ਸੁੱਤਾ ਹੋਇਆ ਸੀ। ਇਸ ਗੀਤ ਨੂੰ ਸ਼ਰਮ-ਹਯਾ ਲਾਹ ਕੇ ਰੇਡੀਓ ਤੋਂ ਸੁਣਦਾ ਰਿਹਾ:

ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ।

ਇੰਦਰਾ ਕਤਲ ਕੇਸ ਦੀ ਕਾਰਵਾਈ ਹਾਕਮਾਂ ਵੱਲੋਂ ਗੁਪਤ ਰੱਖੀ ਗਈ। ਵਕੀਲਾਂ ਦੀ ਅਪੀਲ ਦਲੀਲ ਬੜੀ ਘਿਰਣਾ ਨਾਲ ਠੁਕਰਾ ਦਿੱਤੀ ਗਈ। ਭਾਈ ਸਤਵੰਤ ਸਿੰਘ ਨੇ ਸ਼ਹੀਦੀ ਦਾ ਵੇਲਾ ਨੇੜੇ ਜਾਣ ਕੇ ਬੜੀ ਫ਼ਿਰਾਕਦਿਲੀ ਨਾਲ 4 ਜਨਵਰੀ 1989 ਨੂੰ ਤਿਹਾੜ ਜੇਲ੍ਹ ਦੇ ਅਧਿਕਾਰੀਆਂ ਨੂੰ ਲਿਖਤੀ ਰੂਪ ਵਿਚ ਲਿਖ ਕੇ ਦਿੱਤਾ ਕਿ ਮੇਰਾ ਕਿਸੇ ਵੀ ਧਰਮ ਜਾਂ ਫ਼ਿਰਕੇ ਨਾਲ ਕੋਈ ਵੈਰ ਵਿਰੋਧ ਨਹੀਂ। ਮੇਰੀ ਇੱਛਾ ਹੈ ਕਿ ਮੇਰੇ ਸਰੀਰ ਦਾ ਕੋਈ ਵੀ ਅੰਗ, ਕਿਸੇ ਵੀ ਧਰਮ ਜਾਂ ਫ਼ਿਰਕੇ ਦਾ ਲੋੜਵੰਦ ਹੋਵੇ, ਮੇਰੀਆਂ ਅੱਖਾਂ, ਗੁਰਦੇ, ਦਿਲ, ਖ਼ੂਨ ਜਾਂ ਹੋਰ ਕੋਈ ਵੀ ਅੰਗ ਜੋ ਕਿਸੇ ਦੇ ਕੰਮ ਆਉਂਦਾ ਹੋਵੇ, ਲੋੜਵੰਦ ਨੂੰ ਦਾਨ ਕਰ ਦਿੱਤਾ ਜਾਵੇ। ਮੇਰੀਆਂ ਅੱਖਾਂ ਜਿਸ ਨੂੰ ਦਿੱਤੀਆਂ

ਜਾਣ, ਉਸ ਬਾਰੇ ਮੇਰੇ ਪਿਤਾ, ਮਾਤਾ, ਪਤਨੀ ਸੁਰਿੰਦਰ ਕੌਰ ਨੂੰ ਜ਼ਰੂਰ ਦੱਸ ਦਿੱਤਾ ਜਾਵੇ।

ਪਰ ਹਾਕਮ ਸ. ਸਤਵੰਤ ਸਿੰਘ ਦੀ ਖੁੱਲ੍ਹਦਿਲੀ ਕਿਵੇਂ ਸਹਿਣ ਕਰ ਸਕਦੇ ਸਨ। ਉਹ ਤਾਂ ਸਤਵੰਤ ਸਿੰਘ ਤੇ ਕਿਹਰ ਸਿੰਘ ਦੇ ਸਰੀਰ ਦੀ ਰਾਖ ਦਾ ਵੀ ਨਾਮੋ-ਨਿਸ਼ਾਨ ਮਿਟਾਉਣ ਦੀਆਂ ਮੁਕੰਮਲ ਤਿਆਰੀਆਂ ਕਰ ਚੁੱਕੇ ਸਨ। ਸਿੱਖੀ ਵਿਰੋਧੀ ਹਾਕਮ ਫ਼ਿਰਕਾਪ੍ਰਸਤੀ ਦੀ ਅੱਗ ਵਿਚ ਸੁਲਘ ਰਹੇ ਸਨ। ਉਹ ਕਿਵੇਂ ਬਰਦਾਸ਼ਤ ਕਰ ਸਕਦੇ ਸਨ ਕਿ ਸਿੱਖ ਕੌਮ ਦੀ ਪੱਗ ਦੀ ਲਾਜ ਰੱਖਣ ਵਾਲੇ, ਖ਼ਾਲਸਾ ਪੰਥ ਦੀ ਆਨ ਤੇ ਸ਼ਾਨ ਬਣ ਚੁੱਕੇ, ਸਿੱਖ ਕੌਮ ਦੇ ਦਿਲਾਂ ਦੀ ਧੜਕਣ ਦਾ ਖ਼ੂਨ, ਗੁਰਦੇ, ਅੱਖਾਂ ਜ਼ਿੰਦਾ ਰਹਿਣ ਅਤੇ ਕਿਸੇ ਨੂੰ ਜੀਵਨ ਦਾਨ ਬਖ਼ਸ਼ਣ।

ਜੋ ਕਮੀਨਗੀ 23 ਮਾਰਚ 1931 ਨੂੰ ਸਰਦਾਰ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੇ ਕੇਸ ਵਿਚ ਵਿਦੇਸ਼ੀ ਗੋਰੇ ਫ਼ਿਰੰਗੀਆਂ ਨੇ ਵਿਖਾਈ ਸੀ, ਹਿੰਦੁਸਤਾਨ ਦੇ ਕਾਲੇ ਫ਼ਿਰੰਗੀ ਸ. ਸਤਵੰਤ ਸਿੰਘ ਤੇ ਕਿਹਰ ਸਿੰਘ ਦੇ ਕੇਸ ਵਿਚ ਉਸ ਨੂੰ ਵੀ ਮਾਤ ਪਾਉਣਾ ਚਾਹੁੰਦੇ ਸਨ।

ਦੁਨੀਆਂ ਦੇ ਇਤਿਹਾਸ ਅੰਦਰ ਇੰਦਰਾ ਕਤਲ ਕੇਸ ਪਹਿਲਾ ਹੈ, ਜਿਸ ਦਾ ਦੋਸ਼ੀਆਂ ਨੂੰ ਫ਼ਾਂਸੀ ਦੇਣ ਦੀ ਤਾਰੀਖ ਨੂੰ ਇਤਨਾ ਗੁਪਤ ਰੱਖਿਆ ਗਿਆ ਹੋਵੇ। ਸੁਪਰੀਮ ਕੋਰਟ ਦੇ ਹੁਕਮ 'ਤੇ ਅਮਲ ਕਰਦਿਆਂ ਦਿੱਲੀ ਦੇ ਗਵਰਨਰ ਨੇ ਸਤਵੰਤ ਸਿੰਘ ਕਿਹਰ ਸਿੰਘ ਦੀ ਮੌਤ ਦੀ ਸਜ਼ਾ ਫ਼ਾਂਸੀ ਦੇ ਕਾਲੇ ਵਾਰੰਟਾਂ ਉੱਤੇ ਪਹਿਲੀ ਵਾਰ 12 ਅਕਤੂਬਰ 1988 ਨੂੰ ਦਸਤਖਤ ਕਰ ਦਿੱਤੇ ਅਤੇ 19 ਅਕਤੂਕਰ 1988 ਦੀ ਤਾਰੀਖ ਫ਼ਾਂਸੀ ਦੇਣ ਲਈ ਮਿਥੀ ਗਈ। ਪਰ ਇਸ ਦਾ ਭੇਦ ਗੁਪਤ ਰੱਖਿਆ ਗਿਆ ਅਤੇ ਨਾ ਹੀ ਸਤਵੰਤ ਸਿੰਘ ਤੇ ਕਿਹਰ ਸਿੰਘ ਦੇ ਵਾਰਸਾਂ ਨੂੰ ਸੂਚਿਤ ਕੀਤਾ ਗਿਆ। 19 ਅਕਤੂਬਰ 1988 ਦੀ ਫ਼ਾਂਸੀ ਦੀ ਤਾਰੀਖ ਦਾ ਭੇਦ ਪੱਤਰਕਾਰਾਂ ਦੀ ਕੋਸ਼ਿਸ਼ ਸਦਕਾ ਹੀ 17 ਅਕਤੂਬਰ ਨੂੰ ਬਾਹਰ ਆਇਆ। ਸਤਵੰਤ ਸਿੰਘ, ਕਿਹਰ ਸਿੰਘ ਦੇ ਵਕੀਲਾਂ ਨੇ ਬੜੀ ਹਿੰਮਤ ਤੇ ਮੁਸ਼ਕਲ ਨਾਲ ਲੋਕ ਹਿੱਤ ਪਟੀਸ਼ਨਾਂ ਸੁਪਰੀਮ ਕੋਰਟ ਅਤੇ ਰਾਸ਼ਟਰਪਤੀ ਦੇ ਦਾਖ਼ਲ ਕੀਤੀਆਂ ਤਾਂ ਕਿ ਇਨਸਾਫ਼ ਲਈ ਦੁਬਾਰਾ ਗੌਰ ਕੀਤਾ ਜਾਵੇ। ਪਰ ਰਾਸ਼ਟਰਪਤੀ ਨੇ ਸਾਰੀਆਂ ਅਪੀਲਾਂ ਰੱਦ ਕਰ ਦਿੱਤੀਆਂ ਤੇ ਇਸੇ ਦਿਨ 23 ਨਵੰਬਰ 1988 ਨੂੰ ਹੀ ਦਿੱਲੀ ਦੇ ਗਵਰਨਰ ਨੇ ਕਾਲੇ ਵਾਰੰਟਾਂ ਉੱਤੇ ਫ਼ਾਂਸੀ ਦੇ ਅਮਲ ਲਈ ਦੁਬਾਰਾ ਦਸਤਖ਼ਤ ਕਰ ਦਿੱਤੇ। ਇਸ ਬਾਰੇ ਸਤਵੰਤ ਸਿੰਘ, ਕਿਹਰ ਸਿੰਘ ਦੇ ਵਕੀਲਾਂ ਅਤੇ ਵਾਰਸਾਂ ਨੂੰ ਕੋਈ

ਵੀ ਜਾਣਕਾਰੀ ਨਾ ਦਿੱਤੀ ਗਈ। ਇਸੇ ਤਰ੍ਹਾਂ ਰਾਸ਼ਟਰਪਤੀ ਨੇ 2 ਜਨਵਰੀ 1989 ਨੂੰ ਲੋਕ ਹਿੱਤ ਦੀਆਂ ਪਟੀਸ਼ਨਾਂ ਦੁਬਾਰਾ ਰੱਦ ਕਰ ਦਿੱਤੀਆਂ। ਗਵਰਨਰ ਦਿਲੀ ਨੇ ਵੀ 2 ਜਨਵਰੀ 1989 ਨੂੰ ਸਤਵੰਤ ਸਿੰਘ, ਕਿਹਰ ਸਿੰਘ ਨੂੰ ਫ਼ਾਂਸੀ ਦੇਣ ਲਈ ਕਾਲੇ ਵਾਰੰਟਾਂ ਉੱਤੇ ਦਸਤਖ਼ਤ ਕਰ ਦਿੱਤੇ ਤਾਂ ਫ਼ਾਂਸੀ ਦੀ ਨਿਸ਼ਚਿਤ ਕੀਤੀ ਤਾਰੀਖ ਬਾਰੇ ਕੋਈ ਵੀ ਜਾਣਕਾਰੀ ਨਾ ਦਿੱਤੀ ਗਈ। ਜਦੋਂ ਰੁਪਿੰਦਰ ਸਿੰਘ ਸੋਢੀ ਵਕੀਲ ਨੇ ਅਦਾਲਤ ਸੁਪਰੀਮ ਕੋਰਟ ਤੋਂ ਇਸ ਬਾਰੇ ਪੁੱਛਿਆ ਤਾਂ ਸੁਪਰੀਮ ਕੋਰਟ ਦਾ ਕਹਿਣਾ ਸੀ ਕਿ ਇਸ ਬਾਰੇ ਜੇਲ੍ਹ ਅਧਿਕਾਰੀਆਂ ਨੂੰ ਮਿਲੋ। ਸ. ਰੁਪਿੰਦਰ ਸਿੰਘ ਸੋਢੀ ਵਕੀਲ ਅਤੇ ਰਾਮ ਜੇਠਮਲਾਨੀ ਵਕੀਲ ਨੇ ਜੇਲ੍ਹ ਅਧਿਕਾਰੀਆਂ ਨਾਲ ਸੰਪਰਕ ਕੀਤਾ ਤਾਂ ਅੱਗੋਂ ਜਵਾਬ ਸੀ ਕਿ ਅਜੇ ਫ਼ਾਂਸੀ ਲੱਗਣ ਲਈ ਵਾਹਵਾ ਸਮਾਂ ਲੱਗੇਗਾ। ਵਾਹਵਾ ਸਮਾਂ ਕਿੰਨਾਂ ਕੁ ਲੱਗੇਗਾ, ਇਸ ਬਾਰੇ ਕੋਈ ਭੇਦ ਨਾ ਦਿੱਤਾ ਗਿਆ। ਵਕੀਲ ਅਤੇ ਪਰਿਵਾਰ ਵਾਲੇ ਬੇਹੱਦ ਪ੍ਰੇਸ਼ਾਨ ਸਨ ਕਿ ਜਦੋਂ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਹਾਕਮਾਂ ਨੇ ਫ਼ਾਂਸੀ ਉੱਤੇ ਤਾਂ ਟੰਗਣਾ ਹੀ ਹੈ ਫਿਰ ਸੱਚ ਕਿਉਂ ਨਹੀਂ ਦੱਸ ਰਹੇ? ਸ. ਕਿਹਰ ਸਿੰਘ ਦੀ ਸਿੰਘਣੀ ਸੱਚ ਹੀ ਕਹਿ ਰਹੀ ਸੀ ਕਿ ਇਹ ਹਾਕਮ ਉਸ ਤੋਂ ਵੱਧ ਕਮੀਨਗੀ ਕਰਨਗੇ, ਜਿਹੜੀ ਵਿਦੇਸ਼ੀ ਗੋਰੇ ਹਾਕਮਾਂ ਫ਼ਿਰੰਗੀਆਂ ਨੇ ਫ਼ਾਂਸੀ ਲਾਉਣ ਵਾਲੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਵੇਲੇ ਕੀਤੀ ਸੀ।

4 ਜਨਵਰੀ 1989 ਦੀ ਰਾਤ 9-10 ਵਜੇ ਪੱਤਰਕਾਰਾਂ ਦੇ ਉੱਦਮ ਨਾਲ ਪਤਾ ਲੱਗ ਸਕਿਆ ਕਿ ਹਾਕਮ ਸਿੱਖਾਂ ਦੀ ਗ਼ੈਰਤ ਤੇ ਆਨ-ਸ਼ਾਨ ਦਾ ਰੁਤਬਾ ਹਾਸਲ ਕਰ ਚੁੱਕੇ ਸਤਵੰਤ ਸਿੰਘ, ਕਿਹਰ ਸਿੰਘ ਨੂੰ 6 ਜਨਵਰੀ 1989 ਨੂੰ ਸਵੇਰੇ 8 ਵਜੇ ਫ਼ਾਂਸੀ ਲਾਉਣਗੇ।

4 ਜਨਵਰੀ 1989 ਨੂੰ ਜਦੋਂ ਮੈਨੂੰ (ਬਾਪੂ ਤਰਲੋਕ ਸਿੰਘ) ਅਤੇ ਕਿਹਰ ਸਿੰਘ ਦੇ ਵੱਡੇ ਸਪੁੱਤਰ ਰਾਜਿੰਦਰ ਸਿੰਘ ਨੂੰ ਇਹ ਪਤਾ ਲੱਗਾ ਕਿ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ 6 ਜਨਵਰੀ 1989 ਨੂੰ ਸਵੇਰੇ 8 ਵਜੇ ਫ਼ਾਂਸੀ ਦਿੱਤੀ ਜਾਣੀ ਹੈ ਤਾਂ ਇਸ ਨੂੰ ਅਸੀਂ ਵਾਹਿਗੁਰੂ ਦਾ ਭਾਣਾ ਮੰਨ ਹੀ ਲਿਆ। ਰਾਜਿੰਦਰ ਸਿੰਘ ਕਹਿੰਦਾ, ਬਾਪੂ, ਚੱਲ ਹੁਣ ਚੱਲੀਏ, ਜੋ ਹੋਣਾ ਏ ਤੇ ਜਿਸ ਦੀ ਹਾਕਮਾਂ ਤੋਂ ਆਸ ਸੀ, ਉਹ ਤਾਂ ਹੋ ਈ ਚੱਲਿਆ। ਪਰਿਵਾਰ ਨਾਲ ਆਖ਼ਰੀ ਮੁਲਾਕਾਤ ਅਤੇ ਸ਼ਹੀਦੀ ਸਰੀਰ ਸੰਭਾਲਣ ਲਈ ਕੋਈ ਚਾਰਾਜੋਈ ਕਰ ਲਈਏ। ਇਹਨਾਂ ਹਾਕਮਾਂ ਦੀ ਨੀਅਤ ਬੜੀ ਖੋਟੀ ਆ। ਇਹਨਾਂ ਆਪਾਂ ਨੂੰ ਸਤਵੰਤ ਸਿੰਘ, ਕਿਹਰ ਸਿੰਘ ਦੀਆਂ ਲਾਸ਼ਾਂ ਵੀ ਨਹੀਂ ਦੇਣੀਆਂ।

ਮੈਂ ਵੀ ਪਿੰਡ ਸੁਨੇਹਾ ਭੇਜ ਦਿੱਤਾ, ਟੈਲੀਫ਼ੋਨ ਵੀ ਕੀਤਾ ਕਿ ਪਰਿਵਾਰਾਂ ਦੇ ਜੀਅ, ਬੱਸ ਰੇਲ ਨੂੰ ਉਡੀਕਣ ਦੀ ਬਜਾਏ ਸਾਧਨ ਕਰ ਕੇ ਛੇਤੀ ਆ ਜਾਉ। ਰਜਿੰਦਰ ਸਿੰਘ ਨੇ ਆਪਣੇ ਪਰਿਵਾਰ ਨੂੰ ਆਖ਼ਰੀ ਮੁਲਾਕਾਤ ਲਈ ਦਿੱਲੀ ਸੱਦ ਲਿਆ। ਪਿੰਡ ਅਗਵਾਨ ਤੋਂ ਗੱਡੀਆਂ ਕਿਰਾਏ 'ਤੇ ਕਰ ਕੇ ਪਰਿਵਾਰ ਦੇ ਜੀਅ ਦਿੱਲੀ ਪਹੁੰਚੇ। 4 ਜਨਵਰੀ ਦੀ ਰਾਤ 11 ਵਜੇ ਅਗਵਾਨ ਤੋਂ ਤੁਰੇ, ਧੁੰਦ ਵੀ ਕਹਿਰ ਦੀ ਸੀ, ਅੱਗੇ ਕੁਝ ਦਿਖਾਈ ਨਹੀਂ ਸੀ ਦੇਂਦਾ। ਦਿੱਲੀ ਦਾ ਲੰਬਾ ਸਫ਼ਰ ਮੁੱਕਣ 'ਚ ਹੀ ਨਾ ਆਵੇ। ਕਿਤੇ 5 ਜਨਵਰੀ 12 ਵਜੇ ਦਿਨੇ ਪਰਿਵਾਰ ਦੇ ਜੀਅ ਦਿੱਲੀ ਤਿਹਾੜ ਜੇਲ੍ਹ ਦੇ ਗੇਟ ਅੱਗੇ ਪੁੱਜੇ। 4 ਜਨਵਰੀ ਦੀ ਰਾਤ ਤੋਂ ਹੀ ਸਾਰੇ ਹਿੰਦੁਸਤਾਨ ਵਿਚ ਮੋਹਲੇਧਾਰ ਵਰਖਾ ਰੁਕ-ਰੁਕ ਕੇ ਹੋ ਰਹੀ ਸੀ। ਮੁਲਾਕਾਤ ਕਰਨ ਲਈ ਪਰਿਵਾਰ ਦੇ ਨਾਂ ਲਿਖਵਾਏ, ਮੈਂ ਘਰ ਦੇ ਜੀਆਂ ਨੂੰ ਕਿਹਾ ਕਿ ਮੁਲਾਕਾਤ ਵੇਲੇ ਰੋਣਾ ਨਹੀਂ, ਹੌਸਲੇ ਵਿਚ ਰਹਿਣਾ ਜੇ। ਸਤਵੰਤ ਦੀ ਇਕ ਇਕ ਗੱਲ ਚੰਗੀ ਤਰ੍ਹਾਂ ਚੇਤੇ ਰੱਖਿਓ। ਮੈਨੂੰ ਸਤਵੰਤ ਸਿੰਘ ਕਹਿੰਦਾ ਰਿਹਾ, ਬਾਪੂ, ਮੈਂ ਧੌਣ ਉੱਚੀ ਕਰ ਕੇ ਜੈਕਾਰੇ ਛੱਡਦਾ ਫ਼ਾਂਸੀ 'ਤੇ ਹੱਸ ਕੇ ਚੜ੍ਹਾਂਗਾ। ਇਹੋ ਜਿਹੀ ਕੋਈ ਗੱਲ ਨਹੀਂ ਕਰਨੀ ਜਿਸ ਨਾਲ ਉਹਦਾ ਮਨ ਡੋਲੇ, ਅੱਖਾਂ 'ਚ ਅੱਥਰੂ ਆਵੇ। ਹਾਕਮ ਖੰਭਾਂ ਦੀਆਂ ਡਾਰਾਂ ਬਣਾ ਦੇਣਗੇ। ਮੁਲਾਕਾਤ ਸ਼ੁਰੂ ਹੋਈ, ਸਤਵੰਤ ਸਿੰਘ ਦੀ ਮਾਂ, ਭੈਣਾਂ, ਭਰਜਾਈ, ਤਾਈਆਂ, ਚਾਚੀਆਂ, ਚਾਚੇ ਨੂੰ ਮੁਲਾਕਾਤ ਦੀ ਆਗਿਆ ਮਿਲ ਗਈ। ਪਰ ਹਾਕਮਾਂ ਨੇ ਸਭ ਤੋਂ ਮਾੜੀ ਉਦੋਂ ਕਰ ਵਿਖਾਈ, ਜਦੋਂ ਸਤਵੰਤ ਸਿੰਘ ਦੀ ਸਿੰਘਣੀ ਸੁਰਿੰਦਰ ਕੌਰ ਦੀ ਆਖ਼ਰੀ ਮੁਲਾਕਾਤ ਵੀ ਨਾ ਹੋਣ ਦਿੱਤੀ। ਮੈਂ ਜੇਲ੍ਹ ਅਧਿਕਾਰੀਆਂ ਦੇ ਬੜੇ ਮਿੰਨਤਾਂ ਤਰਲੇ ਕੀਤੇ ਕਿ ਤੁਸੀਂ ਸੁਰਿੰਦਰ ਦੀ ਸਤਵੰਤ ਨਾਲ ਆਖ਼ਰੀ ਮੁਲਾਕਾਤ ਤਾਂ ਕਰਵਾ ਦਿਉ। ਪਰ ਹਾਕਮਾਂ ਨੇ ਇਕ ਨਾ ਸੁਣੀ। ਜੇਲ੍ਹ ਸੁਪਰਡੈਂਟ ਕਹਿੰਦਾ, ਜੇ ਇਹ ਬੁੱਢਾ ਮੁਲਾਕਾਤ ਕਰਦਾ ਹੈ ਤਾਂ ਕਰਾਉ ਨਹੀਂ ਤਾਂ ਧੱਕੇ ਮਾਰ ਕੇ ਬਾਹਰ ਕੱਢ ਦੇਵੋ। ਮੈਂ ਸੋਚਿਆ ਮਨਾ ਜੇ ਤੈਨੂੰ ਵੀ ਨਾ ਮੁਲਾਕਾਤ ਕਰਨ ਦਿੱਤੀ ਫਿਰ ਤੂੰ ਇਹਨਾਂ ਦਾ ਕੀ ਕਰ ਲਵੇਂਗਾ। ਮੇਰੇ ਨਾਲ ਵਕੀਲ ਰੁਪਿੰਦਰ ਸਿੰਘ ਸੋਢੀ ਵੀ ਸੀ, ਕਹਿੰਦਾ, ਬਾਪੂ ਤੂੰ ਮੁਲਾਕਾਤ ਕਰ। ਮੈਂ ਆਪਣਾ ਜ਼ਰੂਰੀ ਕੰਮ ਕਰ ਲਵਾਂ। ਮੈਂ ਕਿਹਾ, ਸੋਢੀ, ਉਹ ਕਿਹੜਾ ਕੰਮ ਆ। ਸੋਢੀ ਕਹਿੰਦਾ, ਬਾਪੂ ਮੈਂ ਇਕ ਅਰਜ਼ੀ ਸੁਪਰੀਮ ਕੋਰਟ ਵਿਚ ਦਿੱਤੀ ਹੋਈ ਐ ਕਿ ਫਾਂਸੀ ਦੇਣ ਵੇਲੇ ਮੈਨੂੰ ਮੌਕੇ 'ਤੇ ਹਾਜ਼ਰ ਰਹਿਣ ਦੀ ਆਗਿਆ ਦਿੱਤੀ ਜਾਵੇ। ਮੈਨੂੰ ਖ਼ਦਸ਼ਾ ਹੈ ਕਿ ਜੇਲ੍ਹ ਅਧਿਕਾਰੀ ਮੇਰੇ ਮੁਅੱਕਲ ਨੂੰ ਫ਼ਾਂਸੀ

ਦੇਣ ਵੇਲੇ ਉਸ ਦੀ ਸ਼ਾਨ ਖ਼ਿਲਾਫ਼ ਗ਼ਲਤ ਪ੍ਰਚਾਰ ਕਰ ਸਕਦੇ ਹਨ।

ਸੋਢੀ ਵਕੀਲ ਸਤਵੰਤ ਸਿੰਘ ਨੂੰ ਫ਼ਾਂਸੀ ਦੇਣ ਮੌਕੇ 'ਤੇ ਹਾਜ਼ਰ ਰਹਿਣ ਲਈ ਕਾਨੂੰਨੀ ਕਾਰਵਾਈ ਲਈ ਜੇਲ੍ਹ ਅਧਿਕਾਰੀਆਂ ਨਾਲ ਗੱਲਬਾਤ ਕਰਨ ਲਈ ਤੁਰ ਪਿਆ। ਸੋਢੀ ਨੇ ਸਵੇਰ ਦੀ ਰੋਟੀ ਵੀ ਨਹੀਂ ਸੀ ਖਾਧੀ, ਸੁੱਤਾ ਤਾਂ ਕੋਈ ਚਾਰ ਰਾਤਾਂ ਦਾ ਵੀ ਨਹੀਂ ਸੀ, ਉਹ ਸਾਡੇ ਨਾਲੋਂ ਵੀ ਵੱਧ ਫ਼ਿਕਰਮੰਦ ਸੀ। ਸੋਢੀ ਆਪਣਾ ਧਰਮ ਸਮਝ ਕੇ ਕੇਸ ਦੀ ਪੈਰਵਾਈ ਕਰ ਰਿਹਾ ਸੀ, ਕਿੱਤਾ ਸਮਝ ਕੇ ਨਹੀਂ।

5 ਜਨਵਰੀ 1989 ਨੂੰ ਸਤਵੰਤ ਸਿੰਘ ਤੇ ਕਿਹਰ ਸਿੰਘ ਦੇ ਪਰਿਵਾਰ ਨੇ ਆਖ਼ਰੀ ਮੁਲਾਕਾਤ ਕੀਤੀ। ਦੋਵੇਂ ਸਿੰਘ ਬੜੀ ਚੜ੍ਹਦੀ ਕਲਾ ਵਿਚ ਸਨ। ਭਾਈ ਕਿਹਰ ਸਿੰਘ ਜੀ ਨੇ ਚੜ੍ਹਦੀ ਕਲਾ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ **"ਅਸੀਂ ਬੜੇ ਭਾਗਾਂ ਵਾਲੇ ਹਾਂ ਜਿਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਦੀ ਪਵਿੱਤਰਤਾ ਦੀ ਬਹਾਲੀ ਵਾਸਤੇ ਸ਼ਹੀਦੀ ਪਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਸੰਤ ਜਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲੇ ਕਹਿੰਦੇ ਹਨ ਕਿ ਪਹਿਲੇ ਜਨਮ ਵਿਚ ਦਸ ਹਜ਼ਾਰ ਵਰ੍ਹੇ ਤਪ ਭਗਤੀ ਕਰਨ ਵਾਲੇ ਨੂੰ ਵੀ ਸ੍ਰੀ ਹਰਿਮੰਦਰ ਸਾਹਿਬ ਵਾਸਤੇ ਸ਼ਹੀਦੀ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਨਹੀਂ ਹੁੰਦਾ। ਸਾਨੂੰ ਅਤੇ ਸਿੱਖ ਕੌਮ ਨੂੰ ਸਾਡੇ ਕੀਤੇ ਕਾਰਜ 'ਤੇ ਮਾਣ ਹੈ ਅਤੇ ਅਜਿਹੇ ਕਾਰਜਾਂ 'ਤੇ ਸਿੱਖ ਕੌਮ ਨੂੰ ਸਦਾ ਮਾਣ ਰਹੇਗਾ।"**

ਮੇਰੇ ਨਾਲ (ਬਾਪੂ ਤਰਲੋਕ ਸਿੰਘ) ਵਕੀਲ ਸ. ਰੁਪਿੰਦਰ ਸਿੰਘ ਸੋਢੀ ਤਿਹਾੜ ਜੇਲ੍ਹ ਅੰਦਰ ਸ. ਸਤਵੰਤ ਸਿੰਘ ਨੂੰ ਆਖ਼ਰੀ ਵਾਰ ਮਿਲਣ ਗਏ। ਵਕੀਲ ਸੋਢੀ ਨੇ ਕਿਹਾ ਕਿ ਸਤਵੰਤ ਪਿਆਰੇ, ਮੈਨੂੰ ਅਫ਼ਸੋਸ ਹੈ ਕਿ ਮੈਂ ਤੈਨੂੰ ਫ਼ਾਂਸੀ ਤੋਂ ਬਚਾ ਨਹੀਂ ਸਕਿਆ। ਹੁਣ ਇਸ ਤੋਂ ਪਿੱਛੋਂ ਮੈਂ ਤੈਨੂੰ ਮਿਲ ਨਹੀਂ ਸਕਾਂਗਾ। ਵਕੀਲ ਦਾ ਗਲਾ ਭਰ ਆਇਆ ਤੇ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਸ. ਸਤਵੰਤ ਸਿੰਘ ਨੇ ਕਿਹਾ ਕਿ ਵਕੀਲ ਸੋਢੀ ਸਾਹਿਬ ਤੁਸੀਂ ਆਪਦਾ ਮਨ ਤਕੜਾ ਕਰੋ। **ਮੈਂ ਤੁਹਾਨੂੰ ਮਿਲਦਾ ਰਹਾਂਗਾ। ਤੁਸੀਂ ਮੇਰੇ ਕੇਸ ਨੂੰ ਮੁੜ ਲੜਨ ਦਾ ਵਾਅਦਾ ਕਰੋ। ਵਕੀਲ ਸੋਢੀ ਸਾਹਿਬ ਨੇ ਕਿਹਾ ਕਿ ਮੈਨੂੰ ਸਤਵੰਤ ਪਿਆਰੇ ਤੁਹਾਡੀ ਗੱਲ ਦੀ ਸਮਝ ਨਹੀਂ ਆਈ। ਤੁਹਾਡੀਆਂ ਸਾਰੀਆਂ ਅਪੀਲਾਂ ਰੱਦ ਹੋ ਚੁੱਕੀਆਂ ਹਨ। 6 ਜਨਵਰੀ ਸਵੇਰੇ 8 ਵਜੇ ਸ. ਕਿਹਰ ਸਿੰਘ ਤੇ ਤੁਹਾਨੂੰ ਫ਼ਾਂਸੀ ਦਿੱਤੀ ਜਾਣੀ ਹੈ। ਵਕੀਲ ਸਾਹਿਬ ਜਦੋਂ ਵੀ ਮੈਨੂੰ ਮਨੁੱਖੀ ਦੇਹੀ ਮਿਲੀ ਤਾਂ ਮੈਂ ਸਿੱਖ ਕੌਮ ਦੇ ਵਿਰੋਧੀਆਂ ਦਾ**

ਇੰਦਰਾ ਗਾਂਧੀ ਵਾਂਗ ਸਫ਼ਾਇਆ ਕਰਦਾ ਰਹਾਂਗਾ ਤੇ ਤੁਸੀਂ ਮੇਰੇ ਕੇਸ ਦੀ ਪੈਰਵੀ ਕਰਦੇ ਰਹਿਣਾ। ਹੱਕ ਸੱਚ ਦੇ ਪਾਂਧੀਆਂ ਦੀ ਜ਼ੁਲਮ ਤੇ ਜ਼ਾਲਮ ਖ਼ਿਲਾਫ਼ ਜਦੋ-ਜਹਿਦ ਜਾਰੀ ਰਹਿੰਦੀ ਹੈ। ਮੈਂ ਜਨਮ ਲੈਂਦਾ ਰਹਾਂਗਾ ਤੇ ਦੁਸ਼ਟਾਂ ਨੂੰ ਸੋਧਦਾ ਰਹਾਂਗਾ। ਤੁਸੀਂ ਮੈਨੂੰ ਮਿਲਦੇ ਰਹਿਣਾ। ਸ. ਸਤਵੰਤ ਸਿੰਘ ਜੀ ਦੀ ਚੜ੍ਹਦੀ ਕਲਾ ਦੇਖ ਕੇ ਸ. ਰੁਪਿੰਦਰ ਸਿੰਘ ਸੋਢੀ ਕਹਿਣ ਲੱਗਾ ਕਿ ਪਿਆਰੇ ਸਤਵੰਤ ਸਿੰਘ ਤੂੰ ਧੰਨ ਹੈਂ ਤੇ ਧੰਨ ਤੇਰੀ ਸਿੱਖੀ। ਧੰਨ ਭਾਗ ਹਨ ਮੇਰੇ, ਜਿਸ ਨੂੰ ਸ਼ੇਰ ਦਿਲ ਮਰਦ ਬਹਾਦਰ ਸੂਰਮੇ ਦਾ ਕੇਸ ਲੜਨ ਅਤੇ ਉਸ ਦੇ ਦਰਸ਼ਨ ਕਰਨ ਦਾ ਅਕਾਲ ਪੁਰਖ ਨੇ ਮੌਕਾ ਦਿੱਤਾ ਹੈ। ਮੈਂ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਤੇਰੇ ਵਰਗੇ ਬਹਾਦਰ ਸੂਰਮੇ, ਜਾਬਾਂਜ਼ ਯੋਧੇ ਦੇ ਦਰਸ਼ਨ ਅਗਲੇ ਜਨਮ ਵਿਚ ਵੀ ਕਰਦਾ ਰਹਾਂ। ਜਿਸ ਕੌਮ ਵਿਚ ਸਤਵੰਤ ਸਿੰਘ, ਜਿਹੇ ਸੂਰਬੀਰ ਤੇ ਅਣਖ ਵਾਲੇ ਹੋਣਗੇ, ਉਹ ਕਿਸੇ ਦੇ ਦਬਾਇਆਂ ਦਬਾਈ ਨਹੀਂ ਜਾ ਸਕਦੀ। ਵਕੀਲ ਸੋਢੀ ਨੇ ਸਤਵੰਤ ਸਿੰਘ ਦੇ ਹੱਥਾਂ ਨੂੰ ਘੁੱਟਿਆ ਤੇ ਚੁੰਮਿਆ ਤੇ ਕਿੰਨਾ ਚਿਰ ਸ਼ਰਧਾ ਨਾਲ ਨਿਉਂ ਕੇ ਅੱਖਾਂ 'ਚੋਂ ਪਿਆਰ ਦੇ ਹੰਝੂ ਕੇਰਦਾ ਰਿਹਾ। ਸੋਢੀ ਨੇ ਸਤਵੰਤ ਸਿੰਘ ਨੂੰ ਭਰੇ ਗਲ ਨਾਲ ਮਸਾਂ ਹੀ ਫ਼ਤਹਿ ਬੁਲਾਈ ਅਤੇ ਮੈਨੂੰ ਸਤਵੰਤ ਸਿੰਘ ਦੇ ਕੋਲ ਛੱਡ ਕੇ ਪਿਛਾਂਹ ਵਾਪਸ ਮੁੜ ਆਇਆ। ਅਜੇ ਸੋਢੀ ਦੇ ਸਿਰ ਹੋਰ ਜ਼ਿੰਮੇਵਾਰੀਆਂ ਦਾ ਭਾਰ ਸੀ। ਰੁਪਿੰਦਰ ਸਿੰਘ ਸੋਢੀ, ਸਤਵੰਤ ਸਿੰਘ ਦੀ ਸ਼ਾਨਮੱਤੀ ਸ਼ਹਾਦਤ ਨੂੰ ਹਾਕਮਾਂ ਦੇ ਕਾਲੇ ਇਰਾਦਿਆਂ ਤੋਂ ਪਵਿੱਤਰ ਰੱਖਣ ਲਈ ਬੇਹੱਦ ਚਿੰਤਤ ਸੀ।

16

ਬਾਪੂ ਤਰਲੋਕ ਸਿੰਘ ਜੀ ਆਪਣੇ ਭਰਾ ਗੁਰਪਾਲ ਸਿੰਘ ਤੇ ਗੁਰਮੇਜ ਸਿੰਘ, ਚਾਚੇ ਦੇ ਪੁੱਤ ਭਰਾ ਦੇ ਨਾਲ 5 ਜਨਵਰੀ 1989 ਨੂੰ ਰਾਤ ਦੇ ਅੱਠ ਵਜੇ ਆਖ਼ਰੀ ਮੁਲਾਕਾਤ ਕਰਨ ਲਈ ਸ. ਸਤਵੰਤ ਸਿੰਘ ਨੂੰ ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਬੰਦ ਕੋਠੜੀ ਵਿਚ ਮਿਲੇ। ਅੱਗੋਂ ਭਾਈ ਸਤਵੰਤ ਸਿੰਘ ਗੁਰਬਾਣੀ ਦਾ ਪਾਠ ਕਰ ਰਿਹਾ ਸੀ। ਬਾਪੂ ਜੀ ਨੇ ਪਾਠ ਜਲਦੀ ਕਰ ਕੇ ਛੋਟੀ ਅਰਦਾਸ ਕਰਨ ਲਈ ਕਿਹਾ, ਪਰ ਭਾਈ ਸਤਵੰਤ ਸਿੰਘ ਪਾਠ ਕਰਨ ਵਿਚ ਲੀਨ ਰਿਹਾ। ਬਾਪੂ ਜੀ ਨੇ ਫਿਰ ਕਿਹਾ ਕਿ ਆਖ਼ਰੀ ਮੁਲਾਕਾਤ ਹੈ, ਤੈਨੂੰ ਨਹੀਂ ਪਤਾ, ਤੂੰ ਸਵੇਰੇ ਫ਼ਾਂਸੀ ਚੜ੍ਹ ਜਾਣਾ ਹੈ। ਭਾਈ ਸਤਵੰਤ ਸਿੰਘ ਨੇ ਅਣਸੁਣੀ ਕਰ ਦਿੱਤੀ। ਬਾਪੂ ਜੀ ਨੇ ਫਿਰ ਆਖਿਆ ਕਿ ਪਾਠ ਦਾ ਭੋਗ ਇਥੇ ਹੀ ਪਾ ਦੇ ਫਿਰ ਆਪਾਂ ਪਿਉ ਪੁੱਤਰ ਇਕ ਦੂਜੇ ਨੂੰ ਮਿਲ ਨਹੀਂ ਸਕਾਂਗੇ। ਭਾਈ ਸਤਵੰਤ ਸਿੰਘ ਜੀ ਨੇ ਪਾਠ ਦਾ ਭੋਗ ਪਾ ਕੇ ਫ਼ਤਹਿ ਬੁਲਾਈ ਤੇ ਕਿਹਾ ਕਿ ਪਿਤਾ ਜੀ ਇਕ ਬਹਾਦਰ ਪੁੱਤਰ ਦੇ ਪਿਤਾ ਹੋ ਕੇ ਦਿਲ ਕਿਉਂ ਛੋਟਾ ਕਰਦੇ ਹੋ। ਮੈਨੂੰ ਪਤਾ ਹੈ ਕਿ ਸਵੇਰੇ 8 ਵਜੇ ਮੈਨੂੰ ਫ਼ਾਂਸੀ ਦਿੱਤੀ ਜਾਣੀ ਹੈ। ਪਿਤਾ ਜੀ ਧਰਮ ਦੇ ਕਾਰਜਾਂ ਵਿਚ ਇਸੇ ਤਰ੍ਹਾਂ ਹੀ ਹੁੰਦਾ ਹੈ। ਬਾਪੂ ਤਰਲੋਕ ਸਿੰਘ ਨੇ ਕਿਹਾ ਕਿ ਸਤਵੰਤ ਸਿੰਘ ਆਪਣੀ ਆਖ਼ਰੀ ਮੁਲਾਕਾਤ ਹੈ, ਕੋਈ ਗੱਲਬਾਤ ਕਰ..... ਆਪਾਂ ਫੇਰ.....। ਸਤਵੰਤ ਸਿੰਘ ਨੇ ਉੱਤਰ ਵਿਚ ਕਿਹਾ ਕਿ ਮੇਰੀ ਗੁਰੂ ਚਰਨਾਂ ਵਿਚ ਇਹੋ ਹੀ ਅਰਦਾਸ ਹੈ ਕਿ ਅਗਲੇ ਜਨਮ ਵਿਚ ਵੀ ਮੈਂ ਤੁਹਾਡਾ ਹੀ ਪੁੱਤਰ ਹੋਵਾਂ ਤੇ ਫਿਰ ਤੁਹਾਡੇ ਪਿਆਰ ਦਾ ਨਿੱਘ ਮਾਣਦਾ ਰਹਾਂ। ਬਾਪੂ ਜੀ ਨੇ ਕਿਹਾ ਕਿ ਹੋਰ ਕੋਈ ਸੁਨੇਹਾ। ਤਾਂ ਭਾਈ ਸਤਵੰਤ ਸਿੰਘ ਨੇ ਕਿਹਾ ਕਿ ਮੇਰੇ ਵੱਲੋਂ ਸਿੱਖ ਕੌਮ ਨੂੰ ਫ਼ਤਹਿ ਬੁਲਾਉਣੀ। **ਮੇਰੀ ਇੱਛਾ ਹੈ ਕਿ ਮੇਰੀ ਮੌਤ ਬਦਲੇ ਕਿਸੇ ਬੇਗੁਨਾਹ ਦਾ ਖ਼ੂਨ ਨਾ ਵਹਾਇਆ ਜਾਵੇ। ਸਿੰਘਾਂ ਦਾ ਕੰਮ ਕੌਮ ਦੇ ਵੈਰੀਆਂ ਤੇ ਜ਼ਾਲਮਾਂ ਦੀ ਸੁਧਾਈ ਕਰਨਾ ਹੈ। ਦੁਸ਼ਟਾਂ ਦੀ ਸੁਧਾਈ ਖ਼ਾਲਸਾ ਪੰਥ ਦੀਆਂ ਰਵਾਇਤਾਂ ਅਨੁਸਾਰ ਕੀਤੀ ਜਾਵੇ।**

ਬਾਪੂ ਤਰਲੋਕ ਸਿੰਘ ਨੇ ਕਿਹਾ, ''ਸਤਵੰਤ ਸਿੰਘ! ਹੋਰ ਕੋਈ ਇੱਛਾ ਹੈ ਤਾਂ ਮੈਨੂੰ ਦੱਸ।''

ਸਤਵੰਤ ਸਿੰਘ ਨੇ ਜਵਾਬ ਦਿੱਤਾ, **''ਬਾਪੂ ਜੀ, ਮੇਰੀ ਆਖ਼ਰੀ ਇੱਛਾ ਹੈ ਕਿ ਜਦੋਂ ਤੁਸੀਂ ਜੇਲ੍ਹ ਦੇ ਗੇਟ ਤੋਂ ਬਾਹਰ ਜਾਓ ਤਾਂ ਪੂਰੀ ਜ਼ੋਰ ਨਾਲ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਉਣਾ।''**

ਬਾਪੂ ਤਰਲੋਕ ਸਿੰਘ ਨੇ ਕਿਹਾ, ''ਸਤਵੰਤ ਸਿੰਘ, ਇਹ ਕਿਵੇਂ ਹੋ ਸਕਦਾ ਹੈ? ਪੁੱਤਰ ਫ਼ਾਂਸੀ ਦੇ ਫੰਦੇ ਵੱਲ ਜਾ ਰਿਹਾ ਹੋਵੇ ਤੇ ਪਿਤਾ ਜੈਕਾਰੇ ਗਜਾਏ।''

ਸਤਵੰਤ ਸਿੰਘ ਕਹਿੰਦਾ, ''ਚਾਚਾ ਜੀ, ਤੁਹਾਨੂੰ ਵੀ ਪੱਕੀ ਜੇ, ਗੇਟ 'ਤੇ ਜਾ ਕੇ ਬਾਪੂ ਜੀ ਤੇ ਚਾਚਾ ਜੀ, ਤੁਸੀਂ, 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾ ਕੇ ਦਿੱਲੀ ਦੀਆਂ ਕੰਧਾਂ ਕੰਬਾ ਦੇਣੀਆਂ ਕਿ ਦਿੱਲੀ ਸਰਕਾਰ ਦੀਆਂ ਫ਼ਾਂਸੀਆਂ, ਸਿੰਘਾਂ ਨੂੰ ਆਪਣੇ ਸਿਦਕ ਤੋਂ ਨਹੀਂ ਡੁਲਾ ਸਕਦੀਆਂ। ਸਿੰਘਾਂ ਦੇ ਇਰਾਦੇ ਅਟੱਲ ਹਨ, ਜਿਨ੍ਹਾਂ ਨੂੰ ਫ਼ਾਂਸੀਆਂ, ਗੋਲੀਆਂ ਨਾਲ ਦਬਾਇਆ ਨਹੀਂ ਜਾ ਸਕਦਾ। ਸਿੰਘ ਮਰਦੇ ਰਹਿਣਗੇ, ਮਾਰਦੇ ਰਹਿਣਗੇ, ਪਰ ਮੁੱਕਣਗੇ ਨਹੀਂ।''

ਬਾਪੂ ਤਰਲੋਕ ਸਿੰਘ, ''ਸਤਵੰਤ ਸਿੰਘ, ਮੈਂ ਤਾਂ ਕੰਧਾਂ ਦੇ ਸਹਾਰੇ 'ਤੇ ਹਾਂ, ਤੇਰੇ ਚਾਚਿਆਂ ਨੇ ਕੀ ਪਤਾ ਕਿਵੇਂ ਫੜ ਕੇ ਸਹਾਰੇ ਨਾਲ ਮੈਨੂੰ ਬਾਹਰ (ਜੇਲ੍ਹ ਤੋਂ) ਲੈ ਕੇ ਜਾਣਾ, ਸਤਵੰਤ, ਤੂੰ ਜੈਕਾਰੇ ਗਜਾਉਣੇ ਆਖੀ ਜਾਂਦਾ ਏ।''

ਸਤਵੰਤ ਸਿੰਘ, ''ਪਿਤਾ ਜੀ, ਖ਼ਾਲਸਾ ਪੰਥ ਦੀਆਂ ਰਵਾਇਤਾਂ ਉੱਤੇ ਚੱਲਣਾ ਹੀ ਸਾਡਾ ਸਿੱਖਾਂ ਦਾ ਫ਼ਰਜ਼ ਹੈ। ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਸਾਹਿਬ ਦੀ ਕੱਚੀ ਗੜ੍ਹੀ ਦੀ ਜੰਗ ਵੇਲੇ ਆਪਣੇ ਸਾਹਿਬਜ਼ਾਦੇ ਸ਼ਹੀਦ ਬਾਬਾ ਅਜੀਤ ਸਿੰਘ ਜੀ ਤੇ ਸ਼ਹੀਦ ਬਾਬਾ ਜੁਝਾਰ ਸਿੰਘ ਜੀ ਨੂੰ ਆਪਣੇ ਹੱਥੀਂ ਜੰਗ ਵਿਚ ਤੋਰ ਕੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਅਕਾਲ ਪੁਰਖ ਦਾ ਧੰਨਵਾਦ ਕੀਤਾ ਸੀ। ਪਿਤਾ ਜੀ, ਤੁਸੀਂ ਵੀ ਮੈਨੂੰ ਸ਼ਹੀਦੀ ਪਾਉਣ ਵਾਸਤੇ ਜੈਕਾਰੇ ਗਜਾ ਕੇ ਤੋਰਨਾ ਹੈ। ਮੇਰੇ ਮਨ ਦੀ ਇੱਛਾ ਨੂੰ ਤੁਸੀਂ ਜ਼ਰੂਰ ਪੂਰਾ ਕਰਨਾ ਹੈ। ਮੈਂ ਵੀ ਸਵੇਰੇ ਜਦੋਂ ਫ਼ਾਂਸੀ ਦੇ ਤਖ਼ਤੇ ਵੱਲ ਤੁਰਾਂਗਾ ਤਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਤੁਰਾਂਗਾ।''

4 ਜਨਵਰੀ ਤੋਂ ਹੀ ਸਾਰੇ ਹਿੰਦੁਸਤਾਨ ਵਿਚ ਮੋਹਲੇਧਾਰ ਮੀਂਹ (ਵਰਖਾ) ਵਰ੍ਹ ਰਿਹਾ ਸੀ। ਦੁਨੀਆਂ ਭਰ ਦੀ ਪ੍ਰੈੱਸ ਦੇ ਪੱਤਰਕਾਰ ਤੇ ਫ਼ੋਟੋਗ੍ਰਾਫ਼ਰ

ਮੀਂਹ ਪੈਣ ਦੇ ਬਾਵਜੂਦ ਵੀ ਤਿਹਾੜ ਜੇਲ੍ਹ ਦੇ ਬਾਹਰ ਇਕੱਠੇ ਹੋਏ ਸਨ। ਇਕ ਪਾਸੇ ਸਰਕਾਰ ਹਿੰਦੁਸਤਾਨ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਾਤਲਾਂ ਨੂੰ ਉਸ ਦੇ ਅੰਜ਼ਾਮ ਤਕ ਪਹੁੰਚਾਉਣ ਲਈ ਤਿਆਰ ਸੀ ਤੇ ਦੂਜੇ ਪਾਸੇ ਦੁਨੀਆਂ ਭਰ ਦੀ ਪ੍ਰੈੱਸ ਖ਼ਾਲਸਾ ਪੰਥ ਤੇ ਸਿੱਖ ਕੌਮ ਦੇ ਦਿਲਾਂ ਦੀ ਧੜਕਣ ਬਣ ਚੁੱਕੇ ਦੋ ਜੁਝਾਰੂ ਬੱਬਰ ਸ਼ੇਰਾਂ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਦੀ ਸ਼ਹਾਦਤ ਦਾ ਨਜ਼ਾਰਾ ਤੇ ਘਟਨਾਵਾਂ ਨੂੰ ਦੁਨੀਆਂ ਤਕ ਪਹੁੰਚਾਉਣ ਲਈ ਤਿਆਰ ਖੜੀ ਸੀ।

ਬਾਪੂ ਤਰਲੋਕ ਸਿੰਘ ਨੇ ਕਿਹਾ, ''ਸਤਵੰਤ ਸਿੰਘ, ਤੇਰੀ ਇਹ ਇੱਛਾ ਮੈਂ ਜ਼ਰੂਰ ਪੂਰੀ ਕਰਾਂਗਾ।''

ਬਾਪੂ ਤਰਲੋਕ ਸਿੰਘ, ਚਾਚੇ ਸ. ਗੁਰਦਿਆਲ ਸਿੰਘ, ਸ. ਗੁਰਪਾਲ ਸਿੰਘ, ਸ. ਗੁਰਮੇਜ ਸਿੰਘ ਆਪਣੇ ਪਿਆਰੇ ਪੁੱਤਰ ਨੂੰ ਸਿਰ 'ਤੇ ਪਿਆਰ ਦੇ ਕੇ, ਆਖ਼ਰੀ ਫ਼ਤਹਿ ਬੁਲਾ ਕੇ ਜੇਲ੍ਹ ਤੋਂ ਬਾਹਰ ਆ ਗਏ। ਬਾਪੂ ਤਰਲੋਕ ਸਿੰਘ ਜੀ ਅਤੇ ਭਾਈ ਸਾਹਿਬ ਦੇ ਚਾਚੇ ਗੁਰਦਿਆਲ ਸਿੰਘ, ਸ. ਗੁਰਪਾਲ ਸਿੰਘ, ਸ. ਗੁਰਮੇਜ ਸਿੰਘ ਜੀ ਨੇ ਜੇਲ੍ਹ ਦੇ ਗੇਟ ਤੋਂ ਬਾਹਰ ਨਿਕਲਦਿਆਂ ਹੀ ਪੂਰੇ ਜ਼ੋਰ ਨਾਲ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਦਿੱਤੇ। ਕੈਮਰਾਮੈਨ ਤੇ ਪੱਤਰਕਾਰ ਹਰਕਤ ਵਿਚ ਆ ਗਏ। ਉਹਨਾਂ ਤਸਵੀਰਾਂ ਖਿੱਚੀਆਂ ਤੇ ਸਵਾਲ ਕੀਤੇ।

ਪੱਤਰਕਾਰ, ''ਸਰਦਾਰ ਜੀ, ਕੀ ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਫ਼ਾਂਸੀ ਰੁਕ ਗਈ ਹੈ? ਆਪ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਬੋਲ ਰਹੇ ਹੋ?''

ਬਾਪੂ ਤਰਲੋਕ ਸਿੰਘ ਤੇ ਚਾਚਾ ਗੁਰਮੇਜ ਸਿੰਘ, ''ਨਹੀਂ ਜੀ, ਸਾਡੇ ਸਿੱਖ ਧਰਮ ਦਾ ਅਸੂਲ ਹੈ ਕਿ ਜਦੋਂ ਅਸੀਂ ਆਪਣੇ ਪੁੱਤਰ ਨੂੰ ਧਰਮ ਤੋਂ ਸ਼ਹੀਦ ਹੋਣ ਲਈ ਤੋਰਦੇ ਹਾਂ ਤਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ, ਚੜ੍ਹਦੀ ਕਲਾ ਦਾ ਸਬੂਤ ਦਿੱਤਾ ਜਾਂਦਾ ਹੈ। ਸੱਚੇ ਪਾਤਸ਼ਾਹ ਵਾਹਿਗੁਰੂ ਦਾ ਧੰਨਵਾਦ ਕੀਤਾ ਜਾਂਦਾ ਹੈ। ਇਹ ਸਿੱਖਿਆ ਸਾਨੂੰ ਕਲਗੀਧਰ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਪ੍ਰਦਾਨ ਕੀਤੀ ਹੈ। ਅੱਜ ਅਸੀਂ ਆਪਣੇ ਦੋ ਯੋਧਿਆਂ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਸ਼ਹੀਦ ਹੋਣ ਲਈ ਤੋਰ ਕੇ ਅਕਾਲ ਪੁਰਖ ਵਾਹਿਗੁਰੂ ਦਾ ਧੰਨਵਾਦ ਕੀਤਾ ਹੈ।''

ਪੱਤਰਕਾਰ ਸਿੱਖ ਧਰਮ ਦੀ ਕੁਰਬਾਨੀ ਦਾ ਜਜ਼ਬਾ ਵੇਖ ਕੇ ਹੈਰਾਨ

ਸਨ ਕਿ ਗੁਰੂ ਦੇ ਸਿੰਘ ਫ਼ਾਂਸੀ ਨੂੰ ਕਿਵੇਂ ਮਖ਼ੌਲ ਕਰ ਰਹੇ ਹਨ।

ਬੀ.ਬੀ.ਸੀ. ਲੰਡਨ ਦੀ ਰੇਡੀਓ ਰਿਪੋਰਟ ਵਿਚ ਵਿਸ਼ਵ ਪ੍ਰਸਿੱਧ ਪੱਤਰਕਾਰ ਮਾਰਕ ਟਲੀ ਕਹਿ ਰਿਹਾ ਸੀ ਕਿ **ਮੈਂ ਸਿੱਖ ਇਤਿਹਾਸ ਵਿਚ ਸਿੱਖਾਂ ਦੀ ਚੜ੍ਹਦੀ ਕਲਾ ਅਤੇ ਬੇਖ਼ੌਫ਼ੀ ਬਾਰੇ ਪੜ੍ਹਿਆ ਸੀ ਪਰ ਅੱਜ ਅੱਖੀਂ ਵੀ ਵੇਖ ਲਿਆ ਹੈ ਕਿ ਸ਼ਹੀਦ ਸਿੰਘਾਂ ਦੀ ਆਤਮਾ ਮੌਤ ਦਾ ਸਤਿਕਾਰ ਕਰਦੀ ਹੈ, ਪਰ ਮੌਤ ਉਹਨਾਂ ਤੋਂ ਕੰਬਦੀ ਹੈ ਤੇ ਵਿਰੋਧੀ ਹਾਕਮ ਸਹਿਮ ਜਾਂਦੇ ਹਨ।**

ਸ਼ਹੀਦ ਸਿੰਘਾਂ ਦੀ ਸ਼ਹਾਦਤ ਆਪਣੀ ਕੌਮ ਨੂੰ ਚੜ੍ਹਦੀ ਕਲਾ ਵਿਚ ਜ਼ਿੰਦਾ ਰਹਿਣ, ਬਦੀ ਤੇ ਬੇਇਨਸਾਫ਼ੀ ਵਿਰੁਧ ਸੰਘਰਸ਼ ਕਰਨ ਲਈ ਪ੍ਰੇਰਦੀ ਹੈ, ਬਲ ਦਿੰਦੀ ਹੈ। ਇਹ ਸੱਚ ਹੈ ਕਿ ਸਿੱਖੀ ਵਿਚ ਸਭ ਤੋਂ ਉੱਚਾ ਰੁਤਬਾ ਪ੍ਰਵਾਨ ਚੜ੍ਹੀ ਸ਼ਹੀਦੀ ਹੈ। ਸਿੰਘ ਸ਼ਹੀਦ ਹੋ ਕੇ ਮੌਤ ਉੱਤੇ ਵੀ ਫ਼ਤਹਿ ਪਾ ਲੈਂਦੇ ਹਨ। ਮੌਤ ਉਹਨਾਂ ਨੂੰ ਮਾਰ ਨਹੀਂ ਸਕਦੀ। ਗੁਰਬਾਣੀ ਦਾ ਫ਼ੁਰਮਾਨ ਹੈ:

ਮਰਣ ਮੁਣਸਾ ਸੂਰਿਆ ਹਕ ਹੈ
ਜੋ ਹੋਇ ਮਰਣਿ ਪਰਵਾਣੋ।।

6 ਜਨਵਰੀ 1989 ਨੂੰ ਮੋਹਲੇਧਾਰ ਵਰਖਾ ਹੋ ਰਹੀ ਸੀ। ਕੁਦਰਤ ਭਾਈ ਸਤਵੰਤ ਸਿੰਘ ਤੇ ਕਿਹਰ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੀ ਸੀ। ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਦੋਹਾਂ ਜੁਝਾਰੂ ਬੱਬਰ ਸ਼ੇਰਾਂ ਨਾਲ ਜੁੜੀਆਂ ਹੋਈਆਂ ਸਨ। ਦੋਵਾਂ ਸਿੰਘਾਂ ਨੇ ਸਿੱਖ ਕੌਮ ਦੇ ਸਿਰ ਚੜ੍ਹੇ ਕਰਜ਼ੇ ਦੇ ਦੁੱਖਾਂ ਦੀ ਪੰਡ ਆਪਣੇ ਸਿਰ ਉੱਤੇ ਚੁੱਕ ਲਈ ਸੀ। ਅੱਜ ਦੋਵਾਂ ਸਿੰਘਾਂ ਨੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕੀਤਾ, ਨਵੇਂ ਕੱਪੜੇ ਪਹਿਨੇ, ਸੀਸ ਉੱਤੇ ਦਸਤਾਰਾਂ ਸਜਾਈਆਂ, ਨਿੱਤਨੇਮ ਗੁਰਬਾਣੀ ਦਾ ਪਾਠ ਕੀਤਾ, ਅਕਾਲ ਪੁਰਖ ਵਾਹਿਗੁਰੂ ਜੀ ਦੇ ਚਰਨਾਂ ਵਿਚ ਸ਼ਹਾਦਤ ਦੀ ਅਰਦਾਸ ਕੀਤੀ ਤੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਦਿੱਤੇ। ਸਿੰਘਾਂ ਦੇ ਜੈਕਾਰਿਆਂ ਦਾ ਜਵਾਬ 'ਸਤਿ ਸ੍ਰੀ ਅਕਾਲ' ਨਾਲ ਤਿਹਾੜ ਜੇਲ੍ਹ ਦੇ ਸਮੂਹ ਬੰਦੀਆਂ ਨੇ ਦਿੱਤਾ। ਜੇਲ੍ਹ ਅੰਦਰ ਬੰਦੀਆਂ ਦੀ ਦੀਨ-ਮਜ਼ਹਬ ਦੇ ਵਖਰੇਵਿਆਂ ਤੋਂ ਉੱਪਰ ਉੱਠ ਕੇ ਦਿਲੀ ਸਾਂਝ ਬਣੀ ਹੁੰਦੀ ਹੈ।

ਜੇਲ੍ਹ ਅਧਿਕਾਰੀ 6 ਜਨਵਰੀ 1989 ਨੂੰ ਵੱਡੇ ਤੜਕੇ ਸਤਵੰਤ ਸਿੰਘ, ਕਿਹਰ ਸਿੰਘ ਦੀਆਂ ਕੋਠੜੀਆਂ ਅੱਗੇ ਪਹੁੰਚ ਗਏ। ਦੋਵੇਂ ਸਿੰਘ ਪਹਿਲਾਂ ਹੀ ਸ਼ਹਾਦਤ ਦਾ ਜਾਮ ਪੀਣ ਲਈ ਤਿਆਰ-ਬਰ-ਤਿਆਰ ਬੈਠੇ ਸਨ। ਸਤਵੰਤ ਸਿੰਘ ਨੇ ਜੇਲ੍ਹ ਅਧਿਕਾਰੀਆਂ ਨੂੰ ਮੂੰਹ ਤੋਂ ਕੋਈ ਲਫ਼ਜ਼ ਵੀ ਨਾ ਕੱਢਣ ਦਿੱਤਾ

ਤੇ ਕਿਹਾ, ''ਸਾਹਿਬ, ਤੁਸੀਂ ਲੇਟ ਕਿਉਂ ਹੋ ਗਏ? ਅਸੀਂ ਬਹੁਤ ਚਿਰ ਦੇ ਵਿਹਲੇ ਹੋ ਕੇ ਤਿਆਰ ਖੜੇ ਹਾਂ।'' ਸਤਵੰਤ ਸਿੰਘ ਦੇ ਇਸ ਸਵਾਲ ਦਾ ਜਵਾਬ ਦੇਣਾ ਅਧਿਕਾਰੀਆਂ ਨੇ ਠੀਕ ਨਾ ਸਮਝਿਆ। ਜਨਵਰੀ ਮਹੀਨੇ 'ਚ ਹਿੰਦੁਸਤਾਨ ਅੰਦਰ ਇਹੋ ਜਿਹਾ ਮੋਹਲੇਧਾਰ ਮੀਂਹ ਪਹਿਲੀ ਵਾਰ ਪੈ ਰਿਹਾ ਸੀ। ਤਿਹਾੜ ਜੇਲ੍ਹ ਦੇ ਬੰਦੀ ਸਤਵੰਤ ਸਿੰਘ, ਕਿਹਰ ਸਿੰਘ ਦੀ ਸ਼ਹੀਦੀ ਦੀ ਪ੍ਰਾਪਤੀ ਤੇ ਆਪਣੇ ਰੋਹ-ਪਿਆਰ ਦਾ ਜਜ਼ਬਾ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਕਰ ਰਹੇ ਸਨ। ਕਿਤੇ ਕਿਤੇ ਕੱਲੇ-ਕਾਰੇ ਸਿੰਘ ਬੰਦੀ ਇਹ ਨਾਅਰਾ ਲਾ ਰਹੇ ਸਨ, **'ਜੁਗੋ ਜੁਗ ਨਾਉਂ ਚਮਕੇਗਾ ਤੇਰਾ, ਸਤਵੰਤ ਸਿੰਘ, ਕਿਹਰ ਸਿੰਘ ਮਰਦ ਦਲੇਰਾ।'** ਪਰ ਇਸ ਨਾਅਰੇ ਵਿਚ ਆਮ ਬੰਦੀਆਂ ਦੀ ਆਵਾਜ਼ ਨਹੀਂ ਸੀ ਆ ਰਹੀ। ਸਮੁੱਚੀ ਤਿਹਾੜ ਜੇਲ੍ਹ ਅੰਦਰ ਸਤਵੰਤ ਸਿੰਘ, ਕਿਹਰ ਸਿੰਘ ਦੀ ਸ਼ਹਾਦਤ ਦੀਆਂ ਗੂੰਜਾਂ ਪੈ ਰਹੀਆਂ ਸਨ। ਜੇਲ੍ਹ ਅਧਿਕਾਰੀ ਨੇ ਕਰਮਚਾਰੀ ਨੂੰ ਹੁਕਮ ਦਿੱਤਾ ਕਿ ਇਹਨਾਂ ਦੇ ਮੂੰਹ ਉਪਰ ਨਕਾਬ ਪਾ ਦਿਉ। ਸਤਵੰਤ ਸਿੰਘ ਨੇ ਕਿਹਾ, ''ਸਾਹਬ ਬਹਾਦਰ, ਸਾਡੀਆਂ ਬਾਹਵਾਂ ਭਾਵੇਂ ਪਿੱਛੇ ਬੰਨ੍ਹ ਲਵੋ ਪਰ ਅਸੀਂ ਨਕਾਬ ਨਹੀਂ ਪਾਉਣਾ।'' ਜੇਲ੍ਹ ਅਧਿਕਾਰੀ ਨੇ ਸਵਾਲੀਆ ਲਹਿਜੇ ਨਾਲ ਵੇਖਿਆ ਤਾਂ ਸਤਵੰਤ ਸਿੰਘ ਨੇ ਕਿਹਾ, ''ਸਾਹਬ, ਫ਼ਾਂਸੀ ਵਾਲੇ ਸਾਰੇ ਕੰਮ ਅਸੀਂ ਖ਼ੁਦ ਸਿਰੇ ਚੜ੍ਹਾਵਾਂਗੇ। ਤੁਹਾਨੂੰ ਕਿਸੇ ਫ਼ਿਕਰ ਦੀ ਲੋੜ ਨਹੀਂ। ਅਸੀਂ ਨੰਗੇ ਮੂੰਹ ਸ਼ਹੀਦੀ ਪਾਉਣ ਇਸ ਲਈ ਜਾਣਾ ਹੈ ਤਾਂ ਕਿ ਤੁਹਾਨੂੰ ਪਤਾ ਲੱਗਦਾ ਰਹੇ ਕਿ ਕਿਤੇ ਅਸੀਂ ਫ਼ਾਂਸੀ ਦਾ ਫੰਦਾ ਦੇਖ ਕੇ ਘਬਰਾਏ, ਰੋਏ ਤਾਂ ਨਹੀਂ।'' ਕਿਹਰ ਸਿੰਘ ਨੇ ਕਿਹਾ, ''ਸਾਹਿਬ, ਅਸੀਂ ਫ਼ਾਂਸੀ ਦਾ ਰੱਸਾ ਖ਼ੁਦ ਆਪ ਗਲ ਵਿਚ ਪਾਵਾਂਗੇ, ਹੋ ਸਕਦਾ ਹੈ ਤੁਹਾਡਾ ਜੱਲਾਦ ਤੰਮਾਕੂ-ਨੋਸ਼ੀ ਕਰਦਾ ਹੋਵੇ, ਸ਼ਰਾਬ ਪੀਤੀ ਹੋਵੇ ਤੇ ਕਾਹਲ ਵਿਚ ਸਾਡੇ ਸਿੱਖੀ ਸਰੂਪ ਦਾਹੜੇ ਕੇਸਾਂ ਨੂੰ ਹੱਥ ਲਗਾ ਦੇਵੇ।'' ਜੇਲ ਅਧਿਕਾਰੀ ਦੀ ਕਿਹੜੀ ਸਿੰਘਾਂ ਨਾਲ ਦੁਸ਼ਮਣੀ ਸੀ, ਉਹ ਤਾਂ ਆਪ ਹਾਕਮਾਂ ਦੀ ਨੌਕਰੀ ਕਰਦਾ ਗ਼ੁਲਾਮ ਸੀ। ਸਤਵੰਤ ਸਿੰਘ, ਕਿਹਰ ਸਿੰਘ ਦੀ ਭਾਵਨਾ ਦੀ ਕਦਰ ਕਰਦਿਆਂ ਕਰਮਚਾਰੀਆਂ ਨੇ ਕਿਹਾ, ''ਠੀਕ ਹੈ, ਸਰਦਾਰ ਜਿਵੇਂ ਕਹਿੰਦੇ ਨੇ, ਠੀਕ ਹੈ।'' ਪੁਲਿਸ ਕਰਮਚਾਰੀਆਂ ਨੇ ਸਤਵੰਤ ਸਿੰਘ, ਕਿਹਰ ਸਿੰਘ ਦੀਆਂ ਬਾਹਵਾਂ ਪਿੱਛੇ ਕਰ ਕੇ ਬੰਨ੍ਹ ਲਈਆਂ ਪਰ ਮੂੰਹ 'ਤੇ ਨਕਾਬ ਨਾ ਪਾਏ। ਕਾਗਜ਼ੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਸਤਵੰਤ ਸਿੰਘ, ਕਿਹਰ ਸਿੰਘ ਨੂੰ ਬੰਦੀ ਕੋਠੜੀਆਂ ਤੋਂ ਲੈ ਕੇ ਫ਼ਾਂਸੀ ਦੇ ਫੰਦੇ ਵੱਲ ਜੇਲ੍ਹ ਅਧਿਕਾਰੀ ਤੁਰ ਪਏ। ਸਤਵੰਤ ਸਿੰਘ, ਕਿਹਰ ਸਿੰਘ ਆਪਣੇ

ਵਾਅਦੇ ਮੁਤਾਬਕ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਬੋਲ ਕੇ ਆਕਾਸ਼ ਗੂੰਜਾ ਰਹੇ ਸਨ। ਸ਼ਾਇਦ ਤਿਹਾੜ ਜੇਲ੍ਹ ਅੰਦਰ ਸ਼ਹਾਦਤ ਦੀ ਅਜਿਹੀ ਬੇਮਿਸਾਲ ਗੂੰਜ ਪਹਿਲਾਂ ਕਦੇ ਘੱਟ ਹੀ ਪਈ ਹੋਵੇਗੀ। ਕੋਠੜੀਆਂ ਦੀਆਂ ਬੈਰਕਾਂ ਦੇ ਬਰਾਂਡੇ ਵਿਚ ਜਾਂਦਿਆਂ, ਸਤਵੰਤ ਸਿੰਘ ਨਾਲ ਪੰਜਾਬੀ ਵਿਚ ਆਮ ਗੱਲਬਾਤ ਕਰਦੇ ਰਹਿਣ ਵਾਲਾ ਜੇਲ੍ਹ ਪੁਲਿਸ ਦਾ ਥਾਣੇਦਾਰ ਦਯਾਵਨ ਡਿਊਟੀ 'ਤੇ ਖੜਾ ਰੋ ਰਿਹਾ ਸੀ। ਸਤਵੰਤ ਸਿੰਘ ਰੁਕ ਕੇ ਕਹਿੰਦਾ, ''ਦਯਾਵਨ ਯਾਰ, ਤੈਨੂੰ ਪਿਆਰ ਕਰਨ ਨੂੰ, ਘੁੱਟ ਕੇ ਜੱਫੀ ਪਾਉਣ ਨੂੰ ਜੀਅ ਕਰਦਾ ਹੈ, ਕੀ ਕਰਾਂ, ਮੇਰੀਆਂ ਬਾਹਵਾਂ ਬੱਝੀਆਂ ਹੋਈਆਂ ਨੇ।'' ਸਤਵੰਤ ਸਿੰਘ ਦਾ ਇਹ ਪਿਆਰ ਭਰਿਆ ਬੋਲ 'ਯਾਰ ਤੇ ਵੀਰ' ਸੁਣ ਕੇ ਦਯਾਵਨ ਥਾਣੇਦਾਰ ਦਾ ਸਬਰ ਦਾ ਬੰਨ੍ਹ ਟੁੱਟ ਗਿਆ। ਦਯਾਵਨ ਨੇ ਆਪਣੀ ਬੰਦੂਕ (ਰਾਈਫਲ) ਪਾਸੇ ਰੱਖਦਿਆਂ ਅੱਗੇ ਹੋ ਕੇ ਕਿਹਾ, ''ਕੀ ਹੋਇਆ ਯਾਰ, ਜੇ ਹੁਣ ਤੇਰੀਆਂ ਬਾਹਵਾਂ ਬੱਝੀਆਂ ਨੇ, ਮੇਰੀਆਂ ਤੇ ਨਹੀਂ ਬੱਝੀਆਂ, ਮੈਂ ਤੈਨੂੰ ਜ਼ਰੂਰ ਜੱਫੀ ਪਾਊਂ। ਮੇਰੀ ਭਾਵੇਂ ਨੌਕਰੀ ਵੀ ਕਿਉਂ ਨਾ ਜਾਂਦੀ ਰਹੇ।'' ਦਯਾਵਨ ਥਾਣੇਦਾਰ ਨੇ ਸਤਵੰਤ ਸਿੰਘ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਸਤਵੰਤ ਸਿੰਘ ਦਾ ਮੱਥਾ ਚੁੰਮਿਆ ਤੇ ਘੁੱਟ ਕੇ ਪਿਆਰ ਕੀਤਾ। ਇਸ ਮੌਕੇ ਤੇ ਮੋਹਲੇਧਾਰ ਮੀਂਹ ਪੈਣ ਦੇ ਨਾਲ ਅਜਿਹੀ ਬੱਦਲਾਂ ਦੀ ਬਿਜਲੀ ਦੀ ਗਰਜ ਪਈ ਤੇ ਚਾਨਣ ਹੋਇਆ ਕਿ ਹਨੇਰਾ ਵਾਤਾਵਰਣ ਜਗਮਗਾ ਗਿਆ। ਸ਼ਾਇਦ ਕੁਦਰਤ ਨੇ ਵੀ ਸਤਵੰਤ ਸਿੰਘ ਤੇ ਦਯਾਵਨ ਦੀ ਆਖਰੀ ਮਿਲਣੀ ਤੇ ਪਿਆਰ ਦੀ ਸ਼ਾਹਦੀ ਭਰੀ ਸੀ। ਦੋਵਾਂ ਰੂਹਾਂ ਦੀ ਅਚਰਜ ਮਿਲਣੀ ਵੇਖ ਕੇ ਜੇਲ੍ਹ ਅਧਿਕਾਰੀਆਂ ਦੀਆਂ ਅੱਖਾਂ 'ਚੋਂ ਵੀ ਬੇਵੱਸੀ ਦੇ ਹੰਝੂ ਵਹਿ ਰਹੇ ਸਨ, ਉਹ ਤਾਂ ਬੇਵੱਸ ਸਨ। ਅਦਾਲਤਾਂ ਨੇ ਰਾਜੀਵ ਗਾਂਧੀ ਦੇ ਹੁਕਮ ਹਦਾਇਤਾਂ 'ਤੇ ਹੀ ਤਾਮੀਲ ਕੀਤੀ ਸੀ। ਹਕੂਮਤ ਨੇ ਆਖ਼ਰ 6 ਜਨਵਰੀ 1989 ਨੂੰ ਤੜਕੇ ਅੱਠ ਵਜੇ ਤੋਂ ਪਹਿਲਾਂ ਸਤਵੰਤ ਸਿੰਘ, ਕਿਹਰ ਸਿੰਘ ਨੂੰ ਫ਼ਾਂਸੀ ਦੇ ਤਖ਼ਤੇ ਸਾਹਮਣੇ ਲਿਆ ਖੜਾ ਕੀਤਾ। ਜੇਲ੍ਹ ਸੁਪ੍ਰਿੰਟੈਂਡੈਂਟ ਸੁਭਾਸ਼ ਸ਼ਰਮਾ, ਜੇਲ੍ਹ ਦਾ ਡਾਕਟਰ, ਜੱਲਾਦ (ਸ਼ਾਇਦ ਅਮਰ ਸਿੰਘ ਪਟਿਆਲਾ ਜ਼ਿਲ੍ਹਾ, ਅਖ਼ਬਾਰ ਵਿਚ ਬੁੱਢੇ ਜਿਹੇ ਦੀ ਤਸਵੀਰ ਵੀ ਛਪੀ ਸੀ), ਤੇ ਹੋਰ ਅਧਿਕਾਰੀ, ਕਰਮਚਾਰੀ ਵੀ ਸ਼ਾਮਲ ਸਨ। ਸਤਵੰਤ ਸਿੰਘ, ਕਿਹਰ ਸਿੰਘ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਬੋਲ ਕੇ ਹਕੂਮਤ ਵੱਲੋਂ ਦਿੱਤੀ ਜਾ ਰਹੀ ਸਜ਼ਾ ਦਾ ਸਵਾਗਤ ਕਰ ਕੇ ਖ਼ਾਲਸਾਈ ਰਵਾਇਤਾਂ ਤੇ ਚੜ੍ਹਦੀ ਕਲਾ ਦਾ ਸਬੂਤ ਦੇ ਰਹੇ ਸਨ। ਜੇਲ੍ਹ ਦੀਆਂ ਬੈਰਕਾਂ 'ਚ ਬੰਦ ਕੀਤੇ ਹੋਏ ਕੈਦੀ 'ਸਤਿ ਸ੍ਰੀ ਅਕਾਲ' ਦੇ ਜੈਕਾਰਿਆਂ

ਨਾਲ ਦੋਵਾਂ ਸਿੰਘਾਂ ਨੂੰ ਅੰਤਮ ਵਿਦਾਇਗੀ ਦੇ ਰਹੇ ਸਨ। ਜਦੋਂ ਪੰਜ ਮਿੰਟ ਰਹਿ ਗਏ ਅੱਠ ਵੱਜਣ 'ਚ ਤਾਂ ਸਤਵੰਤ ਸਿੰਘ, ਕਿਹਰ ਸਿੰਘ ਆਪਣੇ ਆਪ ਫ਼ਾਂਸੀ ਦੇ ਤਖ਼ਤੇ 'ਤੇ ਖਲੋ ਗਏ ਤੇ ਆਪ ਹੀ ਫ਼ਾਂਸੀ ਦੇ ਫੰਦੇ ਨੂੰ ਆਪਣੇ ਗਲਾਂ ਵਿਚ ਪਾ ਲਿਆ। ਜੋ ਕੰਮ ਜੱਲਾਦ ਨੇ ਕਰਨਾ ਸੀ, ਉਸ ਨੂੰ ਤਕਲੀਫ਼ ਨਾ ਕਰਨ ਦਿੱਤੀ, ਜਦੋਂ ਹੀ ਘੜੀ ਦੀ ਸੂਈ ਅੱਠ ਵਜੇ 'ਤੇ ਹੋਈ, ਜੱਲਾਦ ਨੇ ਜੇਲ੍ਹ ਅਧਿਕਾਰੀਆਂ ਦੇ ਹੁਕਮ ਨੂੰ ਤਾਮੀਲ 'ਚ ਲਿਆਂਦਾ। ਦੋਵਾਂ ਸੂਰਮਿਆਂ ਦੇ ਪੈਰਾਂ ਹੇਠੋਂ ਫ਼ਾਂਸੀ ਵਾਲਾ ਫੱਟਾ ਖਿੱਚ ਦਿੱਤਾ।

ਖ਼ਾਲਸਾ ਪੰਥ ਦੀ ਆਨ ਤੇ ਸ਼ਾਨ ਬਣੇ ਦੋਵੇਂ ਸੂਰਮੇ ਸ. ਸਤਵੰਤ ਸਿੰਘ ਤੇ ਕਿਹਰ ਸਿੰਘ ਸਿੱਖ ਕੌਮ ਦੀ ਪੱਗ ਦੀ ਲਾਜ ਰੱਖਣ ਵਾਲੇ ਫ਼ਾਂਸੀ ਦੇ ਰੱਸੇ 'ਤੇ ਝੂਲ ਗਏ। ਕੁਝ ਚਿਰ ਪਹਿਲਾਂ ਰੁਕੀ ਬਾਰਸ਼, ਅੱਠ ਵਜੇ ਬੇਹੱਦ ਮੋਹਲੇਧਾਰ ਹੋ ਗਈ। ਕੁਦਰਤ ਸਤਵੰਤ ਸਿੰਘ, ਕਿਹਰ ਸਿੰਘ 'ਤੇ ਪਿਆਰ ਦੇ ਹੰਝੂ ਵਹਾ ਕੇ ਸ਼ਰਧਾ ਦੇ ਫੁੱਲ ਭੇਟ ਕਰ ਰਹੀ ਸੀ ਅਤੇ ਸਮੁੱਚੀ ਸਿੱਖ ਕੌਮ ਵੀ ਆਪਣੀਆਂ ਅੱਖਾਂ 'ਚੋਂ ਪਿਆਰ ਦੇ ਹੰਝੂ ਵਹਾ ਕੇ ਸੂਰਮਿਆਂ ਦੀ ਕੁਰਬਾਨੀ ਨੂੰ ਸਿਜਦਾ ਕਰ ਰਹੀ ਸੀ।

ਸ. ਸਤਵੰਤ ਸਿੰਘ ਤੇ ਕਿਹਰ ਸਿੰਘ ਦਾ ਪਰਿਵਾਰ ਦੋਵਾਂ ਸਿੰਘਾਂ ਨੂੰ ਫ਼ਾਂਸੀ ਦੇਣ ਤੇ ਸ਼ਹੀਦੀ ਨੂੰ ਹਕੂਮਤ ਦੀ ਜ਼ਿਦ ਪੁਗਾਉਣ ਦੀ ਨੀਤੀ ਨੂੰ ਸਮਝ ਗਿਆ ਸੀ। 6 ਜਨਵਰੀ 1989 ਨੂੰ ਠੀਕ ਅੱਠ ਵਜੇ ਦੋਵੇਂ ਸੂਰਮੇ ਫ਼ਾਂਸੀ ਦੇ ਰੱਸੇ 'ਤੇ ਝੂਲ ਰਹੇ ਸਨ। ਹੁਣ ਤਾਂ ਸਿਰਫ਼ ਸਕੇ ਸੰਬੰਧੀਆਂ ਦਾ ਇਕੋ ਖ਼ਾਸ ਤੇ ਕਾਨੂੰਨੀ ਹੱਕ ਰਹਿ ਗਿਆ ਸੀ ਕਿ ਆਪਣੇ ਪਿਆਰਿਆਂ ਦੀਆਂ ਮਿਰਤਕ ਦੇਹਾਂ (ਲਾਸ਼ਾਂ) ਦੀ ਪ੍ਰਾਪਤੀ, ਤਾਂ ਜੋ ਆਪਣੇ ਪਿੰਡ ਲਿਜਾ ਕੇ ਮਿਰਤਕ ਦੇਹਾਂ ਦਾ ਆਪਣੇ ਧਾਰਮਿਕ ਸੰਸਕਾਰਾਂ ਅਨੁਸਾਰ ਅੰਤਿਮ ਸੰਸਕਾਰ ਕਰ ਸਕਣ।

ਸਰਦਾਰ ਕਿਹਰ ਸਿੰਘ ਦਾ ਵੱਡਾ ਸਪੁੱਤਰ ਸ. ਰਜਿੰਦਰ ਸਿੰਘ ਤੇ ਉਸ ਦੀ ਮਾਤਾ ਜਸਬੀਰ ਕੌਰ, ਭੂਆ ਕੁਲਵੰਤ ਕੌਰ ਤੇ ਹੋਰ ਨਜ਼ਦੀਕੀ ਰਿਸ਼ਤੇਦਾਰ ਧੀਆਂ, ਪੁੱਤਰ, ਕਿਹਰ ਸਿੰਘ ਦੀ ਸ਼ਹੀਦੀ ਦੇਹ ਜੇਲ੍ਹ ਅਧਿਕਾਰੀਆਂ ਤੋਂ ਪ੍ਰਾਪਤ ਕਰ ਕੇ ਆਪਣੇ ਜੱਦੀ ਪਿੰਡ ਮੁਸਤਫ਼ਾਬਾਦ (ਜ਼ਿਲਾ ਪਟਿਆਲਾ) ਲਿਜਾ ਕੇ ਅੰਤਮ ਸੰਸਕਾਰ ਕਰਨ ਦੀ ਤਿਆਰੀ ਦੀ ਉਡੀਕ ਵਿਚ ਸਨ। ਸ. ਸਤਵੰਤ ਸਿੰਘ ਦੇ ਪਿਤਾ ਬਾਪੂ ਤਰਲੋਕ ਸਿੰਘ ਜੀ ਵੀ ਇਸੇ ਉਡੀਕ ਵਿਚ ਹੀ ਸਨ, ਪਰ ਕਹਿ ਰਹੇ ਸਨ, ਇਹਨਾਂ ਕਾਲੇ ਹਾਕਮਾਂ ਨੇ ਸਾਡੀ ਇਹ ਆਸ ਪੂਰੀ ਨਹੀਂ ਹੋਣ ਦੇਣੀ। ਇਹ ਕਾਲੇ ਹਾਕਮ ਉਸੇ ਤਰ੍ਹਾਂ ਸਾਡੇ ਨਾਲ ਪੇਸ਼ ਆ ਰਹੇ ਹਨ, ਜਿਵੇਂ ਗੋਰੇ ਫ਼ਿਰੰਗੀ ਹਾਕਮਾਂ ਨੇ ਸ. ਭਗਤ

ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸ਼ਹਾਦਤ ਵੇਲੇ ਮਿਰਤਕ ਸ਼ਹੀਦੀ ਦੇਹਾਂ ਨਾਲ ਕੀਤਾ ਸੀ।

ਸ. ਰਜਿੰਦਰ ਸਿੰਘ ਪੁਲਿਸ ਅਧਿਕਾਰੀਆਂ ਨਾਲ, ਜਿਨ੍ਹਾਂ ਦੋਵਾਂ ਪਰਿਵਾਰਾਂ ਨੂੰ ਜੇਲ੍ਹ ਤੋਂ ਦੂਰ ਹੀ ਸਖ਼ਤ ਪਹਿਰੇ ਹੇਠ, ਵਰ੍ਹਦੇ ਮੀਂਹ 'ਚ ਸਾਰੀ ਰਾਤ ਤੋਂ ਹੀ ਘੇਰ ਰੱਖਿਆ ਸੀ, ਨਾਲ ਬਹਿਸ ਰਿਹਾ ਸੀ ਕਿ ''ਹੁਣ ਤਾਂ ਸਾਢੇ ਅੱਠ ਵਜ ਗਏ ਹਨ, ਹੁਣ ਤਾਂ ਫ਼ਾਂਸੀ ਦੇ ਫੰਦੇ ਤੋਂ ਸਤਵੰਤ ਸਿੰਘ ਤੇ ਕਿਹਰ ਸਿੰਘ ਦੀਆਂ ਲਾਸ਼ਾਂ ਲਾਹ ਲਈਆਂ ਗਈਆਂ ਹੋਣਗੀਆਂ। ਸਾਨੂੰ ਜੇਲ੍ਹ ਅੰਦਰ ਜਾਣ ਤੋਂ ਕਿਉਂ ਰੋਕ ਰਹੇ ਹੋ?'' ਪੁਲਿਸ ਅਧਿਕਾਰੀ ਕਹਿ ਰਹੇ ਸਨ ਕਿ ਊਪਰ ਸੇ ਹੁਕਮ ਹੈ। ਸ. ਰਜਿੰਦਰ ਸਿੰਘ ਕਹਿ ਰਿਹਾ ਸੀ ਕਿ ਕੱਲ੍ਹ 5 ਜਨਵਰੀ ਨੂੰ ਮੈਂ ਜੇਲ੍ਹ ਸੁਪਰਡੈਂਟ ਨੂੰ ਮਿਲਿਆ ਸੀ, ਉਸ ਨੇ ਮੈਨੂੰ ਕਿਹਾ ਸੀ ਕਿ ਕੱਲ੍ਹ ਠੀਕ ਸਾਢੇ ਅੱਠ ਵਜੇ ਦੇ ਕਰੀਬ ਮੇਰੇ ਦਫ਼ਤਰ ਆ ਜਾਣਾ, ਕਾਨੂੰਨੀ ਕਾਰਵਾਈ ਪਾ ਕੇ ਤੁਹਾਡੀ ਅਮਾਨਤ ਸਤਵੰਤ ਸਿੰਘ ਤੇ ਕਿਹਰ ਸਿੰਘ ਦੇ ਮਿਰਤਕ ਸਰੀਰ ਆ ਕੇ ਲੈ ਜਾਣੇ। ਪੁਲਿਸ ਅਧਿਕਾਰੀ ਨੇ ਪੁਲਿਸ ਕਰਮਚਾਰੀਆਂ ਨੂੰ ਹੁਕਮ ਦਿੱਤਾ ਕਿ ਇਸ (ਰਜਿੰਦਰ ਸਿੰਘ) ਕੋ ਗਾਡੀ ਮੇਂ ਡਾਲੋ ਔਰ ਥਾਨੇ ਲਿਜਾ ਕੇ ਬੰਦ ਕਰ ਦੋ। ਪੁਲਿਸ ਨੇ ਰਜਿੰਦਰ ਸਿੰਘ ਨੂੰ ਪੁਲਿਸ ਦੀ ਗੱਡੀ ਵਿਚ ਸੁੱਟ ਲਿਆ ਤੇ ਨੇੜਲੇ ਥਾਣੇ (ਹਰੀ ਨਗਰ) ਲੈ ਗਏ। ਉਥੇ ਉਸ ਨੂੰ ਉਸ ਦੇ ਆਪਣੇ ਭਾਈਚਾਰੇ (ਜੁਲਾਹੇ ਸਿੰਘ ਬਰਾਦਰੀ) ਦਾ ਵੱਡਾ ਪੁਲਿਸ ਅਫ਼ਸਰ ਡਿਪਟੀ ਪੁਲਿਸ ਕਮਿਸ਼ਨਰ ਕਰਨੈਲ ਸਿੰਘ ਮਿਲਿਆ, ਜਿਸ ਨੇ ਹਮਦਰਦੀ ਨਾਲ ਕਿਹਾ ਕਿ ਭਲਿਆ ਲੋਕਾ, ਕੀ ਕਰਦੈਂ ਇਥੇ ਖੜਾ? ਤੂੰ ਪਿਤਾ ਦੀ ਲਾਸ਼ ਭਾਲਦਾਂ, ਹਕੂਮਤ ਨੇ ਤੈਨੂੰ ਅਸਥੀਆਂ ਵੀ ਨਹੀਂ ਦੇਣੀਆਂ। ਸਰਕਾਰ ਅੱਜ ਹੀ ਸਤਵੰਤ ਸਿੰਘ, ਕਿਹਰ ਸਿੰਘ ਦੀਆਂ ਅਸਥੀਆਂ ਜਲ-ਪ੍ਰਵਾਹ ਕਰਨ ਦੀ ਮੁਕੰਮਲ ਤਿਆਰੀ ਕਰੀ ਬੈਠੀ ਹੈ। ਜਾ, ਜਾ ਕੇ ਕੋਈ ਕਾਨੂੰਨੀ ਚਾਰਾਜੋਈ ਕਰ।

ਇਹ ਗੱਲ ਸੁਣਦਿਆਂ ਰਜਿੰਦਰ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਸ. ਰਜਿੰਦਰ ਸਿੰਘ ਨੇ ਪੁਲਿਸ ਅਫ਼ਸਰ ਦੀ ਨੇਕ ਸਲਾਹ ਤੇ ਹਰੀ ਨਗਰ ਥਾਣੇ ਵਿਚੋਂ ਨਿਕਲ ਕੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਤੇ ਆਖ਼ਰੀ ਅਮਾਨਤ ਪਿਤਾ ਦੀਆਂ ਅਸਥੀਆਂ ਪ੍ਰਾਪਤ ਕਰਨ ਲਈ ਸੁਪਰੀਮ ਕੋਰਟ ਪਹੁੰਚਣ ਦਾ ਇਰਾਦਾ ਬਣਾਇਆ।

ਉਧਰ ਸਤਵੰਤ ਸਿੰਘ ਦੇ ਪਿਤਾ ਨੂੰ ਦਿੱਲੀ ਪੁਲਿਸ ਨੇ ਗੁਰਦੁਆਰਾ ਸੀਸ ਗੰਜ ਅੰਦਰ ਘੇਰਿਆ ਹੋਇਆ ਸੀ। ਜਦੋਂ ਰਜਿੰਦਰ ਸਿੰਘ ਨੇ ਸਾਰੀ

ਵਾਰਤਾ ਦੱਸੀ ਤੇ ਪੁਲਿਸ ਤੋਂ ਅੱਖ ਬਚਾ ਕੇ ਬਾਪੂ ਤਰਲੋਕ ਸਿੰਘ ਤੇ ਰਜਿੰਦਰ ਸਿੰਘ ਕਾਲੇ ਸ਼ੀਸ਼ਿਆਂ ਵਾਲੀ ਕਾਰ 'ਚ ਬੈਠ ਕੇ ਲਾਜਵੰਤੀ ਚੌਂਕ ਪਹੁੰਚ ਗਏ। ਜਿਥੇ ਸਤਵੰਤ ਸਿੰਘ ਦੇ ਪਰਿਵਾਰ ਦੇ ਦੂਜੇ ਮੈਂਬਰਾਂ ਨੂੰ ਘੇਰੇ 'ਚ ਲਿਆ ਹੋਇਆ ਸੀ। ਬਾਪੂ ਤਰਲੋਕ ਸਿੰਘ ਤੇ ਰਜਿੰਦਰ ਸਿੰਘ ਦੋਵੇਂ ਵਕੀਲ ਸ. ਰੁਪਿੰਦਰ ਸਿੰਘ ਸੋਢੀ ਕੋਲ ਪਹੁੰਚ, ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਣ ਦਾ ਫ਼ੈਸਲਾ ਕੀਤਾ।

ਸੁਪਰੀਮ ਕੋਰਟ 'ਚ ਸ. ਰੁਪਿੰਦਰ ਸਿੰਘ ਸੋਢੀ ਵਕੀਲ ਨੇ ਬਾਪੂ ਤਰਲੋਕ ਸਿੰਘ ਤੇ ਰਜਿੰਦਰ ਸਿੰਘ ਵੱਲੋਂ ਸ. ਸਤਵੰਤ ਸਿੰਘ ਤੇ ਕਿਹਰ ਸਿੰਘ ਦੀਆਂ ਅਸਥੀਆਂ ਲੈਣ ਦੀ ਅਰਜ਼ੀ ਦਾਖ਼ਲ ਕੀਤੀ। ਸੁਪਰੀਮ ਕੋਰਟ ਭਾਰਤ ਦੇ ਸਭ ਤੋਂ ਉੱਚੇ ਨਿਆਂ ਮੰਦਰ 'ਚੋਂ ਸਿੱਖ ਕੌਮ ਦੇ ਪੱਲੇ ਨਿਰਾਸ਼ਾ ਹੀ ਪੈ ਰਹੀ ਸੀ। ਜੱਜ ਹਰ ਫ਼ੈਸਲਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੋਂ ਪੁੱਛ ਕੇ ਹੀ ਦੇ ਰਹੇ ਸਨ। ਪ੍ਰਧਾਨ ਮੰਤਰੀ ਦੀ ਮਾਂ ਦੇ ਕਤਲ ਦਾ ਮਾਮਲਾ ਸੀ, ਜੱਜ ਵੀ ਕੀ ਕਰਦੇ?

ਸੁਪਰੀਮ ਕੋਰਟ ਦੇ ਜੱਜਾਂ ਸਾਹਮਣੇ ਭਾਵੁਕਤਾ ਭਰੇ ਲਹਿਜ਼ੇ ਵਿਚ ਸ. ਰਜਿੰਦਰ ਸਿੰਘ ਸੱਚ ਹੀ ਕਹਿ ਰਿਹਾ ਸੀ। ਸਿੰਘਾਂ ਨੇ ਪ੍ਰਧਾਨ ਮੰਤਰੀ ਦੀ ਮਾਂ ਦਾ ਕਤਲ ਕੀਤਾ, ਰਾਜੀਵ ਗਾਂਧੀ ਬੇਅੰਤ ਸਿੰਘ, ਸਤਵੰਤ ਸਿੰਘ ਤੇ ਕਿਹਰ ਸਿੰਘ ਤਾਂ ਕੀ ਸਾਰੀ ਸਿੱਖ ਕੌਮ ਨੂੰ ਖ਼ਤਮ ਕਰ ਕੇ ਬਦਲਾ ਲੈਣ ਦੇ ਹੱਕ 'ਚ ਹੈ।

ਉਹ ਸੁਪਰੀਮ ਕੋਰਟ ਦੇ ਜੱਜਾਂ ਦੇ ਰਵੱਈਏ ਤੋਂ ਦੁਖੀ ਹੋ ਕੇ ਕਹਿ ਰਿਹਾ ਸੀ, ਇੰਦਰਾ ਗਾਂਧੀ ਕਤਲ ਕੇਸ ਦੇ ਮੁਜਰਮਾਂ ਨਾਲ ਦੁਸ਼ਮਣੀ ਰੱਖਣ ਦੀ ਸਰਕਾਰ ਦੀ ਨੀਤੀ ਦੀ ਸਮਝ ਆਉਂਦੀ ਹੈ, ਪਰ ਸ਼ਹੀਦਾਂ ਦੀਆਂ ਮਿਰਤਕ ਦੇਹਾਂ ਨਾਲ ਸਰਕਾਰ ਦੀ ਦੁਸ਼ਮਣੀ ਰੱਖਣੀ ਸਮਝ ਨਹੀਂ ਆਉਂਦੀ।

ਸੁਪਰੀਮ ਕੋਰਟ ਦੇ ਜੱਜਾਂ ਫ਼ੈਸਲਾ ਇਹ ਦਿੱਤਾ ਕਿ ਸਤਵੰਤ ਸਿੰਘ, ਕਿਹਰ ਸਿੰਘ ਦੇ ਪਰਿਵਾਰਕ ਵਾਰਸ, ਜੇਲ੍ਹ ਅਧਿਕਾਰੀਆਂ ਨਾਲ ਗੱਲਬਾਤ ਰਾਹੀਂ ਅਸਥੀਆਂ ਪ੍ਰਾਪਤ ਕਰਨ ਦਾ ਮਸਲਾ ਹੱਲ ਕਰ ਲੈਣ ਅਤੇ ਸਾਂਝੀ ਨੀਤੀ ਅਖ਼ਤਿਆਰ ਕਰ ਕੇ ਇਕੱਠੇ ਜਲ-ਪ੍ਰਵਾਹ ਕਰਨ ਲਈ ਸਮਾਂ ਅਸਥਾਨ ਤੈਅ ਕਰਨ ਲਈ ਰਜ਼ਾਮੰਦ ਹੋਣ।

17

6 ਜਨਵਰੀ 1989 ਦੀ ਸਵੇਰ, ਸਿੱਖ ਕੌਮ ਲਈ ਭਾਵਨਾਵਾਂ ਦੀ ਡੂੰਘੀ ਸਾਂਝ ਤੇ ਸਿੱਖ ਕੌਮ ਦੀ ਆਨ ਤੇ ਸ਼ਾਨ ਬਣ ਚੁੱਕੇ, ਮਹਾਨ ਯੋਧੇ ਭਾਈ ਸਤਵੰਤ ਸਿੰਘ, ਕਿਹਰ ਸਿੰਘ ਦੀ ਸ਼ਹਾਦਤ, ਫ਼ਾਂਸੀ ਦਿੱਤੇ ਜਾਣ ਕਾਰਨ ਅਸਹਿ ਦੁਖਦਾਈ ਸੀ। ਸਮੁੱਚੀ ਸਿੱਖ ਕੌਮ ਨੇ ਦੁਨੀਆਂ ਭਰ ਵਿਚ 6 ਜਨਵਰੀ 1989 ਦੀ ਸਵੇਰ ਨੂੰ ਚੁੱਲ੍ਹਿਆਂ 'ਚ ਅੱਗ ਨਹੀਂ ਸੀ ਬਾਲੀ, ਸਾਰੀ ਰਾਤ ਮੋਹਲੇਧਾਰ ਬਾਰਸ਼ ਹੁੰਦੀ ਰਹੀ। ਸਿੱਖ ਹਿਰਦਿਆਂ ਨੂੰ ਅੱਖਾਂ 'ਚ ਨੀਂਦ ਨਸੀਬ ਨਹੀਂ ਸੀ ਹੋਈ। ਸਾਰੀ ਰਾਤ ਉੱਸਲਵੱਟੇ ਲੈਂਦਿਆਂ ਹੀ ਲੰਘੀ ਸੀ। ਦਿਨ ਚੜ੍ਹਦਿਆਂ ਗੁਰਦੁਆਰਿਆਂ ਦੇ ਭਾਈ ਸਪੀਕਰਾਂ 'ਤੇ ਦਿਨ, ਵਾਰ ਤਰੀਕ ਦੱਸ ਕੇ ਅੰਮ੍ਰਿਤ ਵੇਲੇ ਪਰਮਾਤਮਾ ਅਕਾਲ ਪੁਰਖ ਵਾਹਿਗੁਰੂ ਨਾਮ ਨਾਲ ਜੁੜਨ ਦਾ ਉਪਦੇਸ਼ ਦੇ ਕੇ, ਗੁਰਬਾਣੀ ਨਿੱਤਨੇਮ ਸ਼ੁਰੂ ਕਰ ਦਿੱਤੇ। ਲੋਕਾਈ ਹੌਲੀ ਹੌਲੀ ਘਰਾਂ ਤੋਂ ਬਾਹਰ ਜਾਣ ਲਈ ਨਿਕਲੀ, ਰਾਤ ਹਿੰਦੁਸਤਾਨ ਦੀ ਕੇਂਦਰੀ ਫ਼ੋਰਸ ਦੀਆਂ ਗੱਡੀਆਂ-ਟਰੱਕਾਂ ਦੀਆਂ ਸੜਕਾਂ ਗਲੀਆਂ ਵਿਚ ਘੁੰਮਣ ਦੀਆਂ ਆਵਾਜ਼ਾਂ ਤਾਂ ਸੁਣਦੀਆਂ ਹੀ ਰਹੀਆਂ ਸਨ, ਦਿਨ ਚੜ੍ਹੇ ਗਲੀਆਂ, ਮੁਹੱਲਿਆਂ, ਮੋੜਾਂ, ਚੌਕਾਂ, ਪੁਲਾਂ 'ਤੇ ਆਜ਼ਾਦ ਭਾਰਤ ਦੀਆਂ ਹਥਿਆਰਬੰਦ ਫ਼ੋਰਸਾਂ ਦੇ ਗ਼ੁਲਾਮ ਸਿੱਖ ਕੌਮ ਨੂੰ ਦਰਸ਼ਨ ਹੋਏ, ਜਿਸ ਤੋਂ ਸਮਝ ਪੈਂਦੀ ਸੀ ਕਿ ਆਜ਼ਾਦ ਭਾਰਤ ਦੇ ਗ਼ੁਲਾਮ ਸਿੱਖੋ, ਵੇਖ ਲਿਆ ਅਣਖ ਗੈਰਤ ਨਾਲ ਜਿਊਣ ਦਾ ਮਜ਼ਾ। ਪਹਿਲਾਂ 31 ਅਕਤੂਬਰ 1984 ਵਿਚ ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਨਵੰਬਰ 1984 ਦੇ ਦਿੱਲੀ ਤੇ ਹੋਰ ਸ਼ਹਿਰਾਂ 'ਚ ਕਤਲੇਆਮ (ਸਿੱਖਾਂ ਦੀ ਨਸਲਕੁਸ਼ੀ) ਅਤੇ ਸਤਵੰਤ ਸਿੰਘ, ਕਿਹਰ ਸਿੰਘ ਦਾ ਫ਼ਾਂਸੀ ਦੇਣ ਦਾ ਹਸ਼ਰ। ਖ਼ਬਰਦਾਰ, ਗ਼ੁਲਾਮ ਸਿੱਖੋ, ਅਸੀਂ ਤੁਹਾਡੀ ਨਿਗਰਾਨੀ ਲਈ ਆਏ ਹਾਂ। ਛੋਟੇ ਛੋਟੇ ਬੱਚੇ ਰੋਣ ਲੱਗੇ, ਆਖ਼ਰ ਸਿੱਖ ਮਾਵਾਂ ਨੂੰ ਸਹਿਮੇ ਮਨ ਨਾਲ ਵੱਡਾ ਜੇਰਾ ਕਰ ਕੇ ਚੁਲ੍ਹੇ ਅੱਗ ਬਾਲ ਪੇਟ ਭਰਨ ਲਈ ਆਹਰ ਪਾਹਰ ਕਰਨਾ ਹੀ ਪਿਆ।

ਉਧਰ ਦਿੱਲੀ ਦੀ ਤਿਹਾੜ ਜੇਲ੍ਹ ਅੰਦਰ ਸਿੱਖ ਕੌਮ ਦੇ ਦਿਲਾਂ ਦੀ

ਧੜਕਣ ਭਾਈ ਸਤਵੰਤ ਸਿੰਘ, ਕਿਹਰ ਸਿੰਘ ਦੀ ਸ਼ਹਾਦਤ ਦਾ ਖੁਰਾ ਖੋਜ ਮਿਟਾਉਣ ਲਈ ਜੇਲ੍ਹ ਅੰਦਰ ਹੀ ਮੁਕੰਮਲ ਤਿਆਰੀ ਅਤੇ ਹਠ ਕਰੀ ਬੈਠੇ ਹਾਕਮ, ਵਿਦੇਸ਼ੀ ਗੋਰੇ ਫ਼ਿਰੰਗੀਆਂ ਦੀਆਂ ਕਾਲੀਆਂ ਨੀਤੀਆਂ ਨੂੰ ਵੀ ਮਾਤ ਪਾਉਣ 'ਚ ਲੱਗੇ ਹੋਏ ਸਨ। ਜ਼ੋਰਦਾਰ ਹੋ ਰਹੀ ਭਾਰੀ ਵਰਖਾ ਦੇ ਮੱਦੇਨਜ਼ਰ ਜੇਲ੍ਹ ਅਧਿਕਾਰੀਆਂ ਨੇ ਲੋਹੇ ਦੇ ਚੈਨਲਾਂ ਦੀਆਂ ਬੁਰਜੀਆਂ ਬਣਾ ਕੇ ਲੋਹੇ ਦੀਆਂ ਟੀਨਾਂ ਦਾ ਢਾਲਦਾਰ ਸ਼ਮਸ਼ਾਨ ਘਾਟ ਜੇਲ੍ਹ ਦੇ ਅੰਦਰ ਹੀ ਤਿਆਰ ਕਰ ਰੱਖਿਆ ਸੀ। ਨੌਂ ਵਜੇ (6 ਜਨਵਰੀ 1989) ਤਕ ਜੇਲ੍ਹ ਅਧਿਕਾਰੀਆਂ ਤਿਹਾੜ ਜੇਲ੍ਹ ਅੰਦਰ ਢਲਾਣ ਵਾਲੇ ਲੋਹੇ ਦੇ ਛੱਪਰੀ ਨੁਮਾ ਢਾਂਚੇ ਦੇ ਹੇਠਾਂ ਦੋ ਚਿਖਾ ਲੱਕੜਾਂ ਚਿਣ ਕੇ ਤਿਆਰ ਕਰ ਲਈਆਂ ਸਨ। ਜੇਲ੍ਹ ਅਧਿਕਾਰੀਆਂ ਨੇ ਦਿੱਲੀ ਪੁਲਿਸ ਲਾਈਨ ਦੇ ਗੁਰਦੁਆਰੇ ਦੇ ਗ੍ਰੰਥੀ, ਜੋ ਪੁਲਿਸ ਦਾ ਮੁਲਾਜ਼ਮ ਹੀ ਹੈ ਅਤੇ ਸਤਵੰਤ ਸਿੰਘ ਦੇ ਪਿੰਡ ਅਗਵਾਨ ਦੇ ਇਲਾਕੇ ਪਿੰਡ ਮਾਲੂਨੰਗਲ ਦਾ ਹੈ। ਉਸ ਨੂੰ ਸੰਸਕਾਰ ਦੀ ਅੰਤਿਮ ਅਰਦਾਸ ਅਤੇ ਧਾਰਮਿਕ ਜ਼ਿੰਮੇਵਾਰੀਆਂ ਨਿਭਾਉਣ ਲਈ ਲਿਆਂਦਾ। ਜਦੋਂ ਦਿਲੀ ਪੁਲਿਸ ਲਾਈਨ ਦੇ ਗੁਰਦੁਆਰੇ ਦਾ ਗ੍ਰੰਥੀ ਆਇਆ ਤਾਂ ਭਾਰੀ ਮੀਂਹ ਵਰ੍ਹ ਰਿਹਾ ਸੀ, ਜਦੋਂ ਜੇਲ੍ਹ ਅਧਿਕਾਰੀ ਅਮਲਾ-ਫੈਲਾ ਸ. ਸਤਵੰਤ ਸਿੰਘ ਤੇ ਸ. ਕਿਹਰ ਸਿੰਘ ਦੀਆਂ ਸ਼ਹੀਦੀ ਦੇਹਾਂ ਲੈ ਕੇ ਅੰਦਰੋਂ ਬਾਹਰ ਆਉਣ ਲੱਗੇ, ਵਰਖਾ ਇਕ ਦਮ ਰੁਕ ਗਈ। ਸਤਵੰਤ ਸਿੰਘ, ਕਿਹਰ ਸਿੰਘ ਦੀਆਂ ਸ਼ਹੀਦੀ ਦੇਹਾਂ ਜੇਲ੍ਹ ਅੰਦਰ ਬਣੀ ਚਿਖਾ ਦੇ ਨੇੜੇ ਲਿਆ ਕੇ ਰੱਖੀਆਂ ਗਈਆਂ। ਤਿਹਾੜ ਜੇਲ੍ਹ ਅੰਦਰ ਬੰਦੀ ਕੈਦੀਆਂ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਆਕਾਸ਼ ਗੁੰਜਾਊ ਜੈਕਾਰੇ ਗਜਾਉਣੇ ਸ਼ੁਰੂ ਕਰ ਦਿੱਤੇ, ਸਮੂਹ ਬੰਦੀ ਆਪਣੇ ਦਿਲਾਂ ਅੰਦਰ ਸਤਵੰਤ ਸਿੰਘ, ਕਿਹਰ ਸਿੰਘ ਪ੍ਰਤੀ ਅਥਾਹ ਪਿਆਰ ਹਮਦਰਦੀ ਦਾ ਪ੍ਰਗਟਾਵਾ ਅਤੇ ਸ਼ਰਧਾ ਦੇ ਫੁੱਲ ਭੇਟ ਕਰ ਕੇ ਹਿੰਦੁਸਤਾਨ ਦੇ ਕਾਲੇ ਹਾਕਮਾਂ ਦੀਆਂ ਕਾਲੀਆਂ ਨੀਤੀਆਂ ਨੂੰ ਲਾਹਨਤਾਂ ਪਾ ਰਹੇ ਸਨ। ਪਰ ਸਾਰੇ ਬੱਬਰ ਸ਼ੇਰ ਜੇਲ੍ਹ ਦੀਆਂ ਸਲਾਖ਼ਾਂ 'ਚ ਬੰਦ ਬੇਵੱਸ ਸਨ।

ਮਾਲੂ ਨੰਗਲ ਵਾਲੇ ਗ੍ਰੰਥੀ ਸਿੰਘ ਨੇ ਚਾਦਰਾਂ ਵਿਚ ਲਪੇਟੀਆਂ ਦੋਹਾਂ ਸ਼ਹੀਦੀ ਦੇਹਾਂ ਦੇ ਮੂੰਹਾਂ ਤੋਂ ਚਾਦਰਾਂ ਪਾਸੇ ਕਰ ਕੇ ਦਰਸ਼ਨ ਕੀਤੇ। ਸਤਵੰਤ ਸਿੰਘ, ਕਿਹਰ ਸਿੰਘ ਦੇ ਸ਼ਹੀਦੀ ਚਿਹਰੇ ਇਸ ਤਰ੍ਹਾਂ ਲਾਲੀ ਨਾਲ ਭਖ ਰਹੇ ਸਨ, ਜਿਵੇਂ ਹੁਣੇ ਬੇ-ਪ੍ਰਵਾਹ ਗੂੜ੍ਹੀ ਨੀਂਦ 'ਚ ਸੁੱਤੇ ਹੋਣ। ਗ੍ਰੰਥੀ ਸਿੰਘ ਨੇ ਸਿੱਖ ਧਰਮ ਦੀ ਰਹਿਤ ਮਰਿਯਾਦਾ ਅਨੁਸਾਰ ਸ਼ਹੀਦ ਸਤਵੰਤ ਸਿੰਘ, ਸ਼ਹੀਦ ਕਿਹਰ ਸਿੰਘ ਦੇ ਅੰਤਿਮ ਸੰਸਕਾਰ ਦੀ ਦਸ ਪਾਤਿਸ਼ਾਹੀਆਂ, ਸ੍ਰੀ

ਗੁਰੂ ਗ੍ਰੰਥ ਸਾਹਿਬ ਜੀ, ਸ਼ਹੀਦਾਂ-ਮੁਰੀਦਾਂ ਨੂੰ ਯਾਦ ਕਰ ਕੇ ਸੱਚੇ ਪਾਤਿਸ਼ਾਹ ਅਕਾਲ ਪੁਰਖ ਵਾਹਿਗੁਰੂ ਦੇ ਚਰਨਾਂ 'ਚ ਅਰਦਾਸ ਬੇਨਤੀ ਕੀਤੀ, ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਧਰਤੀ 'ਤੇ ਨਿਉਂ ਕੇ ਪ੍ਰਣਾਮ ਕੀਤਾ। ਉਪਰੰਤ ਦੋਹਰਾ 'ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ' ਪੜ੍ਹਿਆ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਤਾਂ ਤਿਹਾੜ ਜੇਲ੍ਹ ਗੂੰਜ ਉੱਠੀ। ਸ਼ਹੀਦ ਸਤਵੰਤ ਸਿੰਘ, ਸ਼ਹੀਦ ਕਿਹਰ ਸਿੰਘ ਦੀਆਂ ਸ਼ਹੀਦੀ ਦੇਹਾਂ ਨੂੰ ਲੱਕੜਾਂ ਦੀ ਚਿਖਾ ਉਪਰ ਰੱਖਿਆ। ਗ੍ਰੰਥੀ ਸਿੰਘ ਨੇ 'ਸਤਿਨਾਮ ਵਾਹਿਗੁਰੂ, ਸਤਿਨਾਮ ਵਾਹਿਗੁਰੂ' ਦਾ ਜਾਪ ਕਰਦਿਆਂ ਦੋਹਾਂ ਸ਼ਹੀਦੀ ਚਿਖਾਂ ਨੂੰ ਅਗਨੀ ਭੇਟ ਕੀਤਾ। ਦੋਹਾਂ ਸਿੰਘਾਂ ਦੀਆਂ ਚਿਖਾਂ ਲਟ-ਲਟ ਬਲ ਉੱਠੀਆਂ। ਗ੍ਰੰਥੀ ਸਿੰਘ ਨੇ ਖ਼ਾਲਸਾਈ ਰਵਾਇਤਾਂ ਦੀ ਪਾਲਣਾ ਕਰਦਿਆਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਦੋ ਜੈਕਾਰੇ ਗਜਾਏ। ਜਵਾਬ ਵਿਚ ਤਿਹਾੜ ਜੇਲ੍ਹ ਦੇ ਕੈਦੀਆਂ ਨੇ ਵੀ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਏ। ਗ੍ਰੰਥੀ ਸਿੰਘ ਦੇ 'ਬੋਲੇ ਸੋ ਨਿਹਾਲ' ਕਹਿਣ 'ਤੇ ਅਸਮਾਨ ਵਿਚੋਂ ਦੋ ਵਾਰ ਬੱਦਲ ਤੇ ਬਿਜਲੀ ਗਰਜ ਪਏ ਤੇ ਨਾਲ ਹੀ ਮੋਹਲੇਧਾਰ ਮੀਂਹ ਪੈਣਾ ਸ਼ੁਰੂ ਹੋ ਗਿਆ।

ਜੇਲ੍ਹ ਅਧਿਕਾਰੀ ਤੇ ਗ੍ਰੰਥੀ ਸਿੰਘ ਵੀ ਮੀਂਹ ਤੋਂ ਆਪਣਾ ਬਚਾਅ ਕਰਨ ਲਈ ਜੇਲ੍ਹ ਦੇ ਕਮਰਿਆਂ ਦੇ ਬਰਾਂਡਿਆਂ ਵਿਚ ਚਲੇ ਗਏ।

ਹਾਕਮ ਸਤਵੰਤ ਸਿੰਘ, ਕਿਹਰ ਸਿੰਘ ਦਾ ਨਾਮੋ-ਨਿਸ਼ਾਨ ਮਿਟਾਉਣ ਲਈ ਹੱਦੋਂ ਵੱਧ ਤਤਪਰ ਸਨ। ਉਹਨਾਂ ਲੋੜੋਂ ਵੱਧ ਸੁੱਕੇ ਬਾਲਣ ਦੀ ਅੰਤਿਮ ਸੰਸਕਾਰ ਲਈ ਵਰਤੋਂ ਕੀਤੀ। ਸ਼ਹੀਦ ਸਤਵੰਤ ਸਿੰਘ, ਕਿਹਰ ਸਿੰਘ ਦੀਆਂ ਅਰੋਗ ਸ਼ਹੀਦੀ ਦੇਹਾਂ ਦਾ ਸਸਕਾਰ ਤਿੰਨ ਘੰਟੇ ਵਿਚ ਹੋ ਗਿਆ। ਪੰਜਾਬ, ਖ਼ਾਸ ਕਰ ਕੇ, ਸਿੱਖ ਭਾਈਚਾਰੇ 'ਚ ਮਿਰਤਕ ਸੰਸਕਾਰ ਤੋਂ ਬਾਅਦ ਤੀਜੇ ਦਿਨ ਫੁੱਲ-ਅਸਥੀਆਂ ਸੰਬੰਧੀ ਅੰਗੀਠਾ ਠੰਡਾ ਕਰ ਕੇ ਚੁਣਦੇ ਹਨ, ਪਰ ਇਥੇ ਤਾਂ ਹਾਕਮਾਂ ਦੇ ਕਾਲੇ ਦਿਲ ਕੰਬ ਰਹੇ ਸਨ, ਸ਼ਾਇਦ ਸੋਚਦੇ ਹੋਣ ਕਿ ਫ਼ਾਂਸੀ ਦੇ ਕੇ ਖ਼ਤਮ ਕੀਤੇ ਜਾ ਚੁੱਕੇ ਅਤੇ ਅਗਨ ਭੇਟ ਹੋ ਚੁੱਕੇ ਸਤਵੰਤ ਸਿੰਘ, ਕਿਹਰ ਸਿੰਘ ਦੁਬਾਰਾ ਜ਼ਿੰਦਾ ਨਾ ਹੋ ਜਾਣ। ਫਿਰ ਇਹਨਾਂ ਨੂੰ ਕਾਬੂ ਕਰਨਾ ਮੁਸ਼ਕਲ ਹੋ ਜਾਵੇਗਾ। ਬਲਦੇ ਅੰਗੀਠੇ ਨੂੰ ਪਾਣੀ ਨਾਲ ਬੁਝਾ ਕੇ ਠੰਡਾ ਕੀਤਾ ਗਿਆ। ਤਿਹਾੜ ਜੇਲ੍ਹ ਦੇ ਅਧਿਕਾਰੀਆਂ, ਮੁਲਾਜ਼ਮਾਂ ਅਤੇ (ਮਾਲੂ ਨੰਗਲ) ਦਿੱਲੀ ਪੁਲਿਸ ਲਾਈਨ ਗੁਰਦੁਆਰਾ ਦੇ ਗ੍ਰੰਥੀ ਸਿੰਘ ਨੇ ਭਾਈ ਸਤਵੰਤ ਸਿੰਘ, ਭਾਈ ਕਿਹਰ ਸਿੰਘ ਦੇ ਫੁੱਲ-ਅਸਥੀਆਂ ਚੁਣ ਕੇ ਸ[illegible]ੀ ਸੰਦੂਕੜੀਆਂ

'ਚ ਸੀਲ ਬੰਦ ਕਰ ਦਿੱਤੇ ਅਤੇ ਰਾਖ ਵੀ ਬੋਰੀਆਂ 'ਚ ਭਰ ਕੇ ਵਿਹਲੇ ਹੋ ਗਏ।

ਦੂਜੇ ਪਾਸੇ ਸ਼ਹੀਦ ਸਤਵੰਤ ਸਿੰਘ, ਕਿਹਰ ਸਿੰਘ ਦਾ ਪਰਿਵਾਰ ਸੁਪਰੀਮ ਕੋਰਟ ਵਿਚ ਠੋਕਰਾਂ-ਠੇਡੇ ਖਾ, ਹਾਰ-ਹੰਭ ਕੇ ਰਾਤ ਵੇਲੇ ਗੁਰਦੁਆਰਾ ਸੀਸ ਗੰਜ ਅੱਪੜਿਆ। ਰਾਤ ਲੰਘ ਗਈ। ਸਵੇਰੇ 7 ਜਨਵਰੀ 1989 ਦਾ ਦਿਨ ਚੜ੍ਹਿਆ, ਦਿੱਲੀ ਪੁਲਿਸ ਦੀਆਂ ਗੱਡੀਆਂ ਗੁਰਦੁਆਰਾ ਸੀਸ ਗੰਜ ਪਹੁੰਚ ਗਈਆਂ। ਸ਼ਹੀਦ ਸਤਵੰਤ ਸਿੰਘ ਦੇ ਪਿਤਾ ਬਾਪੂ ਤਰਲੋਕ ਸਿੰਘ ਜੀ ਮਾਤਾ ਪਿਆਰ ਕੌਰ ਜੀ ਅਤੇ ਸ਼ਹੀਦ ਕਿਹਰ ਸਿੰਘ ਦੀ ਸਿੰਘਣੀ ਬੀਬੀ ਜਸਬੀਰ ਕੌਰ ਜੀ, ਵੱਡੇ ਸਪੁੱਤਰ ਸ. ਰਜਿੰਦਰ ਸਿੰਘ ਜੀ ਨੂੰ ਜਬਰੀ ਪੁਲਿਸ ਦੀਆਂ ਜੀਪਾਂ ਵਿਚ ਬਿਠਾ ਕੇ ਅਣਦੱਸੀ ਥਾਂ ਵੱਲ ਲੈ ਤੁਰੇ। ਬਾਪੂ ਤਰਲੋਕ ਸਿੰਘ ਜੀ ਦੇ ਵਾਰ-ਵਾਰ ਪੁੱਛਣ 'ਤੇ ਵੀ ਪੁਲਿਸ ਅਧਿਕਾਰੀ ਨਹੀਂ ਸੀ ਦੱਸ ਰਹੇ ਕਿ ਤੁਹਾਨੂੰ ਕਿਥੇ ਲੈ ਕੇ ਚੱਲੇ ਹਾਂ। ਬਾਪੂ ਤਰਲੋਕ ਸਿੰਘ ਨੇ ਕਿਹਾ, ''ਪੁਲਿਸ ਵਾਲਿਓ, ਜੇ ਤੁਸੀਂ ਸਾਨੂੰ ਮਾਰਨਾ ਈ ਏ ਤਾਂ ਏਥੇ ਹੀ ਗੋਲੀ ਮਾਰ ਦਿਓ, ਬਹੁਤੀ ਦੂਰ ਜਾਣ ਦੀ ਕੀ ਲੋੜ ਆ।'' ਪੁਲਿਸ ਦਾ ਮੁਲਾਜ਼ਮ ਹੌਲੀ ਜਿਹੀ ਕਹਿੰਦਾ, ''ਬਾਪੂ ਜੀ, ਤੁਹਾਨੂੰ ਫੁੱਲ ਪਾਉਣ ਲਈ ਹਰਿਦੁਆਰ ਲੈ ਕੇ ਜਾਣਾ ਏ।'' ਬਾਪੂ ਕਹਿੰਦਾ, ''ਜੇ ਫੁੱਲ ਪਾਉਣ ਲੈ ਕੇ ਚੱਲੇ ਜੇ ਤਾਂ ਸਾਨੂੰ ਸਾਡੇ ਪੁੱਤਰਾਂ ਦੇ ਫੁੱਲ ਫੜਾਉ ਅਸੀਂ ਆਪਣੀ ਝੋਲੀ ਵਿਚ ਰੱਖ ਲਈਏ।'' ਪੁਲਿਸ ਵਾਲਾ ਕਹਿੰਦਾ, ''ਬਾਪੂ, ਸਤਵੰਤ ਸਿੰਘ, ਕਿਹਰ ਸਿੰਘ ਦੇ ਫੁੱਲ ਹੋਰ ਗੱਡੀ 'ਚ ਜੇਲ੍ਹ ਦੇ ਉੱਚ ਅਧਿਕਾਰੀ ਲੈ ਕੇ ਆਉਣਗੇ। ਸਾਡੀ ਡਿਊਟੀ ਤਾਂ ਤੁਹਾਨੂੰ ਹਰਿਦੁਆਰ ਤੱਕ ਲਿਜਾਣ ਦੀ ਹੈ।''

ਮੋਹਲੇਧਾਰ ਵਰ੍ਹ ਰਹੇ ਮੀਂਹ ਵਿਚ ਪੁਲਿਸ ਦੀਆਂ ਗੱਡੀਆਂ, ਸ਼ਹੀਦਾਂ ਦੇ ਪਰਿਵਾਰ ਨੂੰ ਲੈ ਕੇ ਹਰਿਦੁਆਰ ਪਹੁੰਚ ਗਈਆਂ। ਜੇਲ੍ਹ ਅਧਿਕਾਰੀ ਪਹਿਲਾਂ ਹੀ ਉਥੇ ਪਹੁੰਚ ਚੁੱਕੇ ਸੀ। ਤਿਹਾੜ ਜੇਲ੍ਹ ਦਾ ਥਾਣੇਦਾਰ ਦਯਾਵਨ ਇਸ਼ਾਰੇ ਨਾਲ ਕਹਿੰਦਾ, ''ਬਾਪੂ, ਥੋੜ੍ਹਾ ਜਿਹਾ ਪਾਸੇ ਹੋ ਕੇ ਗੱਲ ਸੁਣ।'' ਬਾਪੂ ਤਰਲੋਕ ਸਿੰਘ ਇਸ਼ਾਰਾ ਸਮਝ ਕੇ ਪਾਸੇ ਨੂੰ ਤੁਰ ਪਿਆ, ਰਜਿੰਦਰ ਸਿੰਘ ਵੀ ਸਮਝ ਕੇ ਬਾਪੂ ਜੀ ਦੇ ਪਿੱਛੇ ਤੁਰ ਪਿਆ। ਦਯਾਵਨ ਥਾਣੇਦਾਰ ਰੋ ਰਿਹਾ ਸੀ, ਉਸ ਤੋਂ ਹੰਝੂ ਰੋਕਿਆਂ ਵੀ ਨਹੀਂ ਸੀ ਰੁਕਦੇ। ਰਜਿੰਦਰ ਸਿੰਘ ਕਹਿੰਦਾ, ''ਥਾਣੇਦਾਰ ਸਾਹਿਬ, ਦੇਖ ਅਸੀਂ ਵੀ ਭਾਣਾ ਮੰਨ ਰਹੇ ਹਾਂ। ਹੌਂਸਲੇ ਨਾਲ ਦਿਲ ਦੀ ਗੱਲ ਦੱਸ। ਅਸੀਂ ਤੇਰੇ ਮਨ ਦੀ ਭਾਵਨਾ ਨੂੰ ਸਮਝ ਲਿਆ ਹੈ, ਤੇਰੇ ਦਿਲ ਵਿਚ ਸ਼ਹੀਦਾਂ ਦਾ ਬੜਾ ਅਦਬ ਸਮੋਇਆ ਹੋਇਆ ਪ੍ਰਗਟ ਕਰ,

ਇਹ ਵੇਲਾ ਰੋਣ ਦਾ ਨਹੀਂ।'' ਦਯਾਵਨ ਥਾਣੇਦਾਰ ਗੱਲ ਕਰ ਰਿਹਾ ਸੀ ਤਾਂ ਮੀਂਹ ਇਤਨਾ ਜ਼ੋਰ ਦਾ ਵਰ੍ਹ ਰਿਹਾ ਸੀ ਕਿ ਉਸ ਦੀ ਗੱਲ 5-6 ਕਦਮ ਤਕ ਵੀ ਕੋਈ ਸੁਣ ਨਹੀਂ ਸੀ ਸਕਦਾ। ਦਯਾਵਨ ਨੇ ਦੱਸਣਾ ਸ਼ੁਰੂ ਕੀਤਾ, ''ਬਾਪੂ ਜੀ, ਮੇਰਾ ਸਤਵੰਤ ਸਿੰਘ ਨਾਲ ਨਿੱਤ ਦਾ ਵਾਹ ਸੀ। ਇਕ ਦੂਜੇ ਪ੍ਰਤੀ ਦਿਲਾਂ ਅੰਦਰ ਭਰਾਵਾਂ ਵਰਗਾ ਮੋਹ ਬਣ ਗਿਆ ਸੀ। ਕੱਲ੍ਹ ਸਵੇਰੇ ਸਤਵੰਤ ਸਿੰਘ, ਕਿਹਰ ਸਿੰਘ ਨੂੰ ਜਦੋਂ ਕਾਲ ਕੋਠੜੀਆਂ `ਚੋਂ ਬਾਹਾਂ ਪਿੱਛੇ ਬੰਨ੍ਹ ਕੇ ਫ਼ਾਂਸੀ ਦੇ ਤਖ਼ਤੇ ਵੱਲ ਲਿਜਾਇਆ ਜਾ ਰਿਹਾ ਸੀ, ਮੈਂ ਡਿਊਟੀ `ਤੇ ਸੀ, ਮੈਨੂੰ ਰੋਣ ਆ ਗਿਆ, ਪਰ ਬੇਵੱਸ ਸੀ ਕੀ ਕਰ ਸਕਦਾ ਸੀ? ਕੋਲੋਂ ਲੰਘਣ ਲੱਗਿਆਂ ਸਤਵੰਤ ਸਿੰਘ ਨੇ ਵੇਖ ਲਿਆ ਤੇ ਰੁਕ ਗਿਆ। ਸਤਵੰਤ ਮੈਨੂੰ ਕਹਿੰਦਾ ਕਿ ਦਯਾਵਨ ਵੀਰ ਮੇਰਾ ਜੀਅ ਕਰਦਾ ਤੈਨੂੰ ਜੱਫੀ ਪਾਵਾਂ ਘੁੱਟ ਕੇ ਤੇ ਪਿਆਰ ਕਰਾਂ। ਕੀ ਕਰਾਂ ਵੀਰ ਮੇਰੀਆਂ ਬਾਹਵਾਂ ਪਿੱਛੇ ਬੱਝੀਆਂ ਹੋਈਆਂ। ਮੇਰੇ ਸਬਰ ਦਾ ਬੰਨ੍ਹ ਟੁੱਟ ਗਿਆ। ਮੈਂ ਆਖਿਆ ਯਾਰ ਮੇਰੀ ਨੌਕਰੀ ਭਾਵੇਂ ਜਾਂਦੀ ਰਹੇ, ਮੈਂ ਤੈਨੂੰ ਜੱਫੀ ਜ਼ਰੂਰ ਪਾਊਂ ਤੇ ਤੇਰੀ ਇਹ ਇੱਛਾ ਜ਼ਰੂਰ ਪੂਰੀ ਕਰਾਂਗਾ। ਮੈਂ ਰਾਈਫ਼ਲ ਪਾਸੇ ਰੱਖ ਦਿੱਤੀ ਤੇ ਦਿਲੀ-ਯਾਰ ਨੂੰ ਘੁੱਟ ਕੇ ਜੱਫੀ ਪਾ ਲਈ ਤੇ ਇਸੇ ਹਾਲਤ `ਚ ਮੇਰੇ ਵਹਿ ਰਹੇ ਹੰਝੂਆਂ `ਤੇ ਜੇਲ੍ਹ ਅਧਿਕਾਰੀ ਵੀ ਰੋ ਪਏ। ਬਾਪੂ ਮੈਂ ਇਹ ਗੱਲ ਭਗਵਾਨ ਨੂੰ ਹਾਜ਼ਰ ਨਾਜ਼ਰ ਸਮਝ ਕੇ ਕਹਿ ਰਿਹਾ ਹਾਂ ਤਿੰਨ ਚਾਰ ਮਿੰਟ ਇਸੇ ਹਾਲਤ ਵਿਚ ਹੀ ਲੰਘ ਗਏ। ਸਤਵੰਤ ਮੈਨੂੰ ਕਹਿੰਦਾ ਰਿਹਾ, ਯਾਰਾ ਰੋ ਨਾ, ਦਿਲਾਂ ਨੂੰ ਦਿਲ ਮਿਲਦੇ ਰਹਿੰਦੇ ਹੁੰਦੇ ਆ। ਮੇਰੇ ਆਖ਼ਰੀ ਸੱਚ ਨੂੰ ਬਾਪੂ ਨਾਲ ਸਾਂਝਾ ਕਰ ਲਵੀਂ। ਮੈਂ ਇਸ ਤਰ੍ਹਾਂ ਸਤਵੰਤ ਸਿੰਘ ਨਾਲ ਆਖ਼ਰੀ ਵਾਰ, ਫ਼ਾਂਸੀ ਦੇ ਤਖ਼ਤੇ ਵੱਲ ਜਾਂਦਿਆਂ ਜੱਫੀ ਪਾ ਕੇ ਤੇ ਸਤਵੰਤ ਸਿੰਘ ਦਾ ਮੱਥਾ ਚੁੰਮ ਕੇ ਪਿਆਰ ਕੀਤਾ। ਬਾਪੂ ਤਰਲੋਕ ਸਿੰਘ ਨੇ ਕਿਹਾ, ''ਥਾਣੇਦਾਰ ਸਾਹਿਬ, ਸਤਵੰਤ ਸਿੰਘ, ਕਿਹਰ ਸਿੰਘ ਨੇ ਕੋਈ ਕਮਜ਼ੋਰੀ ਤਾਂ ਨਹੀਂ ਵਿਖਾਈ।'' ਦਯਾਵਨ ਕਹਿੰਦਾ, ''ਬਾਪੂ ਸਤਵੰਤ ਸਿੰਘ, ਕਿਹਰ ਸਿੰਘ ਤਾਂ ਇਸ ਤਰ੍ਹਾਂ ਫ਼ਾਂਸੀ ਚੜ੍ਹੇ ਜਿਵੇਂ ਕੋਈ ਵਿਆਹ ਵਾਲੇ ਦਿਨ ਖ਼ੁਸ਼ੀ-ਖ਼ੁਸ਼ੀ ਘੋੜੀ ਚੜ੍ਹਦਾ। `ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ` ਦੇ ਜੈਕਾਰਿਆਂ ਨਾਲ ਜੇਲ੍ਹ ਗੂੰਜਦੀ ਰਹੀ। ਰਜਿੰਦਰ ਸਿੰਘ ਕਹਿੰਦਾ, ''ਥਾਣੇਦਾਰ ਸਾਹਿਬ, ਹੋਰ ਕੋਈ ਖ਼ਾਸ ਗੱਲ?'' ਦਯਾਵਨ ਕਹਿੰਦਾ, ''ਸਰਦਾਰ ਜੀ, ਮੈਂ ਫ਼ਾਂਸੀ ਵੇਲੇ ਤਖ਼ਤੇ ਕੋਲ ਮੌਜੂਦ ਨਹੀਂ ਸੀ, ਪਰ ਮੁਲਾਜ਼ਮ ਗੱਲਾਂ ਕਰਦੇ ਸੀ ਕਿ ਦੋਵਾਂ ਨੇ ਫ਼ਾਂਸੀ ਦੇ ਰੱਸੇ ਆਪ ਗਲ `ਚ ਪਾਏ ਤੇ ਜੱਲਾਦ ਨੂੰ ਆਪਣੇ ਸਰੀਰ ਨੂੰ ਹੱਥ

ਨਹੀਂ ਲਾਉਣ ਦਿੱਤਾ ਤੇ ਨੰਗੇ ਮੂੰਹ ਫ਼ਾਂਸੀ ਚੜ੍ਹੇ। ਮੁਲਾਜ਼ਮ ਕਹਿੰਦੇ ਕਿ ਵੱਡਾ ਬਾਬਾ ਕਹਿੰਦਾ ਸੀ ਕਿ ਜੱਲਾਦ ਕੋਈ ਤੰਮਾਕੂ ਨੋਸ਼ੀ ਕਰਦਾ ਤੇ ਸ਼ਰਾਬੀ ਹਾਲਤ ਵਿਚ ਕਾਹਲ 'ਚ ਮੇਰੇ ਦਾਹੜੇ ਦਾ ਵਾਲ ਤੋੜ ਦੇਵੇਗਾ, ਜੋ ਮੈਨੂੰ ਬਰਦਾਸ਼ਤ ਨਹੀਂ। ਸਾਰੇ ਕੰਮ ਅਸੀਂ ਆਪ ਹੀ ਕਰਾਂਗੇ। ਮਰਦਾਂ ਵਾਂਗ ਦੋਵੇਂ ਬੜੀ ਬਹਾਦਰੀ ਨਾਲ ਫ਼ਾਂਸੀ ਚੜ੍ਹੇ। ਇਤਨੇ ਨੂੰ ਜੇਲ੍ਹ ਅਧਿਕਾਰੀਆਂ ਆਵਾਜ਼ ਮਾਰੀ ਕਿ ਸਤਵੰਤ ਸਿੰਘ, ਕਿਹਰ ਸਿੰਘ ਦੇ ਫੁੱਲ ਜਲ-ਪ੍ਰਵਾਹ ਕਰੋ। ਫੁੱਲਾਂ ਵਾਲੀਆਂ ਸੰਦੂਕੜੀਆਂ ਇਕ ਗੱਡੀ 'ਚੋਂ ਲਿਆਂਦੀਆਂ ਗਈਆਂ। 'ਰਜਿੰਦਰ ਸਿੰਘ ਨੇ ਦੋਵਾਂ ਸੰਦੂਕੜੀਆਂ ਦੀਆਂ ਸੀਲਾਂ ਤੋੜ ਕੇ ਆਪਣੀ ਜੇਬ 'ਚ ਪਾ ਲਈਆਂ ਤਾਂ ਜੇਲ੍ਹ ਅਧਿਕਾਰੀ ਇਹਨਾਂ ਸੀਲਾਂ ਦਾ ਵੀ ਜੇਬ 'ਚ ਪਾਉਣ ਦਾ ਇਤਰਾਜ਼ ਕਰਨ ਲੱਗੇ। ਰਾਜਿੰਦਰ ਸਿੰਘ ਅੜ ਗਿਆ ਕਿ ਇਹ ਸਤਵੰਤ ਸਿੰਘ ਤੇ ਕਿਹਰ ਸਿੰਘ ਦੀ ਆਖ਼ਰੀ ਨਿਸ਼ਾਨੀ ਹੈ ਜੋ ਮੈਂ ਤੁਹਾਨੂੰ ਨਹੀਂ ਦੇਵਾਂਗਾ।

ਜੇਲ੍ਹ ਪੁਲਿਸ ਅਧਿਕਾਰੀ ਗੁੰਥੀ ਸਿੰਘ (ਮਾਲੂ ਨੰਗਲ) ਨੂੰ ਨਾਲ ਲੈ ਕੇ ਗਏ ਸੀ। ਕਾਗਜ਼ੀ ਕਾਰਵਾਈ ਪੂਰੀ ਕਰਨ ਤੋਂ ਬਾਅਦ ਜੇਲ੍ਹ ਅਧਿਕਾਰੀਆਂ ਨੇ ਸਤਵੰਤ ਸਿੰਘ, ਕਿਹਰ ਸਿੰਘ ਦੇ ਫੁੱਲ-ਅਸਥੀਆਂ ਵਾਰਸਾਂ, ਬਾਪੂ ਤਰਲੋਕ ਸਿੰਘ, ਮਾਤਾ ਪਿਆਰ ਕੌਰ ਜੀ ਅਤੇ ਕਿਹਰ ਸਿੰਘ ਦੀ ਸਿੰਘਣੀ ਜਸਬੀਰ ਕੌਰ, ਸਪੁੱਤਰ ਸ. ਰਜਿੰਦਰ ਸਿੰਘ ਦੇ ਹਵਾਲੇ ਕਰ ਦਿੱਤੇ। ਗੁੰਥੀ ਸਿੰਘ ਫੁੱਲ ਜਲ-ਪ੍ਰਵਾਹ ਕਰਨ ਦੀ ਅਰਦਾਸ ਕਰਨ ਲੱਗਿਆ ਤਾਂ ਹੋ ਰਹੀ ਮੋਹਲੇਧਾਰ ਵਰਖਾ ਰੁਕ ਗਈ। ਗੁੰਥੀ ਸਿੰਘ ਨੇ ਅਰਦਾਸ ਕੀਤੀ, ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਮੰਗਿਆ, ਧਰਤੀ 'ਤੇ ਨਿਉਂ ਕੇ ਨਮਸਕਾਰ ਕੀਤੀ। ਉਪਰੰਤ ਦੋਹਰਾ 'ਰਾਜ ਕਰੇਗਾ ਖ਼ਾਲਸਾ, ਆਕੀ ਰਹੇ ਨਾ ਕੋਇ' ਪੜ੍ਹਿਆ। 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੁਲਾਇਆ। ਸ਼ਹੀਦ ਭਾਈ ਸਤਵੰਤ ਸਿੰਘ ਦੇ ਫੁੱਲ ਅਸਥੀਆਂ ਬਾਪੂ ਤਰਲੋਕ ਸਿੰਘ ਤੇ ਮਾਤਾ ਪਿਆਰ ਕੌਰ ਜੀ ਅਤੇ ਸ਼ਹੀਦ ਭਾਈ ਕਿਹਰ ਸਿੰਘ ਜੀ ਦੇ ਫੁੱਲ ਅਸਥੀਆਂ ਸਿੰਘਣੀ ਬੀਬੀ ਜਸਬੀਰ ਕੌਰ ਤੇ ਸਪੁੱਤਰ ਸ. ਰਜਿੰਦਰ ਸਿੰਘ ਨੇ ਦਿੱਲੀ ਹਕੂਮਤ ਦੇ ਅੜੀਅਲ ਵਤੀਰੇ, ਸਿੱਖ ਧਰਮ ਦੀਆਂ ਰਵਾਇਤਾਂ ਵਿਰੁੱਧ ਨੀਤੀ ਤੇ ਧੱਕੇਸ਼ਾਹੀ ਕਾਰਨ, ਬੇਵੱਸੀ ਦੀ ਹਾਲਤ 'ਚ ਸਿੱਖ ਮਰਿਯਾਦਾ ਦੇ ਉਲਟ ਮਜਬੂਰੀ ਵਿਚ ਹਰਿਦੁਆਰ ਗੰਗਾ ਨਦੀ ਵਿਚ 7 ਜਨਵਰੀ 1989 ਨੂੰ ਜਲ-ਪ੍ਰਵਾਹ ਕੀਤੇ। ਫੁੱਲ ਜਲ-ਪ੍ਰਵਾਹ ਕਰਦਿਆਂ ਕੁਝ ਸਮੇਂ ਲਈ ਬੰਦ ਹੋਈ ਵਰਖਾ, ਹਾਕਮਾਂ ਦੀ ਸਿੱਖ ਧਾਰਮਿਕ ਰਵਾਇਤਾਂ ਵਿਰੁੱਧ ਨੀਤੀ 'ਤੇ ਕੁਦਰਤ ਵੀ ਹੰਝੂ ਵਹਾ ਕੇ ਸ਼ਹੀਦ ਭਾਈ ਸਤਵੰਤ ਸਿੰਘ, ਕਿਹਰ ਸਿੰਘ

ਨੂੰ ਸ਼ਰਧਾ ਦੇ ਫੁੱਲ ਭੇਟ ਕਰ ਰਹੀ ਸੀ।

ਭਾਰਤੀ ਹਾਕਮਾਂ ਨੇ ਭਾਈ ਸਤਵੰਤ ਸਿੰਘ ਤੇ ਭਾਈ ਕਿਹਰ ਸਿੰਘ ਨੂੰ ਫ਼ਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਹੈ। ਸਰੀਰਕ ਪੱਖੋਂ ਤਾਂ ਦੋਵਾਂ ਸਿੰਘਾਂ ਨੂੰ ਖਤਮ ਕੀਤਾ ਜਾ ਚੁੱਕਾ ਹੈ ਪਰ ਸਿੱਖਾਂ ਦੇ ਦਿਲਾਂ ਦੀ ਧੜਕਣ ਬਣ ਚੁੱਕੇ ਤੇ ਸਮੁੱਚੀ ਸਿੱਖ ਕੌਮ ਦੇ ਦਿਲਾਂ ਵਿਚ ਵੱਸ ਚੁੱਕੇ ਸ਼ਹੀਦ ਭਾਈ ਬੇਅੰਤ ਸਿੰਘ, ਸ਼ਹੀਦ ਭਾਈ ਸਤਵੰਤ ਸਿੰਘ ਤੇ ਸ਼ਹੀਦ ਭਾਈ ਕਿਹਰ ਸਿੰਘ ਨੂੰ ਖ਼ਤਮ ਕਰਨਾ ਭਾਰਤੀ ਹਾਕਮਾਂ ਦੇ ਵੱਸ ਦੀ ਗੱਲ ਨਹੀਂ ਹੈ।

18

ਬਾਪੂ ਤਰਲੋਕ ਸਿੰਘ ! ਸ਼ਿੰਦਰ (ਬੀਬੀ ਸੁਰਿੰਦਰ ਕੌਰ) ਬੜੀ ਸਿਦਕ ਵਾਲੀ ਬਹਾਦਰ ਦੇਵੀ ਸੀ। ਸਤਵੰਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਉਸ ਨੇ ਮਰਦਾਂ ਵਾਂਗ ਜਿਊਣਾ ਸ਼ੁਰੂ ਕੀਤਾ। ਸ਼ਿੰਦਰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਦੀ, ਨਿੱਤਨੇਮ ਕਰਦੀ ਤੇ ਘਰ ਦੇ ਕੰਮ ਕਰਨ ਵਿਚ ਰੁੱਝ ਜਾਂਦੀ। ਅਸੀਂ ਵੇਖ ਕੇ ਸੋਚਾਂ 'ਚ ਪੈ ਜਾਂਦੇ, ਕਿ ਸ਼ਿੰਦਰ ਦੀ ਜ਼ਿੰਦਗੀ ਦਾ ਲੰਬਾ ਸਫ਼ਰ ? ਕਿ ਸਾਡੇ ਤੋਂ ਬਾਅਦ ਪਰਿਵਾਰਕ ਸ਼ਰੀਕਾਂ ਦੇ ਕਾਰਨ ਇਸ ਦਾ ਭਵਿੱਖ ਕੀ ਹੋਵੇਗਾ ? ਸਾਨੂੰ ਸੋਚੀਂ ਪਏ ਵੇਖ ਕੇ ਸ਼ਿੰਦਰ ਕਹਿੰਦੀ, ''ਭਾਪਾ ਜੀ, ਬੀਬੀ ਜੀ, ਤੁਸੀਂ ਉਦਾਸ ਹੋ, ਤੁਸੀਂ ਇਸ ਤਰ੍ਹਾਂ ਉਦਾਸ ਨਾ ਹੋਵੋ, ਬੱਚਿਆਂ ਵਾਂਗ ਸਾਡੇ ਗਲ ਨੂੰ ਚਿੰਬੜ ਜਾਂਦੀ ਤੇ ਕਹਿੰਦੀ, ਭਾਪਾ ਜੀ, ਬੀਬੀ ਜੀ, ਮੈਂ ਵੀ ਤਾਂ ਤੁਹਾਡੇ ਆਸਰੇ 'ਹੀ ਜਿਊਂਦੀ ਹਾਂ। ਭਾਪਾ ਜੀ, ਤੁਸੀਂ ਮੈਨੂੰ ਫ਼ਾਲਤੂ ਬੋਝ ਸਮਝ ਰਹੇ ਹੋ। ਸਾਡੀ ਮਨ ਦੀ ਹਾਲਤ ਹੋਰ ਵੀ ਗੰਭੀਰ ਹੋ ਜਾਂਦੀ। ਫਿਰ ਅਸੀਂ ਕਹਿੰਦੇ ਪੁੱਤਰ ਇਹੋ ਜਿਹੀ ਕੋਈ ਗੱਲ ਨਹੀਂ। ਅਸੀਂ ਸੋਚਦੇ ਹਾਂ ਕਿ ਸਾਡੇ ਤੋਂ ਪਿੱਛੋਂ.....। ਸ਼ਿੰਦਰ ਕਹਿੰਦੀ, ''ਭਾਪਾ ਜੀ, ਤੁਸੀਂ ਫ਼ਿਕਰ ਨਾ ਕਰੋ, ਮੇਰਾ ਉਸ (ਸਤਵੰਤ) ਨਾਲ ਵਾਅਦਾ ਹੈ ਕਿ ਜੇ ਇਸ ਜਨਮ ਵਿਚ ਨਹੀਂ ਮਿਲ ਸਕੇ ਤਾਂ ਅਗਲੇ ਜਨਮ ਵਿਚ ਜ਼ਰੂਰ ਮਿਲਾਂਗੇ। ਇਸ ਲਈ ਵਾਹਿਗੁਰੂ ਸਾਨੂੰ ਦੂਜੇ ਜਨਮ 'ਚ ਮਿਲਣ ਦਾ ਜਰੂਰ ਕੋਈ ਛੇਤੀ ਹੀ ਵਸੀਲਾ ਬਣਾ ਦੇਵੇਗਾ।'' ਅਸੀਂ ਕਿਹਾ ਕਿ ਪੁੱਤ ਸ਼ਿੰਦਰ ਤੂੰ ਸਾਰੀ ਦਿਹਾੜੀ ਇਤਨਾ ਕੰਮ ਕਰਦੀ ਥੱਕ ਜਾਂਦੀ ਹੋਵੇਂਗੀ, ਸਾਡੇ ਤੋਂ ਵੇਖ ਕੇ ਜਰਿਆ ਨਹੀਂ ਜਾਂਦਾ। ਸ਼ਿੰਦਰ ਕਹਿੰਦੀ ਕਿ ਦੂਜੀਆਂ ਭੈਣਾਂ, ਜਸਬੀਰ, ਸਵਰਾਜ ਤੇ ਨਰਿੰਦਰ ਵੀ (ਜੇਠਾਣੀਆਂ ਦਰਾਣੀਆਂ) ਮੇਰੇ ਨਾਲ ਹੀ ਕਰਦੀਆਂ ਹਨ, ਮੈਂ ਕਿਹੜੀ ਇਕੱਲੀ ਕਰਦੀ ਹਾਂ। ਸਾਡੀ ਗੱਲਬਾਤ ਦਾ ਵੱਡੀ ਨੂੰਹ ਜਸਬੀਰ ਕੌਰ 'ਤੇ ਬੜਾ ਅਸਰ ਹੋਇਆ। ਉਸ ਨੇ ਸਵਰਾਜ ਤੇ ਨਰਿੰਦਰ ਨਾਲ ਸਲਾਹ ਕੀਤੀ ਕਿ ਸੁਰਿੰਦਰ ਕੌਰ ਦੀ ਹੁਣ ਆਪਾਂ ਸੇਵਾ ਕਰਨੀ ਹੈ ਤੇ ਇਸ ਨੂੰ ਘਰ ਦੀ ਰਾਣੀ ਸਰਦਾਰਨੀ ਬਣਾ ਕੇ ਰੱਖਣਾ ਹੈ। ਇਸ 'ਤੇ ਅਮਲ ਕਰਦਿਆਂ

ਜਸਬੀਰ, ਸਵਰਾਜ ਤੇ ਨਰਿੰਦਰ ਕੌਰ ਨੇ ਸ਼ਿੰਦਰ ਦੇ ਸਾਰੇ ਕੰਮਾਂ ਤੇ ਸੇਵਾ ਦੀ ਜ਼ਿੰਮੇਵਾਰੀ ਆਪਣੇ ਸਿਰ ਲੈ ਲਈ। ਸੁਰਿੰਦਰ ਕੌਰ ਸਾਰੇ ਪਰਿਵਾਰ ਨੂੰ ਰੋਟੀ ਫੜਾਉਣੀ, ਰੋਟੀਆਂ ਚੋਪੜਨੀਆਂ, ਰਾਤ ਨੂੰ ਸਾਰੇ ਜੀਆਂ ਨੂੰ ਦੁੱਧ ਫੜਾਉਣ ਦਾ ਕੰਮ ਕਰਦੀ, ਜੇ ਕੋਈ ਹੋਰ ਕੰਮ ਕਰਦੀ ਤਾਂ ਜਸਬੀਰ ਹੁਰੀਂ ਬੜੇ ਪਿਆਰ ਸਤਿਕਾਰ ਨਾਲ ਕੰਮ ਕਰਨ ਤੋਂ ਰੋਕ ਦੇਂਦੀਆਂ।

ਜਦੋਂ ਕਿਸੇ ਸ਼ਹੀਦੀ ਸਮਾਗਮ, ਜੋੜ ਮੇਲੇ ਤੋਂ ਪੁੱਜਣ ਲਈ ਸੱਦਾ ਆਉਂਦਾ ਤਾਂ ਸਾਡੇ ਜ਼ੋਰ ਦੇ ਕੇ ਕਹਿਣ 'ਤੇ ਹੀ ਸਾਡੇ ਨਾਲ ਜਾਂਦੀ। ਉਸ ਨੇ ਜ਼ਿੰਦਗੀ ਵਿਚ ਇਕ ਵੀ ਆਪ-ਹੁਦਰੀ ਗੱਲ ਜਾਂ ਜ਼ਿੱਦ ਨਹੀਂ ਕੀਤੀ, ਜਿਸ ਨਾਲ ਸਾਡੇ ਮਨ ਨੂੰ ਪ੍ਰੇਸ਼ਾਨੀ ਆਈ ਹੋਵੇ। ਨਾ ਹੀ ਬਿਨਾ ਕੰਮ ਤੋਂ ਰੋਜ਼ ਦਿਹਾੜੀ ਪੇਕੇ ਪਿੰਡ ਜੱਟਾਂ ਨੂੰ ਗਈ। ਅਸੀਂ ਤਾਂ ਇਹੋ ਕਹਿੰਦੇ ਆਂ ਇਹੋ ਜਿਹੀ ਧੀ ਤਾਂ ਦੁਨੀਆਂ 'ਤੇ ਭਾਲਿਆਂ ਨਹੀਂ ਲੱਭਦੀ।

ਸੁਰਿੰਦਰ ਕੌਰ ਆਪਣੇ ਪੇਕੇ ਪਿੰਡ ਜੱਟਾਂ ਗਈ ਹੋਈ ਸੀ। ਉਹ ਆਪਣੀ ਮਾਂ ਪ੍ਰੀਤਮ ਕੌਰ ਨੂੰ ਕਹਿਣ ਲੱਗੀ, "ਬੀਬੀ, ਭਾਪਾ ਜੀ ਤੇ ਬੀਬੀ ਜੀ ਕਈ ਵਾਰ ਸੋਚਦੇ ਹਨ ਕਿ ਸਾਡੇ ਤੋਂ ਮਗਰੋਂ ਸੁਰਿੰਦਰ ਕੱਲੀ ਕਿਵੇਂ ਦਿਨ ਕੱਟੇਗੀ। ਨਾਲੇ ਤਿੰਨ ਵੀਰਾਂ ਤੇ ਭੈਣਾਂ (ਜੇਠ, ਦਿਉਰ ਤੇ ਜਠਾਣੀਆਂ ਦਰਾਣੀਆਂ) ਦਾ ਸੁਭਾਅ ਇਤਨਾ ਚੰਗਾ ਹੈ ਕਿ ਮੈਨੂੰ ਭੈਣਾਂ ਨਾਲੋਂ ਵੱਧ ਕੇ ਪਿਆਰ ਕਰਦੇ ਹਨ, ਪਰ ਫਿਰ ਵੀ ਮੇਰੀ ਬਹੁਤ ਹੀ ਚਿੰਤਾ ਕਰਦੇ ਹਨ। ਮੈਂ ਸੋਚਦੀ ਹਾਂ ਪਈ ਜੇ ਬੀਬੀ ਤੂੰ ਰਾਇ ਦੇਵੇਂ ਤਾਂ ਕਿ ਮੈਂ ਵੱਡੇ ਭਾ ਜੀ ਗੁਰਨਾਮ ਸਿੰਘ ਤੇ ਭੈਣ ਜਸਬੀਰ ਕੌਰ ਦਾ ਹੋਣ ਵਾਲਾ ਬੱਚਾ ਗੋਦੀ ਲੈ ਲਵਾਂ। ਇਕ ਤਾਂ ਮੈਂ ਆਹਰੇ ਲੱਗ ਜਾਵਾਂਗੀ ਤੇ ਨਾਲ ਹੀ ਇਸ ਆਸਰੇ ਨਾਲ ਪਾਲਣ-ਪੋਸਣ ਕਰਦਿਆਂ ਆਸਾਂ ਨਾਲ ਧੀ ਹੋਈ ਵੱਡੀ ਹੋਊ, ਵਿਆਹ ਕਰੂੰ ਧੀ ਦਾ, ਜਵਾਈ ਆ ਜਾਊ। ਪੁੱਤ ਹੋਇਆ ਵੱਡਾ ਹੋਊ, ਵਿਆਹ ਕਰੂੰ, ਨੂੰਹ ਘਰ ਆਊ। ਲੋਕ ਵੀ ਆਖਣਗੇ ਕਿ ਸਤਵੰਤ ਦਾ ਘਰ ਵੱਸਦਾ। ਮੇਰੀ ਜ਼ਿੰਦਗੀ ਸਿਰੇ ਲੱਗ ਜਾਵੇਗੀ। ਨਾਲੇ ਬਾਪੂ ਭਾਪਾ ਜੀ ਤੇ ਬੀਬੀ ਜੀ ਵੀ ਚਿੰਤਾ ਛੱਡ ਦੇਣਗੇ। ਸਾਡੀ ਨੂੰਹ ਨੇ ਘਰ ਵਸਾ ਲਿਆ। ਬੀਬੀ ਜੀ, ਮੈਂ ਗੱਲ ਕੱਚੀ ਨਹੀਂ ਜੇ ਕਰਨੀ, ਨਾਨਕੇ ਬਣ ਕੇ ਤੁਹਾਨੂੰ ਵੀ ਫੱਬ ਕੇ ਆਉਣਾ ਪਊ। ਇਸ ਕਰਕੇ ਮੈਂ ਤੁਹਾਡੇ ਨਾਲ ਦਿਲ ਦੀ ਗੱਲ ਕਰਨ ਪਹਿਲਾਂ ਆਈ ਹਾਂ। ਫਿਰ ਨਾ ਕਹਿਣਾ, ਸੁਰਿੰਦਰ ਸਾਡੇ ਤੋਂ ਤਾਂ ਤੂੰ ਸਲਾਹ ਵੀ ਨਹੀਂ ਲਈ। ਸ਼ਿੰਦਰ ਦੀ ਮਾਂ ਕਹਿੰਦੀ, ਪੁੱਤਰ ਇਹਦੇ ਵਿਚ ਸਲਾਹ ਜਾਂ ਨਾਂਹ-ਨੁਕਰ ਵਾਲੀ ਕਿਹੜੀ ਗੱਲ ਹੈ। ਬਾਬਾ ਤੂੰ ਤਾਂ ਵੱਡੇ ਵੱਡਿਆਂ ਨੂੰ ਆਪਣੀ ਦਲੀਲ ਤੇ ਹਠ ਅੱਗੇ

ਝੁਕਾ ਲੈਂਦੀ ਏਂ। ਅਸੀਂ ਦੋਵੇਂ ਪਰਿਵਾਰ ਕੌਣ ਹੁੰਦੇ ਆਂ ਤੇਰੇ ਹੁਕਮ ਅੱਗੇ ਨਿਵੀਂਏ ਨਾ। ਅਸੀਂ ਤਾਂ ਤੇਰੇ ਹੁਕਮ ਨੂੰ ਸਦਾ ਹੀ ਮੰਨਆ, ਜੋ ਧੀਏ ਤੇਰਾ ਹੁਕਮ ਹੋਇਆ, ਅਸੀਂ ਹਾਜ਼ਰ ਹੋਵਾਂਗੇ। ਸ਼ਿੰਦਰ ਦੀ ਮਾਂ ਸ਼ਿੰਦਰ ਦੇ ਸੁਭਾਅ ਨੂੰ ਚੰਗੀ ਤਰ੍ਹਾਂ ਜਾਣਦੀ ਸੀ ਕਿ ਸ਼ਿੰਦਰ ਇਕ ਵਾਰ ਜੋ ਇਰਾਦਾ ਧਾਰ ਲਵੇ, ਉਸ ਤੋਂ ਉਸ ਨੂੰ ਖ਼ੁਦਾ ਵੀ ਨਹੀਂ ਮੋੜ ਸਕਦਾ। ਸ਼ਿੰਦਰ ਕਹਿੰਦੀ ਬੀਬੀ, ਫਿਰ ਮੇਰਾ ਫ਼ੈਸਲਾ ਸੁਣ ਲਵੋ, ਮੈਂ ਵੱਡੇ ਭਾ ਜੀ (ਜੇਠ ਗੁਰਨਾਮ ਸਿੰਘ) ਦਾ ਹੋਣ ਵਾਲਾ ਬੱਚਾ ਆਪਣੀ ਝੋਲੀ ਪਵਾ ਲੈਣਾ ਤੇ ਤੁਸੀਂ ਨਾਨਕੇ ਬਣ ਕੇ ਬਣ-ਫੱਬ ਕੇ ਆਉਣਾ ਜੇ। ਲੋਕਾਂ ਨੂੰ ਪਤਾ ਲੱਗ ਜੇ ਕਿ ਸਰਦਾਰ ਸਤਵੰਤ ਸਿੰਘ ਦੇ ਸਹੁਰੇ ਦੋਹਤੀ/ਦੋਹਤੇ ਦੇ ਨਸ਼ੋਏ ਤਾਂ ਆਏ ਆ। ਸ਼ਿੰਦਰ ਦੀ ਮਾਂ ਕਹਿੰਦੀ ਧੀਏ ਤੂੰ ਖ਼ੁਸ਼ ਰਹੋ, ਆਪਣੇ ਘਰ ਸੁਖੀ ਵੱਸ, ਜੋ ਸਾਨੂੰ ਹੁਕਮ ਕਰੇਂਗੀ ਅਸੀਂ ਤਾਂ ਸਦਾ ਹੀ ਮੰਨਿਆ, ਹੁਣ ਵੀ ਮੰਨਦੇ ਆਂ ਤੇ ਅਗਾਂਹ ਵੀ ਮੰਨਾਂਗੇ। ਸ਼ਿੰਦਰ ਦੇ ਵਿਚਾਰ ਨਾਲ ਉਸ ਦੇ ਭਰਾ ਬਲਵਿੰਦਰ ਸਿੰਘ, ਲਖਵਿੰਦਰ ਸਿੰਘ, ਹਰਭਿੰਦਰ ਸਿੰਘ ਤੇ ਪਿਤਾ ਸ. ਵਿਰਸਾ ਸਿੰਘ ਨੇ ਵੀ ਸਹਿਮਤੀ ਪ੍ਰਗਟ ਕੀਤੀ ਕਿ ਸੁਰਿੰਦਰ ਤੇਰੀ ਖ਼ਾਹਿਸ਼ ਨਾਲ ਅਸੀਂ ਸਹਿਮਤ ਹਾਂ। ਤੂੰ ਆਪਣੇ ਜੇਠ ਗੁਰਨਾਮ ਸਿੰਘ ਦਾ ਬੱਚਾ ਆਪਣੀ ਗੋਦੀ ਲੈ ਲਵੇਂਗੀ ਤਾਂ ਇਕ ਤਾਂ ਤੂੰ ਆਹਰੇ ਲੱਗ ਜਾਵੇਂਗੀ ਤੇ ਦੂਜਾ ਤੇਰਾ ਬਰਾਬਰ ਤੇ ਘਰ ਵੱਸਦਾ ਹੋ ਜਾਊ। ਚੰਗੇ ਤੇ ਨੇਕੀ ਦੇ ਕੰਮ ਵਿਚ ਅਸੀਂ ਭਲਾ ਕਿਉਂ ਰੋਕ ਪਾਈਏ। ਪੇਕੇ ਪਰਿਵਾਰ ਦੀ ਸਹਿਮਤੀ ਨਾਲ ਸੁਰਿੰਦਰ ਬਾਗੋ ਬਾਗ ਹੋ ਗਈ ਤੇ ਕੁਝ ਦਿਨਾਂ ਬਾਅਦ ਆਪਣੇ ਵੀਰ ਬਲਵਿੰਦਰ ਸਿੰਘ ਨਾਲ ਆਪਣੇ ਘਰ ਅਗਵਾਨ ਆ ਗਈ। ਸੁਰਿੰਦਰ ਬਹੁਤ ਹੀ ਖ਼ੁਸ਼ ਨਜ਼ਰ ਆ ਰਹੀ ਸੀ।

ਸੁਰਿੰਦਰ ਕੌਰ ਆ ਕੇ ਮੈਨੂੰ ਕਹਿੰਦੀ, ''ਭਾਪਾ ਜੀ, ਤੁਸੀਂ ਤੇ ਬੀਬੀ ਜੀ ਕਈ ਵਾਰ ਉਦਾਸ ਹੋ ਜਾਂਦੇ ਜੇ ਨਾ ਪਈ ਸਾਡੇ ਤੋਂ ਪਿੱਛੋਂ ਸੁਰਿੰਦਰ ਦਾ ਕੀ ਬਣੂ? ਕੀ ਸੁਰਿੰਦਰ ਕੱਲੀ ਰਹਿ ਜਾਵੇਗੀ? ਅਸੀਂ ਆਖਿਆ ਪੁੱਤਰ ਤੂੰ ਬਹੁਤ ਨੇਕ ਦਿਲ ਤੇ ਬਹਾਦਰ ਏਂ, ਪਰ ਮਨ ਤੇ ਸੋਚ ਤਾਂ ਫਿਰ ਵੀ ਆ ਈ ਜਾਂਦੀ ਆ, ਕੀ ਕਰੀਏ? ਸ਼ਿੰਦਰ ਕਹਿੰਦੀ, ਬਾਪੂ ਜੀ, ਮੈਂ ਆਪਣੇ ਮਨ ਵਿਚ ਇਕ ਫ਼ੈਸਲਾ ਕਰ ਲਿਆ ਹੈ ਤੇ ਮੇਰੇ ਫ਼ੈਸਲੇ ਨਾਲ ਮੇਰੇ ਮਾਤਾ ਪਿਤਾ ਤੇ ਭਰਾ ਵੀ ਸਹਿਮਤ ਹਨ। ਹੁਣ ਤਾਂ ਸਿਰਫ਼ ਭਾਪਾ ਜੀ ਤੇ ਬੀਬੀ ਜੀ ਦੀ ਮਨਜ਼ੂਰੀ ਲੈਣੀ ਹੀ ਬਾਕੀ ਹੈ। ਸਤਵੰਤ ਦੀ ਮਾਂ ਕਹਿੰਦੀ, ਸੁਰਿੰਦਰ ਪੁੱਤ ਕੀ ਫ਼ੈਸਲਾ ਕੀਤਾ ਈ? ਸ਼ਿੰਦਰ ਕਹਿੰਦੀ, ਬੀਬੀ ਜੀ, ਵੱਡੇ ਭਾ ਜੀ

(ਗੁਰਨਾਮ ਸਿੰਘ ਜੇਠ) ਦੇ ਘਰ ਵਾਹਿਗੁਰੂ ਧੀ ਦੇਵੇ ਜਾਂ ਪੁੱਤਰ, ਮੈਂ ਗੋਦੀ ਲੈ ਲੈਣਾ ਏ। ਮੈਂ ਇਕ ਨਹੀਂ ਗੋਦੀ ਦੋ ਬੱਚੇ ਲੈਣੇ ਆ, ਇਕ ਧੀ ਤੇ ਇਕ ਪੁੱਤਰ। ਇਕ ਤਾਂ ਮੈਂ ਆਹਰੇ ਲੱਗ ਜਾਵਾਂਗੀ। ਧੀ ਪੁੱਤਰ ਸੰਭਾਲ ਕਰੂੰ, ਪੜ੍ਹਾਊਂ, ਵੱਡੇ ਹੋਇਆਂ ਨੂੰ ਵਿਆਹੂੰ, ਧੀ ਦਾ ਵਿਆਹ ਕਰੂੰ ਜਵਾਈ ਘਰ ਆਊ, ਪੁੱਤ ਵਿਆਹੂੰ ਨੂੰਹ ਘਰ ਲਿਆਊਂ। ਨਾਲੇ ਲੋਕ ਆਖਣਗੇ ਪਈ ਸ਼ਿੰਦਰ ਨੇ ਸਤਵੰਤ ਸਿੰਘ ਦਾ ਬਰਾਬਰ ਤੇ ਘਰ ਵੱਸਦਾ ਕਰ ਲਿਆ। ਭਾਪਾ ਜੀ, ਇਸ ਵਿਚ ਕੁਝ ਗ਼ਲਤ ਤੇ ਨਹੀਂ ?

ਬਾਪੂ ਤਰਲੋਕ ਸਿੰਘ—ਮੈਂ ਸ਼ਿੰਦਰ ਦੀ ਗੱਲ ਸੁਣ ਕੇ ਹੈਰਾਨ ਰਹਿ ਗਿਆ। ਮੈਂ ਕਿਹਾ, ''ਪੁੱਤਰ, ਅਸੀਂ ਤਾਂ ਤੇਰੇ ਸਦਾ ਰਿਣੀ ਹਾਂ, ਤੂੰ ਸਾਡੀ ਤੇ ਸ਼ਹੀਦ ਸਤਵੰਤ ਸਿੰਘ ਦੀ ਇੱਜ਼ਤ ਦੀ ਪੱਗ ਦੀ ਲਾਜ ਸਾਂਭੀ ਰੱਖੀ ਹੋਈ ਹੈ। ਭਲਾ ਅਸੀਂ ਤੇਰਾ ਹੁਕਮ ਕਦੋਂ ਨਹੀਂ ਮੰਨਿਆ ? ਅਸੀਂ ਤਾਂ ਪੁੱਤਰ ਤੇਰੇ ਤੋਂ ਆਪਣੀ ਜਾਨ ਵੀ ਨਹੀਂ ਲੁਕਾਉਂਦੇ, ਭਲਾ ਤੇਰੇ ਵਿਚਾਰ ਨਾਲ ਅਸੀਂ ਸਹਿਮਤ ਕਿਉਂ ਨਾ ਹੋਵਾਂਗੇ। ਸ਼ਿੰਦਰ ਕਹਿੰਦੀ ਭਾਪਾ ਜੀ, ਜੇ ਤੁਸੀਂ ਸਹਿਮਤ ਹੋ ਤਾਂ ਫਿਰ ਬਹੁਤ ਖ਼ੁਸ਼ੀ ਦੀ ਗੱਲ ਹੈ।

ਗੁਰਨਾਮ ਸਿੰਘ-ਜਸਬੀਰ ਕੌਰ ਦੇ ਘਰ ਧੀ ਨੇ ਜਨਮ ਲਿਆ। ਸ਼ਿੰਦਰ ਨੇ ਜਨਮ ਲੈਂਦਿਆਂ ਹੀ ਆਪਣੀ ਝੋਲੀ ਪਵਾ ਲਿਆ ਅਤੇ ਚੌਕੀਦਾਰ ਬੱਚੀ ਦਾ ਨਾਂ ਲਿਖਣ ਵਾਸਤੇ ਆਇਆ ਤਾਂ ਸੁਰਿੰਦਰ ਕਹਿੰਦੀ ਭਾਪਾ ਜੀ, ਗੁੱਡੀ ਦਾ ਨਾਂ ਮਨਪ੍ਰੀਤ ਕੌਰ ਲਿਖਾਉਣਾ ਤੇ ਇਹਦੇ ਪਿਤਾ ਦਾ ਨਾਂ ਸ਼ਹੀਦ ਸ. ਸਤਵੰਤ ਸਿੰਘ ਤੇ ਸੁਰਿੰਦਰ ਕੌਰ ਦੀ ਧੀ ਕਰਕੇ ਲਿਖਾਇਆ ਜੇ। ਚੌਕੀਦਾਰ ਨੂੰ ਮੈਂ ਕਿਹਾ ਮੰਜੇ 'ਤੇ ਬੈਠ ਜਾ। ਸਰਵਣ ਸਿੰਘ ਨੂੰ ਮੈਂ ਕਿਹਾ ਜਿਵੇਂ ਸ਼ਿੰਦਰ ਕਹਿੰਦੀ ਆ, ਉਸੇ ਤਰ੍ਹਾਂ ਲਿਖ ਦੇ। ਸਰਵਣ ਸਿੰਘ ਨੇ ਚੌਕੀਦਾਰ ਦੇ ਰਜਿਸਟਰ 'ਚ ਜਿਵੇਂ ਸੁਰਿੰਦਰ ਨੇ ਲਿਖਾਇਆ—

ਬੱਚੀ ਦਾ ਨਾਂ ਮਨਪ੍ਰੀਤ ਕੌਰ
ਪਿਤਾ ਦਾ ਨਾਂ ਸਤਵੰਤ ਸਿੰਘ ਪੁੱਤਰ ਤਰਲੋਕ ਸਿੰਘ
ਮਾਤਾ ਦਾ ਨਾਂ ਸੁਰਿੰਦਰ ਕੌਰ ਪਤਨੀ ਸਤਵੰਤ ਸਿੰਘ
ਜਨਮ ਤਰੀਕ

ਚੌਕੀਦਾਰ ਨੂੰ ਸੁਰਿੰਦਰ ਨੇ ਚਾਹ ਬਣਾ ਕੇ ਪਿਆਈ, ਨਾਲੇ 50 ਰੁਪਏ ਦਿੱਤੇ, ਨਾਲ ਪੱਗ ਦੇ ਕੇ ਤੋਰਿਆ। ਚੌਕੀਦਾਰ ਤੁਰਨ ਲੱਗਾ ਮੈਨੂੰ ਕਹਿੰਦਾ, ''ਬਾਪੂ, ਇਸ ਬੀਬੀ ਵਰਗੀਆਂ ਤਾਂ ਘਰ ਘਰ ਨਹੀਂ ਜੰਮਣੀਆਂ। ਸੁਰਿੰਦਰ ਮਨਪ੍ਰੀਤ ਨੂੰ ਬੜੇ ਲਾਡ ਪਿਆਰ ਨਾਲ ਸੰਭਾਲਦੀ, ਸੰਵਾਰਦੀ, ਸ਼ੀਸ਼ੀ ਨਾਲ

ਦੁੱਧ ਪਿਆਉਂਦੀ। ਸੁਰਿੰਦਰ ਦੀ ਧੀ ਗੋਦ ਲੈਣ ਨਾਲ ਨਵੀਂ ਜ਼ਿੰਦਗੀ ਸ਼ੁਰੂ ਹੋ ਗਈ। ਸੁਰਿੰਦਰ ਦੀ ਉਦਾਸੀ ਜਾਂਦੀ ਰਹੀ, ਜਦੋਂ ਵੇਖੋ ਖੁਸ਼-ਖੁਸ਼ ਹੀ ਨਜ਼ਰ ਆਉਂਦੀ। ਇਸ ਨਾਲ ਸਾਨੂੰ ਵੀ ਰਾਹਤ ਮਹਿਸੂਸ ਹੁੰਦੀ ਕਿ ਸ਼ਿੰਦਰ ਨੇ ਆਪਣੇ ਘਰ ਦਾ ਬਾਨ੍ਹਣੂ ਬੰਨ੍ਹ ਲਿਆ ਹੈ। ਸਾਡੀ ਚਿੰਤਾ ਵੀ ਘਟ ਗਈ।

ਸ਼ਿੰਦਰ ਨੇ ਆਪਣੇ ਪੇਕੇ ਸੁਨੇਹਾ ਭੇਜ ਦਿੱਤਾ ਕਿ 21ਵੇਂ ਦਿਨ ਤੇ ਮੈਂ ਆਪਣੀ ਧੀ ਨੂੰ ਬਾਹਰ ਵਖਾਉਣਾ ਹੈ ਤੇ ਤੁਸੀਂ ਜ਼ਰੂਰ ਆਉਣਾ। ਸ਼ਿੰਦਰ ਦਾ ਸੁਨੇਹਾ ਮਿਲਣ 'ਤੇ ਉਸ ਦੀ ਮਾਂ ਕੁੜੀ ਨੂੰ ਵੇਖਣ ਆਈ ਤੇ ਸ਼ਿੰਦਰ ਦੀ ਖੁਸ਼ੀ ਵੇਖ ਕੇ ਬੜੀ ਖੁਸ਼ ਹੋਈ। ਸਾਨੂੰ ਕਹਿੰਦੀ, ''ਭਾਈਆ ਜੀ, ਜਿੱਦਣ ਗੁੱਡੀ ਬਾਹਰ ਵਖਾਈ, ਅਸੀਂ ਆਵਾਂਗੇ। ਮੈਂ ਕਿਹਾ, ''ਭੈਣਾਂ, ਜੀ ਆਇਆਂ, ਆਪਣੀ ਧੀ ਸ਼ਿੰਦਰ ਦੀ ਜੇ ਖੁਸ਼ੀ ਆ ਤੇ ਆਪਾਂ ਵੀ ਦੋਵੇਂ ਪਰਿਵਾਰ ਖੁਸ਼ ਹਾਂ। ਆਪਾਂ ਤੇ ਦੋਵੇਂ ਹੱਥੀਂ ਬੱਧੇ ਗ਼ੁਲਾਮ ਆਂ। ਸ਼ਿੰਦਰ ਦਾ ਹੁਕਮ ਤਾਂ ਮੰਨਣਾ ਈ ਪੈਣਾ, ਜੇ ਨਾ ਮੰਨਾਂਗੇ ਤਾਂ ਭੈਣਾ ਇਹ ਆਪਣੇ ਹੱਠ ਦੇ ਜ਼ੋਰ ਨਾਲ ਮਨਾਉਣਾ ਵੀ ਜਾਣਦੀ ਆ।''

ਮਨਪ੍ਰੀਤ 21 ਦਿਨਾਂ ਦੀ ਹੋ ਗਈ। ਸ਼ਿੰਦਰ ਦਾ ਪਿਤਾ ਵਿਰਸਾ ਸਿੰਘ, ਮਾਤਾ ਪ੍ਰੀਤਮ ਕੌਰ ਗੁੱਡੀ ਮਨਪ੍ਰੀਤ ਦੇ ਝੱਗਾ ਚੁੰਨੀ ਕੱਪੜੇ, ਘਿਉ, ਸੁਰਿੰਦਰ ਦੇ ਲੀੜੇ ਕੱਪੜੇ ਅਤੇ ਸਾਡੇ ਸਾਰੇ ਪਰਿਵਾਰ ਦੇ ਇਕ ਸਾਰ ਹੀ ਲੀੜੇ ਕੱਪੜੇ ਲੈ ਕੇ ਆਏ। ਸ਼ਿੰਦਰ ਨੇ ਮਾਪਿਆਂ ਦਾ ਵਾਹਵਾ ਖਰਚਾ ਕਰਵਾ ਦਿੱਤਾ। ਮੈਂ ਆਖਿਆ ਪੁੱਤਰ ਸ਼ਿੰਦਰ ਤੂੰ ਮਾਪਿਆਂ ਨੂੰ ਇਤਨਾ ਤੰਗ ਨਹੀਂ ਸੀ ਕਰਨਾ। ਸ਼ਿੰਦਰ ਕਹਿੰਦੀ ਭਾਪਾ ਜੀ, ਤੰਗ ਕਾਹਦਾ, ਆਉਣਾ ਨਹੀਂ ਸੀ, ਇਹਨਾਂ ਦੋਹਤੀ ਦੇ ਬਾਹਰ ਵਖਾਉਣ 'ਤੇ। ਅਜੇ ਤਾਂ ਜਦੋਂ ਮੈਂ ਪੁੱਤਰ ਗੋਦੀ ਲਿਆ, ਉਦੋਂ ਵੀ ਇਹਨਾਂ ਨੂੰ ਸੱਦਣਾ, ਇਹ ਕੀ ਆਖਣਗੇ, ਸੁਰਿੰਦਰ ਦੁਨੀਆਂ ਵਸਾਉਣੀ ਨਹੀਂ ਜਾਣਦੀ। ਅਜੇ ਤਾਂ ਇਹਨਾਂ ਤੋਂ ਨਾਨਕੀਆਂ ਸ਼ੱਕਾਂ ਲੈਣੀਆਂ। ਹੁਣ ਇਹਨਾਂ ਨੂੰ ਕਰੂੰ ਸਿੱਧਿਆਂ ਚੰਗੀ ਤਰ੍ਹਾਂ, ਜੱਟਾਂ ਵਾਲਿਆਂ ਨੂੰ। ਸ਼ਿੰਦਰ ਮਾਪਿਆਂ ਦੇ ਆਉਣ 'ਤੇ ਬੇਹੱਦ ਖੁਸ਼ ਸੀ, ਸ਼ਿੰਦਰ ਤਾਂ ਜ਼ਿੰਦਗੀ ਦੀ ਹਰ ਹਕੀਕਤ 'ਚ ਇਤਿਹਾਸ ਦੇ ਨਵੇਂ ਕਾਂਡ ਸਿਰਜ ਰਹੀ ਸੀ। ਬਾਪੂ ਜੀ ਕਿਸੇ ਡੂੰਘੀ ਯਾਦ ਨੂੰ ਅੱਖਾਂ ਸਾਹਮਣੇ ਲਿਆਉਂਦਿਆਂ ਯਾਦ ਕਰਦਿਆਂ ਕਹਿੰਦਾ ਪੁੱਤਰ ਸਿੰਦਰ ਘਰ-ਘਰ ਨਹੀਂ ਜੰਮ ਸਕਦੀਆਂ, ਉਏ ਉਸ ਦੀ ਰੀਸ ਕਿੰਨ੍ਹੇ ਕਰਨੀ ਜੱਗ 'ਤੇ, ਧਰਮ ਤੇ ਸਿਦਕ ਦੀ ਦੇਵੀ ਸੀ। ਗੱਲ-ਗੱਲ ਨਾਲ ਕਹਿੰਦੀ ਹੁੰਦੀ ਸੀ, ''ਬਾਪੂ ਜੀ, ਫ਼ਿਕਰ ਨਾ ਕਰੋ, ਮੈਂ ਸ਼ਹੀਦ ਸਤਵੰਤ ਸਿੰਘ ਤੇ ਤੁਹਾਡੀ ਪੱਗ ਦੀ ਲਾਜ ਆਖ਼ਰੀ ਸਵਾਸਾਂ ਤੱਕ ਰੱਖਾਂਗੀ।''

ਪਿੰਡ ਅਗਵਾਨ ਦੀ ਫਿਰਨੀ ਦੇ ਬਾਹਰ ਅਤੇ ਡੇਰਾ ਬਾਬਾ ਨਾਨਕ ਤੋਂ ਕਲਾਨੌਰ ਜਾਣ ਵਾਲੀ ਸੜਕ 'ਤੇ ਅਗਵਾਨ ਦੇ ਬੱਸ ਅੱਡੇ ਦੇ ਨੇੜੇ ਸ਼ਹੀਦ ਸ. ਸਤਵੰਤ ਸਿੰਘ ਦੀ ਯਾਦ ਵਿਚ ਗੁਰਦੁਆਰਾ ਸ਼ਹੀਦਾਂ ਬਣਿਆ ਹੋਇਆ ਹੈ। ਸ਼ਹੀਦਾਂ ਗੁਰਦੁਆਰਾ ਲਈ ਜ਼ਮੀਨ ਸ. ਸਤਵੰਤ ਸਿੰਘ ਜੀ ਦੇ ਪਿਤਾ ਬਾਪੂ ਤਰਲੋਕ ਸਿੰਘ ਨੇ ਦਿੱਤੀ ਸੀ, ਜਿਸ ਦੀ ਕਾਰ ਸੇਵਾ ਬਾਬਾ ਬਲਕਾਰ ਸਿੰਘ ਜੀ ਨੇ ਕਰਵਾਈ ਸੀ। ਸੜਕ ਦੇ ਕੰਢੇ ਬੱਸ ਅੱਡੇ ਅਗਵਾਨ ਦੇ ਕੋਲ ਇਤਿਹਾਸਕ ਗੁਰਦੁਆਰਾ ਸ਼ਹੀਦ ਗੰਜ ਸਤਵੰਤ ਸਿੰਘ ਸੜਕ ਉੱਤੋਂ ਲੰਘਣ ਵਾਲਿਆਂ ਨੂੰ ਸ਼ਹੀਦ ਸ. ਸਤਵੰਤ ਸਿੰਘ ਦੀ ਲਾਸਾਨੀ ਸ਼ਹਾਦਤ ਦੀ ਯਾਦ ਤਾਜ਼ਾ ਕਰਵਾਉਂਦਾ ਹੈ। ਜਦੋਂ ਵੀ ਰੋਜ਼ਾਨਾ ਵਿਹਲ ਮਿਲਦਾ, ਸੁਰਿੰਦਰ ਕੌਰ ਸ਼ਹੀਦ ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਜਾ ਕੇ ਸੇਵਾ ਕਰ ਕੇ ਆਉਂਦੀ। ਆਪਣੀ ਧੀ ਮਨਪ੍ਰੀਤ ਨੂੰ ਆਪਣੀ ਸੱਸ ਪਿਆਰ ਕੌਰ ਨੂੰ ਚੁਕਾ ਦੇਂਦੀ, ਆਪ ਝਾੜੂ ਸਫ਼ਾਈ, ਲੰਗਰ ਦੀ ਸੇਵਾ ਵਿਚ ਹਿੱਸਾ ਲੈਂਦੀ। ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰਦੀ ਕਿ ਸੱਚੇ ਪਾਤਿਸ਼ਾਹ ਵਾਹਿਗੁਰੂ ਮੇਰੇ ਛੋਟੇ ਵੀਰ (ਦਿਉਰ ਸਰਵਨ ਸਿੰਘ) ਦੇ ਘਰ ਪੁੱਤਰ ਦੀ ਦਾਤ ਬਖ਼ਸ਼, ਜਿਸ ਨੂੰ ਮੈਂ ਆਪਣੀ ਗੋਦੀ ਪਾ ਕੇ ਆਪਣੇ ਮਨ ਦੀਆਂ ਖ਼ੁਸ਼ੀਆਂ ਪੂਰੀਆਂ ਕਰ ਸਕਾਂ। ਬੀਬੀ ਸੁਰਿੰਦਰ ਕੌਰ ਦੇ ਮਨ ਦੀ ਅਰਦਾਸ ਸੱਚੇ ਪਾਤਿਸ਼ਾਹ ਪੂਰੀ ਕੀਤੀ, ਸਰਵਣ ਸਿੰਘ ਤੇ ਨਰਿੰਦਰ ਕੌਰ ਦੇ ਘਰ ਪੁੱਤਰ ਦੀ ਦਾਤ ਸੱਚੇ ਪਾਤਿਸ਼ਾਹ ਬਖ਼ਸ਼ਿਸ਼ ਕੀਤੀ।

ਸ਼ਿੰਦਰ (ਸੁਰਿੰਦਰ ਕੌਰ) ਨੇ ਸਰਵਨ ਸਿੰਘ ਦੇ ਪੁੱਤਰ ਨੂੰ ਜਨਮਦੇ ਨੂੰ ਹੀ ਆਪਣੀ ਝੋਲੀ ਪਵਾ ਲਿਆ। ਮਸਾਂ ਜਿਹੇ ਕਿਤੇ ਵਾਹਿਗੁਰੂ ਨੇ ਉਸ ਦੀ ਆਸ-ਰੀਝ ਪੂਰੀ ਕੀਤੀ ਸੀ। ਜਿਸ ਦਿਨ ਕਾਕੇ ਜਨਮ ਲਿਆ, ਸੁਰਿੰਦਰ ਫੁੱਲੀ ਨਹੀਂ ਸੀ ਸਮਾਉਂਦੀ। ਚੌਂਕੀਦਾਰ ਆਪਣੇ ਰਜਿਸਟਰ 'ਚ ਨਾਂ ਲਿਖਣ ਲਈ ਆਇਆ ਤਾਂ ਸ਼ਿੰਦਰ ਸਾਰੇ ਪਰਿਵਾਰ ਨੂੰ ਕਹਿਣ ਲੱਗੀ ਕਾਕੇ ਦਾ ਨਾਂ ਕੀ ਰੱਖੀਏ। ਅਸੀਂ ਕਿਹਾ ਪੁੱਤਰ ਜਿਹੜਾ ਨਾਂ ਤੈਨੂੰ ਸੋਹਣਾ ਲੱਗਦਾ, ਰੱਖ ਲੈ। ਸ਼ਿੰਦਰ ਸਤਵੰਤ ਦੀ ਮਾਂ ਨੂੰ ਕਹਿੰਦੀ, ''ਬੀਬੀ, ਐਤਕੀਂ ਤਾਂ ਦਾਦੀ ਜਿਹੜਾ ਨਾਂ ਰੱਖੂ, ਉਹੋ ਲਿਖਾਉਣਾ। ਸਤਵੰਤ ਦੀ ਮਾਂ ਕਹਿੰਦੀ ਆਗਿਆਪਾਲ ਸਿੰਘ ਲਿਖ ਦਿਉ। ਸ਼ਿੰਦਰ ਕਹਿੰਦੀ, ਬੀਬੀ ਜੀ ਠੀਕ ਹੈ। ਕਾਕੇ ਦਾ ਨਾਂ ਆਗਿਆਪਾਲ ਸਿੰਘ ਬਹੁਤ ਸੋਹਣਾ ਹੈ। ਸੁਰਿੰਦਰ ਕੌਰ ਨੇ ਆਪਣੇ ਪੁੱਤਰ ਦਾ ਨਾਂ ਆਗਿਆਪਾਲ ਸਿੰਘ, ਪਿਤਾ ਦਾ ਨਾਂ ਸਤਵੰਤ ਸਿੰਘ ਪੁੱਤਰ ਤਰਲੋਕ ਸਿੰਘ, ਮਾਤਾ ਦਾ ਨਾਂ ਸੁਰਿੰਦਰ ਕੌਰ ਪਤਨੀ ਸਤਵੰਤ ਸਿੰਘ, ਜਨਮ ਤਰੀਕ,

ਪਿੰਡ ਅਗਵਾਨ ਖੁਰਦ, ਤੇ ਥਾਣਾ ਡੇਰਾ ਬਾਬਾ ਨਾਨਕ, ਜਿਲ੍ਹਾ ਗੁਰਦਾਸਪੁਰ, ਲਿਖ ਦਿੱਤਾ।

ਚੌਂਕੀਦਾਰ ਨੂੰ ਖੁਸ਼ੀ ਵੱਜੋਂ ਪੱਗ ਤੇ ਸੌ ਰੁਪਿਆ ਦੇ ਕੇ ਖੁਸ਼ੀ-ਖੁਸ਼ੀ ਵਿਦਾ ਕੀਤਾ ਤੇ ਆਖਿਆ ਭਾਊ ਪੱਗ ਸਿਰ 'ਤੇ ਬੰਨ੍ਹੀਂ। ਜੇ ਕੋਈ ਪੁੱਛੇ ਤਾਂ ਦੱਸ ਦੇਵੀਂ ਪਈ ਸਤਵੰਤ ਸਿੰਘ ਦੇ ਪੁੱਤਰ ਦੀ ਵਧਾਈ ਦੀ ਸਤਵੰਤ ਸਿੰਘ ਦੀ ਸਿੰਘਣੀ ਨੇ ਪੁੱਤਰ ਦੇ ਜਨਮ ਦੀ ਖੁਸ਼ੀ ਵਿਚ ਦਿੱਤੀ ਆ। ਸ਼ਿੰਦਰ ਆਪਣੀ ਸੱਸ ਨੂੰ ਕਹਿੰਦੀ, ਬੀਬੀ ਜੀ! ਲਾਗੀ ਹੱਥ ਵਧਾਈ, ਆਗਿਆਪਾਲ ਸਿੰਘ ਦੇ ਨਾਨਕੇ ਪਿੰਡ ਜੱਟਾਂ ਭੇਜਣੀ ਆ। ਤੁਸੀਂ ਮੈਨੂੰ ਸ਼ਹਿਰੋਂ ਵਧਾਈ ਲਈ ਪਤਾਸੇ ਮੰਗਵਾ ਦਿਉ। ਮੈਂ (ਬਾਪੂ ਤਰਲੋਕ ਸਿੰਘ) ਤੇ ਸਤਵੰਤ ਦੀ ਮਾਂ ਸ਼ਹਿਰ ਡੇਰਾ ਬਾਬਾ ਨਾਨਕ ਗਏ। ਆਗਿਆਪਾਲ ਦੇ ਪਹਿਨਣ ਲਈ ਬਜ਼ਾਰੋਂ ਨਵੇਂ ਸੂਟ ਖ਼ਰੀਦ ਲਿਆਏ ਨਾਲੇ ਵਧਾਈ ਲਈ ਦਸ ਕਿਲੋ ਪਤਾਸੇ ਬਣਵਾ ਲਿਆਏ। ਲਾਗੀ (ਨਾਈ/ਰਾਜਾ) ਦੇ ਹੱਥ ਪਤਾਸੇ ਵਧਾਈ ਸਤਵੰਤ ਸਿੰਘ ਦੇ ਸਹੁਰੇ ਘਰ ਪਿੰਡ ਜੱਟਾਂ ਭੇਜ ਦਿੱਤੇ। ਜੱਟਾਂ ਵਾਲੇ ਮੇਰੇ ਕੁੜਮ ਵਿਰਸਾ ਸਿੰਘ ਤੇ ਪ੍ਰੀਤਮ ਕੌਰ ਨੇ ਖੁਸ਼ੀ-ਖੁਸ਼ੀ ਦੋਹਤਰੇ ਦੀ ਵਧਾਈ ਪ੍ਰਵਾਨ ਕੀਤੀ ਅਤੇ ਨਾਈ ਨੂੰ ਚਾਹ ਪਾਣੀ ਛਕਾ ਕੇ ਨਕਦੀ ਤੇ ਕੰਬਲ ਸੂਟ ਦੇ ਕੇ ਘਰੋਂ ਵਿਦਾ ਕੀਤਾ।

ਆਗਿਆਪਾਲ ਸਿੰਘ ਸਵਾ ਮਹੀਨੇ (40 ਦਿਨਾਂ) ਦਾ ਹੋਇਆ ਤਾਂ ਉਸ ਨੂੰ ਬਾਹਰ ਵਖਾਇਆ ਗਿਆ। ਇਸ ਦਿਨ ਸਰਵਨ ਸਿੰਘ ਦੇ ਸਹੁਰੇ ਪਰਿਵਾਰ ਵੀ ਆਪਣੀ ਧੀ ਨਰਿੰਦਰ ਤੇ ਦੂਜੇ ਪਰਿਵਾਰ ਦਾ ਲਗ-ਲਗਾ ਲੈ ਕੇ ਪਹੁੰਚ ਗਿਆ ਤੇ ਸ਼ਿੰਦਰ ਦਾ ਪਿਤਾ ਵਿਰਸਾ ਸਿੰਘ ਮਾਤਾ ਪ੍ਰੀਤਮ ਕੌਰ, ਭਰਾ ਬਲਵਿੰਦਰ ਸਿੰਘ, ਲਖਵਿੰਦਰ ਸਿੰਘ, ਹਰਭਿੰਦਰ ਸਿੰਘ, ਭੈਣਾਂ ਸੁਖਜੀਤ ਕੌਰ, ਲਖਵਿੰਦਰ ਕੌਰ, ਸਰਬਜੀਤ ਕੌਰ, ਸਾਰਾ ਪਰਿਵਾਰ ਵਜ-ਵਜਾ ਕੇ ਆਗਿਆਪਾਲ ਸਿੰਘ ਦਾ ਜਨੇਪਾ ਲੈ ਕੇ ਨਸ਼ੋਏ 'ਤੇ ਪਹੁੰਚ ਗਏ। ਸ਼ਿੰਦਰ ਕੌਰ ਦੇ ਸੁਭਾ ਅਤੇ ਖੁਸ਼ੀਆਂ ਨੂੰ ਮੁੱਖ ਰੱਖ ਕੇ ਕਿਤੇ ਲੋੜੋਂ ਵੱਧ ਖ਼ਰਚਾ ਕਰ ਕੇ ਆਏ। ਆਗਿਆਪਾਲ ਦੋਹਤੇ ਦੇ ਲੀੜੇ, ਕੱਪੜੇ, ਸੋਨੇ ਦਾ ਕੜਾ, ਪੰਜੀਰੀ, ਜਿਹੜੀ ਸੁਰਿੰਦਰ ਤੇ ਨਰਿੰਦਰ ਵਾਸਤੇ ਲੈ ਕੇ ਆਏ। ਸਾਰੇ ਪਰਿਵਾਰ ਤੇ ਆਗਿਆਪਾਲ ਦੀਆਂ ਦੋਵਾਂ ਭੂਆ ਰਣਜੀਤ ਕੌਰ ਤੇ ਬਲਜੀਤ ਕੌਰ ਦਾ ਲੀੜਾ ਕੱਪੜਾ ਵੀ ਲੈ ਕੇ ਆਏ। ਜੱਟਾਂ ਵਾਲਿਆਂ ਨੇ ਆਪਣੀ ਧੀ ਸੁਰਿੰਦਰ ਕੌਰ ਦੀ ਹਰ ਖੁਸ਼ੀ ਵਿਚ ਸ਼ਰੀਕ ਹੋਣ ਲਈ ਪੂਰੀ ਵਾਹ ਲਾ ਦਿੱਤੀ ਕਿਉਂਕਿ ਸੁਰਿੰਦਰ ਕੌਰ ਦੀ ਖੁਸ਼ੀ ਸਾਡੇ ਸਾਰਿਆਂ ਲਈ ਰੱਬ ਦੀ ਖੁਸ਼ੀ ਹਾਸਲ ਕਰਨ

ਦੇ ਬਰਾਬਰ ਸੀ।

ਆਗਿਆਪਾਲ ਸਿੰਘ ਨੂੰ ਇਸ਼ਨਾਨ ਕਰਵਾ ਕੇ ਨਾਨਕਿਆਂ ਦਾ ਲਿਆਂਦਾ ਨਵਾਂ ਸੂਟ ਪਾ ਕੇ ਸੁਰਿੰਦਰ ਕੌਰ ਵੀ ਆਪਣੇ ਪੇਕਿਆਂ ਵੱਲੋਂ ਲਿਆਂਦਾ ਕੇਸਰੀ ਰੰਗ ਦਾ ਸੂਟ ਪਹਿਨ ਕੇ ਆਗਿਆਪਾਲ ਦੇ ਦੋਵਾਂ ਥਾਵਾਂ ਵਾਲੇ ਨਾਨਕੇ, ਸਾਡਾ ਸਾਰਾ ਪਰਿਵਾਰ ਤੇ ਭਾਈਚਾਰਾ, ਸ਼ਰੀਕਾ ਸ਼ਹੀਦ ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਪਹੁੰਚ ਗਏ। ਮੈਂ (ਤਰਲੋਕ ਸਿੰਘ) ਸਵੇਰੇ ਦੇਗ ਵਾਸਤੇ ਗ੍ਰੰਥੀ ਨੂੰ ਰਸਦ ਦੇ ਆਇਆ ਸੀ। ਗ੍ਰੰਥੀ ਨੇ ਦੇਗ ਤਿਆਰ ਕੀਤੀ। ਗੁਰਦੁਆਰਾ ਸਾਹਿਬ ਦੇ ਗ੍ਰੰਥੀ ਨੇ ਮੁਖਵਾਕ ਲਿਆ। ਜਪੁ ਜੀ ਸਾਹਿਬ, ਅਨੰਦੁ ਸਾਹਿਬ ਜੀ ਦਾ ਪਾਠ ਕੀਤਾ, ਉਪਰੰਤ ਸੁਰਿੰਦਰ ਕੌਰ ਨੇ ਗੁਰਦੁਆਰਾ ਸਾਹਿਬ ਵਿਚ ਜੁੜੀ ਸੰਗਤ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗ੍ਰੰਥੀ ਸਿੰਘ ਤੋਂ ਆਗਿਆਪਾਲ ਸਿੰਘ ਦੀ ਸੁਰਿੰਦਰ ਕੌਰ-ਸਤਵੰਤ ਸਿੰਘ ਦਾ ਪੁੱਤਰ ਗੋਦੀ ਪ੍ਰਾਪਤ ਕਰਨ ਦੀ ਅਰਦਾਸ ਕਰਵਾ ਲਈ। ਇਸ ਮੌਕੇ 'ਤੇ ਫ਼ੋਟੋਗ੍ਰਾਫ਼ਰ ਨੂੰ ਵੀ ਸੱਦਿਆ ਸੀ। ਸ਼ਿੰਦਰ ਦੇ ਆਗਿਆਪਾਲ ਸਿੰਘ ਨੂੰ ਗੋਦੀ ਲੈਣ ਦੀਆਂ ਤਸਵੀਰਾਂ ਵੀ ਖਿੱਚੀਆਂ ਗਈਆਂ। ਬੜਾ ਹੀ ਖ਼ੁਸ਼ੀ ਭਰਿਆ ਮਾਹੌਲ ਸੀ। ਅਸੀਂ ਸਾਰੇ ਹੀ ਖ਼ੁਸ਼ ਸੀ ਕਿ ਸੁਰਿੰਦਰ ਕੌਰ ਆਪਣੀ ਅਕਲਬੁੱਧੀ, ਸਿਦਕ ਤੇ ਦ੍ਰਿੜ੍ਹਤਾ ਨਾਲ ਜ਼ਿੰਦਗੀ ਦੇ ਬਿਖੜੇ ਪੈਂਡਿਆਂ ਦੇ ਰਸਤੇ ਪੱਧਰੇ ਕਰ ਰਹੀ ਹੈ। ਸਾਨੂੰ ਸੁਰਿੰਦਰ ਕੌਰ ਦੇ ਸੁਪਨਿਆਂ ਦਾ ਸੁਨਹਿਰੀ ਭਵਿੱਖ ਨਜ਼ਰ ਆਉਣ ਲੱਗ ਪਿਆ ਸੀ।

ਬਾਪੂ ਤਰਲੋਕ ਸਿੰਘ—ਸ਼ਿੰਦਰ ਦੇ ਧੀ ਅਤੇ ਪੁੱਤਰ ਗੋਦੀ ਲੈਣ ਨਾਲ ਨਵੀਂ ਜ਼ਿੰਦਗੀ ਸ਼ੁਰੂ ਹੋ ਗਈ। ਸਾਰਾ ਦਿਨ ਧੀ ਪੁੱਤਰ ਦੀ ਸੰਭਾਲ, ਸਾਡੀ ਦੋਵਾਂ ਜੀਆਂ ਦੀ ਸੇਵਾ ਕਰਦੀ ਨਾ ਥੱਕਦੀ। ਸੁਰਿੰਦਰ ਦੀ ਜ਼ਿੰਦਗੀ ਚੁਫੇਰੇ ਫੁੱਲਾਂ ਦੀ ਮਹਿਕ ਬਿਖੇਰ ਰਹੀ ਸੀ। ਉਸ ਦਾ ਆਸਾਂ ਦਾ ਸੂਰਜ ਉਦੇ ਹੋ ਗਿਆ ਸੀ। ਸੁਰਿੰਦਰ ਦੇ ਬੱਚਿਆਂ ਦੀਆਂ ਕਿਲਕਾਰੀਆਂ ਨਾਲ ਉਸ ਦੇ ਦਿਨ ਰਾਤ ਦੇ ਰੁਝੇਵੇਂ, ਵਾਤਾਵਰਨ ਵਿਚ ਮਿੱਠਾ ਸੰਗੀਤ ਘੋਲ ਰਹੇ ਹਨ। ਮੈਂ ਤੇ ਸਤਵੰਤ ਦੀ ਮਾਂ ਹੁਣ ਸੁਰਿੰਦਰ ਦੀ ਕੋਈ ਚਿੰਤਾ ਨਹੀਂ ਸੀ ਕਰਦੇ। ਸਗੋਂ ਕਲਪਨਾ ਕਰਦੇ ਸੀ ਕਿ ਹੇ ਸੱਚੇ ਪਾਤਿਸ਼ਾਹ ਵਾਹਿਗੁਰੂ ਹੁਣ ਸਾਡੀ ਕੋਈ ਜੇ ਦਸ ਸਾਲ ਜ਼ਿੰਦਗੀ ਹੋਵੇ ਤਾਂ ਅਸੀਂ ਆਪਣੀ ਸੁਰਿੰਦਰ ਦੇ ਧੀ-ਪੁੱਤਰ ਮਨਪ੍ਰੀਤ ਕੌਰ, ਆਗਿਆਪਾਲ ਸਿੰਘ ਦੇ ਵਿਆਹ ਦੀਆਂ ਖ਼ੁਸ਼ੀਆਂ ਤੇ ਸੁਰਿੰਦਰ-ਸਤਵੰਤ ਦੇ ਵਿਹੜੇ ਦੀ ਵਧੀ ਰੌਣਕ ਵੇਖ ਸਕੀਏ। ਸਾਨੂੰ ਬੀਤੇ ਦੇ ਸਾਰੇ ਸੰਤਾਪ ਭੁੱਲ ਗਏ ਸਨ। ਪੱਤਝੜ ਤੋਂ ਬਾਅਦ ਜਿਵੇਂ ਬਸੰਤ ਰੁੱਤ

ਦੀ ਬਹਾਰ ਆਉਂਦੀ ਹੈ, ਇਸੇ ਤਰ੍ਹਾਂ ਸੁਰਿੰਦਰ ਦੀ ਜ਼ਿੰਦਗੀ 'ਚ ਬਸੰਤ ਦੀਆਂ ਖੁਸ਼ੀਆਂ ਵਾਂਗ ਬਹਾਰ ਆ ਗਈ ਸੀ। ਸ਼ਹੀਦ ਸਤਵੰਤ ਸਿੰਘ ਦਾ ਘਰ ਵੱਸਦਾ ਹੋ ਗਿਆ ਸੀ। ਗੁਰਬਾਣੀ ਫ਼ੁਰਮਾਨ ਅਨੁਸਾਰ 'ਵਧੀ ਵੇਲ ਬਹੁ ਪੀੜੀ ਚਾਲੀ' ਇਹ ਸਭ ਕੁਝ ਦਾ ਸਿਹਰਾ ਸੁਰਿੰਦਰ ਕੌਰ ਦੇ ਸਿਦਕ ਦੇ ਸਿਰ ਨੂੰ ਬੱਝਦਾ ਸੀ। ਸਾਡੇ ਵਾਂਗ ਸੁਰਿੰਦਰ ਦੇ ਪੇਕੇ ਵੀ ਧੀ ਦੇ ਭਵਿੱਖ ਦੀ ਚਿੰਤਾ ਤੋਂ ਮੁਕਤ ਹੋ ਗਏ ਸਨ। ਉਹਨਾਂ ਦੀ ਸਿਦਕੀ ਤੇ ਧਰਮੀ, ਦ੍ਰਿੜ੍ਹ ਇਰਾਦੇ ਵਾਲੀ ਧੀ ਨੇ ਅਕਲ ਬੁੱਧੀ ਤੇ ਪਰਮਾਤਮਾ ਦੇ ਭਰੋਸੇ ਸ਼ਹੀਦ ਸਤਵੰਤ ਸਿੰਘ ਤੇ ਆਪਣਾ ਘਰ ਵਸਾ ਕੇ ਵਿਖਾ ਦਿੱਤਾ ਸੀ।

ਪਰ ਪੁੱਤਰ ਕੀ ਕਰੀਏ ? ਸਾਡੀਆਂ ਖੁਸ਼ੀਆਂ ਨੂੰ ਛੇਤੀ ਹੀ ਚਿੰਤਾ ਨੇ ਆਣ ਘੇਰਿਆ। ਸਾਡੀ ਧਰਮੀ ਨੂੰਹ ਨੂੰ ਕੈਂਸਰ ਨਾਂ ਦੀ ਨਾਮੁਰਾਦ ਬਿਮਾਰੀ ਨੇ ਆਣ ਘੇਰਿਆ। ਹੁਣ ਸੁਰਿੰਦਰ ਕੌਰ ਦੀ ਬਿਮਾਰੀ ਦਾ ਇਲਾਜ ਕਰਾਉਣ ਲਈ ਸਾਡਾ ਸਾਰਾ ਪਰਿਵਾਰ ਅਤੇ ਪੇਕਾ ਪਰਿਵਾਰ ਜੁੱਟ ਪਏ। ਜਿਥੇ ਵੀ ਕੈਂਸਰ ਦੇ ਰੋਗ ਦੇ ਇਲਾਜ ਦੀ ਦੱਸ ਪਈ, ਉਥੇ ਹੀ ਮਹਿੰਗੇ ਤੋਂ ਮਹਿੰਗੇ ਇਲਾਜ ਕਰਵਾਏ। ਅਸੀਂ ਹਰ ਹੀਲੇ ਸੁਰਿੰਦਰ ਦੀ ਤੰਦਰੁਸਤੀ ਚਾਹੁੰਦੇ ਸੀ। ਪਰ ਸੁਰਿੰਦਰ ਦਾ ਰੋਗ ਦਿਨੋ-ਦਿਨ ਵਧਦਾ ਹੀ ਗਿਆ। ਹੁਣ ਸੁਰਿੰਦਰ ਨੂੰ ਇਲਾਜ ਕਰਵਾਉਣ ਲਈ ਦੂਰ-ਦੁਰਾਡੇ ਹਸਪਤਾਲਾਂ ਵਿਚ ਜਾਣ ਵੇਲੇ ਧੀ ਮਨਪ੍ਰੀਤ ਤੇ ਪੁੱਤਰ ਆਗਿਆਪਾਲ ਸਿੰਘ ਨੂੰ ਘਰ ਛੱਡ ਕੇ ਜਾਣਾ ਪੈਂਦਾ ਸੀ। ਜਿਸ 'ਤੇ ਕਈ ਵਾਰ ਸੁਰਿੰਦਰ ਰੱਬ ਨੂੰ ਉਲ੍ਹਾਂਭਾ ਦੇਣ ਵਾਂਗ ਕਹਿੰਦੀ, ਸੱਚੇ ਪਾਤਿਸ਼ਾਹ ਵਾਹਿਗੁਰੂ ਕੀ ਤੈਨੂੰ ਮੇਰੀ ਕੋਈ ਰੀਝ ਖੁਸ਼ੀ ਚੰਗੀ ਨਹੀਂ ਲੱਗਦੀ। ਫਿਰ ਆਪੇ ਕਹਿੰਦੀ, ਨਹੀਂ ਸੱਚੇ ਪਿਤਾ ਵਾਹਿਗੁਰੂ ਜੋ ਕਰਦਾ ਏ, ਚੰਗਾ ਈ ਕਰਦਾ ਏਂ। ਮੇਰਾ ਸ਼ਹੀਦ ਸਤਵੰਤ ਸਿੰਘ ਨਾਲ ਦੂਜੇ ਜਨਮ 'ਚ ਮਿਲਣ ਦਾ ਵਾਅਦਾ। ਉਹ ਵੀ ਤਾਂ ਪਰਮਾਤਮਾ ਨੇ ਪੂਰਾ ਕਰਨਾ ਹੋਇਆ, ਜੇ ਇਸ ਜਨਮ 'ਚ ਲੰਮੀ ਉਮਰ ਭੋਗਦੀ ਰਹੀ ਤਾਂ ਫਿਰ ਸਤਵੰਤ ਸਿੰਘ ਨਾਲ ਮਿਲਣ ਦਾ ਵਾਅਦਾ ਪੂਰਾ ਨਹੀਂ ਹੋਣਾ। ਗੁਰਬਾਣੀ ਕਹਿੰਦੀ ਹੈ, 'ਜਿਸ ਪਿਆਰੇ ਸਿਉ ਨੇਹ ਤਿਸੁ ਆਗੈ ਮਰਿ ਚਲੀਐ।।' ਮੌਤ ਅਟੱਲ ਹੈ, ਇਸ ਨੇ ਇਕ ਦਿਨ ਆਉਣਾ ਹੀ ਹੈ। 'ਮਰਨ ਲਿਖਾਇ ਮੰਡਲ ਮਹਿ ਆਏ।।' ਜ਼ਿੰਦਗੀ, ਮੌਤ, ਦੁਖ, ਸੁਖ ਪਰਮਾਤਮਾ ਅਕਾਲ ਪੁਰਖ ਵਾਹਿਗੁਰੂ ਜਨਮ ਤੋਂ ਵੀ ਪਹਿਲਾਂ ਨਿਸ਼ਚਿਤ ਕਰ ਦਿੰਦਾ ਹੈ। ਇਸ ਵਿਚ ਇਨਸਾਨ ਵਾਧਾ ਘਾਟਾ ਨਹੀਂ ਕਰ ਸਕਦਾ। ਵਾਹਿਗੁਰੂ ਦੇ ਹੁਕਮ ਅੰਦਰ ਹੀ ਵਰਤਾਰਾ ਵਰਤ ਰਿਹਾ ਹੈ। ਜੋ ਅਕਾਲ ਪੁਰਖ ਨੂੰ ਭਾਉਂਦਾ ਹੈ, ਉਸੇ ਤਰ੍ਹਾਂ ਹੋਈ ਜਾਂਦਾ ਹੈ। ਸੁਰਿੰਦਰ

ਕੌਰ ਮੌਤ ਦੇ ਭੈ ਤੋਂ ਮੁਕਤ ਸੀ, ਉਸ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਅਕਾਲ ਪੁਰਖ ਵਾਹਿਗੁਰੂ ਜੋ ਕੌਤਕ ਵਰਤਾ ਰਿਹਾ ਹੈ, ਸੋ ਚੰਗਾ ਹੀ ਵਰਤਾ ਰਿਹਾ ਹੈ। ਸੁਰਿੰਦਰ ਕੌਰ ਕੈਂਸਰ ਦੇ ਰੋਗ ਨਾਲ ਢਾਈ ਸਾਲ ਪੀੜਤ ਰਹੀ।

ਸੁਰਿੰਦਰ ਕੌਰ ਦੇ ਅਕਾਲ ਚਲਾਣੇ ਤੋਂ ਕੁਝ ਦਿਨ ਪਹਿਲਾਂ ਸੁਰਿੰਦਰ ਦੀ ਮਾਂ ਪ੍ਰੀਤਮ ਕੌਰ ਤੇ ਭਰਾ ਬਲਵਿੰਦਰ ਸਿੰਘ ਆਏ। ਵੈਸੇ ਤਾਂ ਉਹਨਾਂ ਦਾ ਕੋਈ ਨਾ ਕੋਈ ਜੀਅ ਸੁਰਿੰਦਰ ਕੋਲ ਆਇਆ ਹੀ ਰਹਿੰਦਾ ਸੀ। ਕਹਿਣ ਲੱਗੇ, ਸੁਰਿੰਦਰ, ਤੈਨੂੰ ਪਿੰਡ ਜਟਾਂ ਆਪਣੇ ਕੋਲ ਲੈ ਚੱਲੀਏ। ਸੁਰਿੰਦਰ ਕਹਿੰਦੀ, ਵੀਰ ਹੁਣ ਮੈਂ ਜਟਾਂ ਨਹੀਂ ਜਾਣਾ। ਤੁਹਾਡੀ ਟਰਾਲੀ ਭਰ ਕੇ ਇਥੇ ਆਉਂਦੀ ਫੱਬੇਗੀ। ਭਾਪਾ ਜੀ ਦੀ ਟਰਾਲੀ ਭਰ ਕੇ ਉਥੇ ਜਾਂਦੀ ਫੱਬਣੀ ਨਹੀਂ। ਮੈਂ ਤਾਂ ਭਾਪਾ ਜੀ ਦੀ ਪੱਗ ਦੀ ਲਾਜ ਇਸੇ ਘਰ `ਚੋਂ ਵਿਦਾ ਹੋ ਕੇ ਰੱਖਣੀ ਹੈ।

ਇਤਨੀ ਗੱਲ ਕਰਦਿਆਂ ਬਾਪੂ ਜੀ (ਤਰਲੋਕ ਸਿੰਘ) ਦੀਆਂ ਅੱਖਾਂ ਵਿਚ ਆਏ ਹੰਝੂ ਰੋਕਿਆਂ ਵੀ ਨਾ ਰੁਕ ਸਕੇ, ਜਿੰਨਾ ਬਾਪੂ ਜੀ ਪਰਨੇ ਨਾਲ ਪੂੰਝਦੇ ਸਨ ਤਾਂ ਵੀ ਚਿੱਟੇ ਸਫੇਦ ਦਾਹੜੇ `ਤੇ ਟਪਕ ਰਹੇ ਸਨ। ਸੁਰਿੰਦਰ ਕੌਰ ਦੇ ਅਸਹਿ ਵਿਛੋੜੇ ਦੀ ਪੀੜਾ ਨੂੰ ਦਰਸਾ ਰਹੇ ਸਨ।

26 ਦਸੰਬਰ 2000 ਦਾ ਦਿਨ ਸੀ। ਸਾਡਾ ਸਾਰਾ ਪਰਿਵਾਰ ਅਤੇ ਸੁਰਿੰਦਰ ਕੌਰ ਦੇ ਮਾਤਾ-ਪਿਤਾ ਵੀ ਸੁਰਿੰਦਰ ਕੌਰ ਦੇ ਕੋਲ ਸਨ। ਮਾਤਾ ਪ੍ਰੀਤਮ ਕੌਰ, ਭਰਾ ਬਲਵਿੰਦਰ ਸਿੰਘ, ਸੱਸ ਪਿਆਰ ਕੌਰ, ਸਹੁਰਾ ਬਾਪੂ ਤਰਲੋਕ ਸਿੰਘ, ਗੁਰਨਾਮ ਸਿੰਘ, ਸਰਵਨ ਸਿੰਘ (ਜੇਠ ਦਿਉਰ), ਜਸਬੀਰ ਕੌਰ, ਸਵਰਾਜ ਕੌਰ, ਨਰਿੰਦਰ ਕੌਰ (ਜਠਾਣੀ, ਦਰਾਣੀਆਂ) ਕੋਲ ਸਨ। ਬੀਬੀ ਸੁਰਿੰਦਟ ਕੌਰ ਕਹਿੰਦੀ, ਵੀਰ, ਗੁਰਦੁਆਰਾ ਸਾਹਿਬ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕਰ ਕਿ ਸੱਚੇ ਪਾਤਿਸ਼ਾਹ ਸੁਰਿੰਦਰ ਕੌਰ ਪਤੀ ਸਤਵੰਤ ਸਿੰਘ ਕੋਲ ਆ ਰਹੀ ਹੈ, ਸੱਚੇ ਸਤਿਗੁਰੂ ਸਾਡਾ ਮੇਲ ਕਰਾ ਦੇਵੀਂ। ਸਤਵੰਤ ਸਿੰਘ ਨੂੰ ਕਹਿ ਦੇਵੀਂ ਭਾਬੀ ਨੇ ਤੇਰੀ ਪੱਗ ਨੂੰ ਲਾਜ ਨਹੀਂ ਲੱਗਣ ਦਿੱਤੀ। ਤੇਰੇ ਕੋਲ ਆ ਰਹੀ ਹੈ, ਜਿਵੇਂ ਮੇਰੀ ਹਰ ਗੱਲ ਅੱਗੇ ਮੰਨੀ, ਮੇਰੀ ਇਹ ਇੱਛਾ ਵੀ ਜ਼ਰੂਰ ਪੂਰੀ ਕਰੀਂ। ਸਰਵਨ ਸਿੰਘ ਸੁਰਿੰਦਰ ਕੌਰ ਦਾ ਹੁਕਮ ਮੰਨ ਕੇ ਸ਼ਹੀਦ ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਨੂੰ ਤੁਰ ਪਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਅਰਦਾਸ ਕੀਤੀ, ਉਪਰੰਤ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ। 3 ਵੱਜ ਕੇ 30 ਮਿੰਟ, ਅੰਮ੍ਰਿਤ ਵੇਲਾ ਸੀ, ਬੀਬੀ ਸੁਰਿੰਦਰ

ਕੌਰ ਨੇ ਆਪਣੇ ਸਵਾਸ ਦੇ ਦਿੱਤੇ। ਸਰਵਨ ਸਿੰਘ ਅਰਦਾਸ ਕਰ ਕੇ ਗੁਰਦੁਆਰਾ ਸਾਹਿਬ ਤੋਂ ਬਾਹਰ ਨਿਕਲਿਆ ਤਾਂ ਸੁਰਿੰਦਰ ਕੌਰ ਦੇ ਸਤਵੰਤ ਸਿੰਘ ਪਾਸ ਪੁੱਜਣ ਦਾ ਪਤਾ ਲੱਗ ਗਿਆ। ਸਾਰੇ ਪਰਿਵਾਰ ਦੇ ਸਬਰ ਦਾ ਬੰਨ੍ਹ ਟੁੱਟ ਗਿਆ ਸੀ ਤੇ ਸੁਰਿੰਦਰ ਕੌਰ ਦੇ ਵਿਛੋੜੇ 'ਚ ਭੁੱਬਾਂ ਨਿਕਲ ਗਈਆਂ। ਸਰਵਨ ਸਿੰਘ ਵੀ ਵਿਛੋੜੇ ਦੇ ਅਸਹਿ ਦੁੱਖ 'ਚ ਰੋਂਦਾ ਹੋਇਆ ਘਰ ਨੂੰ ਤੁਰਿਆ ਆ ਰਿਹਾ ਸੀ. ਲੋਹੜੇ ਦੀ ਠੰਡ ਤੇ ਕਹਿਰ ਦੀ ਧੁੰਦ ਵਿਚ ਕੰਧਾਂ ਨਾਲ ਠੋਕਰਾਂ ਖਾਂਦਾ ਸਰਵਨ ਸਿੰਘ ਘਰ ਪੁੱਜਿਆ।

19

ਅੰਤਿਮ ਸਮਾਂ ਸੁਰਿੰਦਰ ਕੌਰ ਦਾ ਨੇੜੇ ਆਇਆ ਦਿੱਸ ਹੀ ਰਿਹਾ ਸੀ, ਸਾਡੇ ਵਾਸਤੇ ਬਹੁਤ ਹੀ ਦੁਖਦਾਈ ਘੜੀ ਨੇ ਆ ਕੇ ਸਾਨੂੰ ਗ਼ਮਾਂ ਦੇ ਸਮੁੰਦਰ ਵਿਚ ਡੋਬਿਆ ਹੋਇਆ ਸੀ। ਸੁਰਿੰਦਰ ਸਤਵੰਤ ਦੀ ਮਾਂ ਨੂੰ ਕਹਿੰਦੀ, ਬੀਬੀ ਜੀ, ਮੈਨੂੰ ਸਹਾਰਾ ਦੇ ਕੇ ਬਿਠਾਉ। ਵੱਡੀ ਨੂੰਹ ਜਸਬੀਰ ਨੇ ਸਹਾਰਾ ਦੇ ਕੇ ਉਤਾਂਹ ਉਠਾਇਆ। ਪਿੱਛੇ ਸਹਾਰਾ ਦੇ ਕੇ ਸਤਵੰਤ ਦੀ ਮਾਂ ਪਿਆਰ ਕੌਰ, ਸੁਰਿੰਦਰ ਕੌਰ ਨੂੰ ਗੋਦੀ ਵਿਚ ਲੈ ਕੇ ਬੈਠ ਗਈ। ਸੁਰਿੰਦਰ ਇਸ ਤਰ੍ਹਾਂ ਮਹਿਸੂਸ ਹੁੰਦੀ ਸੀ ਜਿਵੇਂ ਚੰਗੀ ਤੰਦਰੁਸਤ ਹੋਵੇ। ਸੁਰਿੰਦਰ ਕਹਿੰਦੀ, ਮਨਪ੍ਰੀਤ ਤੇ ਆਗਿਆਪਾਲ ਨੂੰ ਮੇਰੀ ਗੋਦੀ 'ਚ ਲਿਆਉ। ਸੁਰਿੰਦਰ ਮਨਪ੍ਰੀਤ ਤੇ ਆਗਿਆਪਾਲ ਨੂੰ ਗੋਦ 'ਚ ਚੁੱਕ ਕੇ ਕਿੰਨਾ ਚਿਰ ਲਾਡ ਪਿਆਰ ਤੇ ਗੱਲਾਂ ਕਰਦੀ ਰਹੀ। ਫਿਰ ਵਾਰੀ-ਵਾਰੀ ਸਾਰੇ ਪਰਿਵਾਰ ਨਾਲ ਨਿੱਕੇ-ਵੱਡਿਆਂ ਨਾਲ ਗੱਲਾਂ ਕੀਤੀਆਂ। ਸੁਰਿੰਦਰ ਦੀਆਂ ਗੱਲਾਂ ਮੋਹ ਭਰੀਆਂ ਸਨ, ਜਿਨ੍ਹਾਂ 'ਚ ਕੁਝ ਸਵਾਲ ਵੀ ਸੀ, ਕਿ ਮੈਂ ਤੁਹਾਡਾ ਕੋਈ ਦਿਲ ਦੁਖਾਇਆ ਹੋਵੇ ਤਾਂ ਮਾਫ਼ ਕਰ ਦੇਣਾ। ਮੇਰੇ ਕਰਕੇ ਦੋਵਾਂ ਪਰਿਵਾਰਾਂ ਨੂੰ ਕਈ ਪ੍ਰੇਸ਼ਾਨੀਆਂ ਆਈਆਂ। ਅਸੀਂ ਸਾਰਿਆਂ ਕਿਹਾ, ਸੁਰਿੰਦਰ ਅਸੀਂ ਤੇਰਾ ਦੇਣ ਦੇ ਹੀ ਨਹੀਂ ਸਕਦੇ, ਤੂੰ ਸ਼ਹੀਦ ਸਤਵੰਤ ਸਿੰਘ ਦੀ ਤੇ ਸਾਡੇ ਦੋਵਾਂ ਪਰਿਵਾਰਾਂ ਦੀ ਇੱਜ਼ਤ ਦੀ ਪੱਗ ਦੀ ਲਾਜ ਰੱਖੀ ਹੈ, ਸਾਡੇ ਤੇ ਸਰੀਰ ਦਾ ਰੋਮ ਰੋਮ ਤੇਰੀ ਮਹਾਨ ਕੁਰਬਾਨੀ ਸਿਦਕ ਦਾ ਰਿਣੀ ਹੈ।

ਸੁਰਿੰਦਰ ਕਹਿੰਦੀ, ਭਾਪਾ ਜੀ। ਮੈਂ ਕਿਹਾ, ਦੱਸ ਪੁੱਤਰ, ਸ਼ਿੰਦਰ। ਸੁਰਿੰਦਰ ਕਹਿੰਦੀ, ਭਾਪਾ ਜੀ, ਜਿਵੇਂ ਤੁਸੀਂ ਆਪਣੇ ਪੁੱਤਰ ਸਤਵੰਤ ਸਿੰਘ ਨੂੰ ਪਿਆਰ ਦੇ ਕੇ ਤੋਰਿਆ ਸੀ, ਉਸੇ ਤਰ੍ਹਾਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਕੇ ਮੇਰੀ ਚਿਖਾ ਨੂੰ ਲਾਂਬੂ ਲਾਉਣਾ। ਮੈਂ ਵੀ ਤੇਰੇ ਪੁੱਤਰ ਨੂੰ ਅਗਲੇ ਜਨਮ ਵਿਚ ਮਿਲਣ ਦਾ ਵਾਅਦਾ ਪੂਰਾ ਕਰਨਾ ਹੈ, ਜਦੋਂ ਵੀ ਸਾਨੂੰ ਮਨੁੱਖਾ ਦੇਹ ਅਕਾਲ ਪੁਰਖ ਨੇ ਬਖਸ਼ੀ, ਮੇਰੀ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਹੈ ਕਿ ਮੈਂ ਉਸ ਜਨਮ 'ਚ ਸ਼ਹੀਦ ਸਤਵੰਤ

ਸਿੰਘ ਦੀ ਸਿੰਘਣੀ ਬਣ ਕੇ ਭਾਪਾ ਜੀ ਤੁਹਾਡੇ ਪਿਆਰ ਦਾ ਨਿੱਘ ਮਾਣਾਂ। ਮੈਂ ਕਿਹਾ, ਪੁੱਤਰ ਮੈਂ ਵਾਹਿਗੁਰੂ ਅੱਗੇ ਇਹੋ ਅਰਦਾਸ ਕਰਦਾ ਹਾਂ ਕਿ ਸੱਚੇ ਪਾਤਿਸ਼ਾਹ, ਮੈਂ ਅਗਲੇ ਜਨਮ ਵਿਚ ਵੀ ਤੇਰੇ ਵਰਗੀ ਧਰਮੀ ਸਿਦਕੀ ਧੀ ਦੇ ਦਰਸ਼ਨ ਕਰਾਂ।

ਫਿਰ ਸੁਰਿੰਦਰ ਕਹਿੰਦੀ, ਭਾਪਾ ਜੀ, ਮੈਂ ਹੁਣ ਜਾ ਰਹੀ ਹਾਂ, ਸੱਚੇ ਪਿਤਾ ਅਕਾਲ ਪੁਰਖ ਵਾਹਿਗੁਰੂ ਨੇ ਮੇਰਾ ਸਿੱਖੀ ਸਿਦਕ ਤੇ ਭਾਪਾ ਜੀ ਤੁਹਾਡੀ ਇੱਜ਼ਤ ਦੀ ਪੱਗ ਦੀ ਲਾਜ ਤੁਹਾਡੇ ਹੱਥਾਂ ਵਿਚ ਹੀ ਰੱਖ ਵਿਖਾਈ ਹੈ। ਭਾਪਾ ਜੀ ਆਪਣੀ ਧੀ ਨੂੰ ਪਿਆਰ ਦਿਉ। ਸੁਰਿੰਦਰ ਕੌਰ ਸੱਸ ਪਿਆਰ ਕੌਰ ਦੀ ਗੋਦੀ ਵਿਚ ਬੈਠੀ ਹੋਈ ਨੇ ਮੇਰੇ ਪੈਰਾਂ ਨੂੰ ਹੱਥ ਲਾਉਣ ਦੀ ਕੋਸ਼ਿਸ਼ ਕੀਤੀ। ਜਦੋਂ ਮੈਂ ਪਿਆਰ ਭਰਿਆ ਹੱਥ ਧਰਮ ਸਿਦਕ ਦੀ ਦੇਵੀ ਸ਼ਿੰਦਰ ਦੇ ਸਿਰ 'ਤੇ ਰੱਖਿਆ ਤਾਂ ਸੁਰਿੰਦਰ ਕੌਰ ਨੇ ਆਖ਼ਰੀ ਫ਼ਤਹਿ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਬੁਲਾਈ ਤੇ ਇਤਨਾ ਕਿਹਾ, ਭਾਪਾ ਜੀ ਪੱਗ ਦੀ ਲਾਜ.....। ਇਤਨਾ ਕਹਿੰਦਿਆਂ ਸ਼ਿੰਦਰ ਆਪਣੀ ਸੱਸ ਪਿਆਰ ਕੌਰ ਦੀ ਗੋਦੀ ਦਾ ਨਿੱਘ ਮਾਣਦੀ ਹੋਈ ਸਦਾ ਦੀ ਗੂੜ੍ਹੀ ਨੀਂਦੇ ਸੌਂ ਗਈ।

ਸੁਰਿੰਦਰ ਦੇ ਸਿਰ ਉੱਤੇ ਮੇਰਾ ਪਿਆਰ ਵਾਲਾ ਹੱਥ ਸੀ, ਉਸ ਦੀ ਧੌਣ ਇਕ ਪਾਸੇ ਲੁਤਕ ਗਈ। ਮੈਂ ਹਿਲਾਉਣ ਦੀ ਕੋਸ਼ਿਸ਼ ਕੀਤੀ, ਪੁੱਤ ਸ਼ਿੰਦਰ, ਸ਼ਿੰਦਰ। ਪਰ ਸ਼ਿੰਦਰ ਤੁਰ ਗਈ ਸੀ ਤੇ ਮੇਰੀ ਤੇ ਸ਼ਹੀਦ ਸਤਵੰਤ ਸਿੰਘ ਦੀ ਇੱਜ਼ਤ ਦੀ ਪੱਗ ਦੀ ਲਾਜ ਰੱਖ ਗਈ ਸੀ।

ਬਾਪੂ ਤਰਲੋਕ ਸਿੰਘ ਦੇ ਇਹ ਇਤਿਹਾਸਕ ਵਾਰਤਾ ਸੁਣਾਉਂਦਿਆਂ ਅੱਖਾਂ 'ਚੋਂ ਹੰਝੂਆਂ ਦੀ ਝੜੀ ਲੱਗ ਗਈ।

ਬਾਪੂ ਤਰਲੋਕ ਸਿੰਘ—ਬੀਬੀ ਸ਼ਿੰਦਰ (ਸੁਰਿੰਦਰ ਕੌਰ) ਦਾ ਅਕਾਲ ਚਲਾਣਾ ਸੁਣ ਕੇ ਸਾਰਾ ਪਿੰਡ ਅਗਵਾਨ ਖ਼ੁਰਦ ਸਾਡੇ ਘਰ ਇਕੱਠਾ ਹੋ ਗਿਆ। ਰਿਸ਼ਤੇਦਾਰੀਆਂ ਵਿਚ ਕਿਤੇ ਟੈਲੀਫ਼ੋਨ ਕਰ ਦਿੱਤੇ, ਕਿਤੇ ਬੰਦੇ ਪਹੁੰਚ ਗਏ। ਜਿਵੇਂ ਜਿਵੇਂ ਸ਼ਿੰਦਰ ਦੇ ਅਕਾਲ ਚਲਾਣੇ ਦੀ ਖ਼ਬਰ ਇਲਾਕੇ ਵਿਚ ਜੰਗਲ ਦੀ ਅੱਗ ਵਾਂਗ ਫੈਲ ਗਈ, ਖਲਕਤ ਲੋਕਾਈ ਬੀਬੀਆਂ, ਬੱਚੇ, ਨੌਜਵਾਨ ਬਜ਼ੁਰਗ, ਟਰਾਲੀਆਂ ਭਰ ਕੇ ਇਲਾਕੇ 'ਚੋਂ ਸੁਰਿੰਦਰ ਕੌਰ ਦੇ ਅੰਤਮ ਦਰਸ਼ਨ ਕਰਨ ਲਈ ਅਗਵਾਨ ਪਹੁੰਚਣੇ ਸ਼ੁਰੂ ਹੋ ਗਏ। ਸ਼ਾਮ ਤਕ 50 ਹਜ਼ਾਰ ਤੋਂ ਵੱਧ ਲੋਕਾਂ ਦਾ ਇਕੱਠ ਹੋ ਗਿਆ। ਸੁਰਿੰਦਰ ਦਾ ਪੇਕਾ ਪਿੰਡ ਸਾਰਾ ਹੀ ਟਰਾਲੀਆਂ 'ਤੇ ਅਗਵਾਨ ਆ ਗਿਆ। ਮੇਰੇ ਭਰਾਵਾਂ ਨਾਲ ਮੇਰੇ ਜੱਦੀ

ਪਿੰਡ ਧਰਮਕੋਟ ਰੰਧਾਵਾ ਤੋਂ ਸਮੁੱਚਾ ਪਿੰਡ ਹੀ ਟਰਾਲੀਆਂ 'ਤੇ ਸ਼ਿੰਦਰ ਦੇ ਅੰਤਮ ਦਰਸ਼ਨਾਂ ਲਈ ਆਇਆ। ਡੇਰਾ ਬਾਬਾ ਨਾਨਕ ਤੋਂ ਕਲਾਨੌਰ ਵਾਲੀ ਸੜਕ 'ਤੇ ਲੰਘਦਿਆਂ, ਜਿਸ ਨੇ ਸ਼ਹੀਦ ਸਤਵੰਤ ਸਿੰਘ ਦੀ ਸਿੰਘਣੀ ਸੁਰਿੰਦਰ ਕੌਰ ਦਾ ਅਕਾਲ ਚਲਾਣਾ ਸੁਣਿਆ, ਉਹੋ ਹੀ ਬੀਬੀ ਸੁਰਿੰਦਰ ਕੌਰ ਦੇ ਅੰਤਮ ਦਰਸ਼ਨ ਕੀਤੇ ਬਿਨਾਂ ਨਾ ਗਿਆ।

ਸ਼ਿੰਦਰ ਦੇ ਬੂਹੇ 'ਤੇ ਬੈਠਿਆਂ ਮੈਨੂੰ ਪਿੰਡ ਦੇ ਪਤਵੰਤੇ ਆਦਮੀ ਕਹਿੰਦੇ, ''ਭਾਈਆ, ਬਾਲਣ ਇਕੱਠਾ ਕਰ ਕੇ ਕਿਥੇ ਲੈ ਕੇ ਚੱਲੀਏ?'' ਮੈਂ ਕਿਹਾ ''ਭਾਊ, ਲੱਕੜ ਬਾਲਣ ਤਾਂ ਹਵੇਲੀ 'ਚ ਬਥੇਰਾ ਪਿਆ, ਮੁੰਡਿਆਂ ਨੂੰ ਆਖ ਦੇਣਾ, ਟਰਾਲੀ 'ਤੇ ਲੱਦ ਲੈਣ।'' ਪਿੰਡ ਵਾਲੇ ਆਖਣ ਲੱਗੇ, ''ਭਾਈਆ, ਬਾਲਣ ਅਸੀਂ ਧਰਮੀ ਦੇਵੀ 'ਤੇ ਪਿੰਡ 'ਚੋਂ ਸੇਵਾ ਕਰ ਕੇ ਜ਼ਰੂਰ ਪਾਉਣਾ ਤੇ ਨਾਲੇ ਅਸੀਂ ਚਾਹੁੰਦੇ ਹਾਂ ਬੀਬੀ ਸੁਰਿੰਦਰ ਕੌਰ ਦਾ ਅੰਤਮ ਸਸਕਾਰ ਸ਼ਹੀਦ ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਦੇ ਵਿਹੜੇ 'ਚ ਕੀਤਾ ਜਾਵੇ। ਜਿਥੇ ਉਸ ਦੀ ਸ਼ਹੀਦ ਸਤਵੰਤ ਸਿੰਘ ਦੇ ਨਾਲ ਸਦੀਵੀ ਯਾਦਗਾਰ ਵੀ ਬਣ ਜਾਵੇਗੀ।'' ਮੈਂ ਆਖਿਆ, ''ਭਰਾਵੋ, ਜਿਵੇਂ ਤੁਹਾਨੂੰ ਠੀਕ ਲੱਗਦਾ, ਉਸੇ ਤਰ੍ਹਾਂ ਕਰ ਲਵੋ।'' ਪਿੰਡ ਦੇ ਸੱਜਣਾਂ ਸ਼ਹੀਦ ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਦੇ ਵਿਹੜੇ 'ਚ ਚਿਖਾ ਤਿਆਰ ਕਰ ਦਿੱਤੀ ਤਾਂ ਦਿੱਲੀ ਸਰਕਾਰ ਦਾ ਅਗਵਾਨ ਵਿਚ ਪਾਲਤੂ, ਜਿਹੜਾ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਮਿੰਟ ਮਿੰਟ ਦੀ ਖ਼ਬਰ ਸਰਕਾਰ ਨੂੰ ਦਿੰਦਾ ਰਹਿੰਦਾ ਸੀ, ਆਪਣੀ ਆਦਤ ਮੁਤਾਬਕ ਜ਼ਿਲਾ ਗੁਰਦਾਸਪੁਰ ਦੀ ਪੁਲਿਸ ਨੂੰ ਖ਼ਬਰ ਦੇ ਕੇ ਚੜ੍ਹਾ ਲਿਆਇਆ। ਪੁਲਿਸ ਨੇ ਵੱਡੀ ਗਿਣਤੀ 'ਚ ਆਣ ਕੇ ਬੀਬੀ ਸੁਰਿੰਦਰ ਕੌਰ ਦੇ ਗੁਰਦੁਆਰਾ ਸਾਹਿਬ ਵਿਚ ਅੰਤਮ ਸਸਕਾਰ ਨੂੰ ਰੋਕਣ ਦੀ ਕੋਸ਼ਿਸ਼ ਕੀਤੀ।

ਇਹ ਤਾਂ ਸੱਚ ਹੀ ਹੈ ਕਿ ਗੁਲਾਬ ਦੇ ਫੁੱਲਾਂ ਦੀ ਮਹਿਕ ਹਮੇਸ਼ਾ ਭੌਰੇ ਹੀ ਚਖ ਸਕਦੇ ਹਨ ਤੇ ਗੰਦਗੀ ਦੇ ਕੀੜੇ ਨੂੰ ਗੁਲਾਬ ਦੇ ਫੁੱਲ ਦੀ ਮਹਿਕ ਪਸੰਦ ਨਹੀਂ ਹੁੰਦੀ। ਗੰਦਗੀ ਦੇ ਕੀੜੇ ਨੇ ਤਾਂ ਗੰਦਗੀ 'ਚ ਮੂੰਹ ਮਾਰ ਕੇ ਹੀ ਖ਼ੁਸ਼ ਰਹਿਣਾ ਹੁੰਦਾ ਹੈ।

ਸ਼ਹੀਦ ਸਤਵੰਤ ਸਿੰਘ ਦੀ ਸਿੰਘਣੀ ਬੀਬੀ ਸੁਰਿੰਦਰ ਕੌਰ ਦੀ ਅਰਥੀ ਜਦੋਂ ਬੀਬੀ ਦਾ ਭਰਾ ਬਲਵਿੰਦਰ ਸਿੰਘ, ਦਿਉਰ ਸਰਵਨ ਸਿੰਘ, ਜੇਠ ਗੁਰਨਾਮ ਸਿੰਘ, ਸਤਵੰਤ ਦਾ ਦੋਸਤ ਹਰਜਿੰਦਰ ਸਿੰਘ, ਸਤਵੰਤ ਦਾ ਸਾਂਢੂ ਕੁਲਦੀਪ ਸਿੰਘ ਚੁੱਕ ਕੇ ਤੁਰੇ ਤਾਂ ਮਾਹੌਲ ਅਜਿਹਾ ਗ਼ਮ ਤੇ ਅਫ਼ਸੋਸ ਵਾਲਾ ਸੀ ਕਿ ਵੇਖਿਆ ਨਹੀਂ ਸੀ ਜਾ ਸਕਦਾ। ਸੁਰਿੰਦਰ ਕੌਰ ਦੀ ਅਰਥੀ ਦੀ ਅੰਤਮ

ਯਾਤਰਾ ਦੀ ਵਿਦਾਇਗੀ ਹਰ ਦਿਲ, ਹਰ ਅੱਖ, ਹਰ ਮਨ, ਹਰ ਇਨਸਾਨ ਭੁੱਬਾਂ ਮਾਰ ਕੇ ਰੋ ਰਿਹਾ ਸੀ। ਸ਼ਹੀਦ ਸਤਵੰਤ ਸਿੰਘ ਦੀ ਹਰ ਦਿਲ ਦੀ ਸਾਂਝ ਦੁਬਾਰਾ ਜਾਗ ਪਈ ਸੀ, ਹਰ ਅੰਦਰ ਸੁਰਿੰਦਰ ਕੌਰ ਜਿਹੀ ਧਰਮੀ ਦੇਵੀ ਦੇ ਅਸਹਿ ਵਿਛੋੜੇ ਨਾਲ ਤੜਪ ਰਹੀ ਸੀ। ਸੁਰਿੰਦਰ ਕੌਰ ਦੀ ਅਰਥੀ ਅੰਤਮ ਸਸਕਾਰ ਲਈ ਸ਼ਹੀਦ ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਪਹੁੰਚ ਗਈ। ਸੁਰਿੰਦਰ ਕੌਰ ਦੀ ਮਿਰਤਕ ਦੇਹ ਸੁੰਦਰ ਬਸਤਰਾਂ 'ਚ ਸੱਜੀ ਹੋਈ ਤੇ ਸੈਂਕੜੇ ਹਜ਼ਾਰਾਂ ਲੋਕਾਂ ਸ਼ਰਧਾ ਨਾਲ ਬਸਤਰ ਭੇਟ ਕੀਤੇ, ਜੋ ਗ਼ਰੀਬਾਂ 'ਚ ਵੰਡ ਦਿੱਤੇ ਗਏ। ਸੁਰਿੰਦਰ ਕੌਰ ਦੇ ਅੰਤਮ ਸਸਕਾਰ ਦੀ ਗ੍ਰੰਥੀ ਸਿੰਘ ਅਰਦਾਸ ਕਰ ਰਿਹਾ ਸੀ। ਸੁਰਿੰਦਰ ਕੌਰ ਦਾ ਮਿਰਤਕ ਸਰੀਰ ਚਿਖਾ ਉੱਤੇ ਰੱਖ ਦਿੱਤਾ ਸੀ। ਹਜ਼ਾਰਾਂ ਦੀ ਗਿਣਤੀ ਵਿਚ ਹਾਜ਼ਰ ਲੋਕ ਜੋੜੇ ਲਾਹ ਕੇ ਅਰਦਾਸ ਵਿਚ ਹੱਥ ਜੋੜੀ ਖੜੇ ਸਨ, ਗ੍ਰੰਥੀ ਸਿੰਘ ਅਰਦਾਸ ਉਪਰੰਤ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ ਦਾ ਜੈਕਾਰਾ ਉਚਾਰ ਧਰਤੀ 'ਤੇ ਨਮਸਕਾਰ ਕੀਤੀ, ਹਾਜ਼ਰ ਸੰਗਤਾਂ ਨੇ ਵੀ ਨਮਸਕਾਰ ਕੀਤੀ। ਸੁਰਿੰਦਰ ਕੌਰ ਦੀ ਚਿਖਾ ਨੂੰ ਬਾਪੂ ਤਰਲੋਕ ਸਿੰਘ ਜੀ ਦੁਖੀ ਮਨ ਨਾਲ ਲਾਂਬੂ ਲਾਉਣ ਲੱਗੇ ਤਾਂ ਪੁਲਿਸ ਦੀ ਧਾੜ ਲੈ ਕੇ ਅਫ਼ਸਰ ਅੱਗੇ ਵਧਿਆ ਤੇ ਹਕੂਮਤੀ ਰੋਹਬ ਵਿਚ ਕਹਿਣ ਲੱਗਾ, ''ਗੁਰਦੁਆਰਾ ਸਾਹਿਬ ਅੰਦਰ ਸਸਕਾਰ ਨਹੀਂ ਹੋਵੇਗਾ। ਪਿੰਡ ਦੇ ਸਿਵਿਆਂ 'ਚ ਸਸਕਾਰ ਕੀਤਾ ਜਾਵੇ।'' ਮੈਂ (ਬਾਪੂ ਤਰਲੋਕ ਸਿੰਘ) ਆਖਿਆ, ''ਜਨਾਬ, ਕੁਝ ਹੋਸ਼ ਕਰੋ। ਤੁਸੀਂ ਤਾਂ ਅੱਜ ਫਿਰ ਉਹੋ ਕੁਝ ਕਰਨ ਲਈ ਆ ਧਮਕੇ ਹੋ, ਜਿਹੋ-ਜਿਹਾ ਤੁਸੀਂ ਦਿਲੀ ਤਿਹਾੜ ਜੇਲ੍ਹ ਅੰਦਰ ਸ਼ਹੀਦ ਸਤਵੰਤ ਸਿੰਘ, ਕਿਹਰ ਸਿੰਘ ਨਾਲ ਕੀਤਾ ਸੀ। ਉਹਨਾਂ ਤਾਂ ਤੁਹਾਡੀ ਇੰਦਰਾ ਗਾਂਧੀ ਮਾਰੀ ਸੀ ਪਰ ਸਾਡੀ ਇਸ ਧੀ ਨੇ ਤਾਂ ਤੁਹਾਡਾ ਕੋਈ ਨਹੀਂ ਮਾਰਿਆ। ਗੁਰਦੁਆਰਾ ਬਣਾਉਣ ਲਈ ਜ਼ਮੀਨ ਮੈਂ ਆਪ ਦਿੱਤੀ, ਕਾਰ ਸੇਵਾ ਵਾਲੇ ਬਾਬਿਆਂ ਨੇ ਗੁਰਦੁਆਰਾ ਬਣਾਇਆ, ਤੁਹਾਨੂੰ ਸੁਰਿੰਦਰ ਕੌਰ ਦਾ ਇਥੇ ਸਸਕਾਰ ਹੋਣ ਤੇ ਕੀ ਤਕਲੀਫ਼ ਹੋਈ ਆ। ਅਫ਼ਸਰ ਕਹਿੰਦਾ, ਬਾਬਾ ਉੱਤੋਂ ਹੁਕਮ ਆਇਆ, ਸੁਰਿੰਦਰ ਕੌਰ ਦਾ ਸਸਕਾਰ ਗੁਰਦੁਆਰੇ ਅੰਦਰ ਨਹੀਂ ਹੋਣ ਦੇਣਾ। ਅਫ਼ਸਰ ਦਾ ਹੁਕਮ ਸੁਣ ਕੇ ਪਿੰਡ ਵਾਲੇ ਪਤਵੰਤੇ ਤੇ ਮੈਂ ਵੀ ਰੋਹ ਵਿਚ ਆ ਗਏ, ਹਜ਼ਾਰਾਂ ਦੀ ਗਿਣਤੀ ਦਾ ਇਕੱਠ, ਸ਼ਹੀਦ ਸਤਵੰਤ ਸਿੰਘ ਅਮਰ ਰਹੇ, ਬੀਬੀ ਸੁਰਿੰਦਰ ਕੌਰ ਅਮਰ ਰਹੇ ਦੇ ਨਾਅਰੇ ਲਾਉਣ ਲੱਗ ਪਿਆ। ਮੈਂ ਤੇ ਪਿੰਡ ਦੇ ਪਤਵੰਤੇ ਲੋਕਾਂ ਨੇ ਅਫ਼ਸਰ ਤੇ ਪੁਲਿਸ ਨੂੰ ਕਹਿ ਦਿੱਤਾ ਕਿ ਤੁਸੀਂ ਗੋਲੀ ਚਲਾਉ ਤੇ ਸਾਨੂੰ ਮਾਰ ਕੇ ਫਿਰ ਸੁਰਿੰਦਰ

ਕੌਰ ਦਾ ਸਸਕਾਰ ਜਿਥੇ ਮਰਜ਼ੀ ਕਰ ਦਿਉ। ਜਿਉਂਦੇ ਜੀਅ ਤਾਂ ਅਸੀਂ ਆਪਣੀ ਧਰਮੀ ਧੀ ਦਾ ਸਸਕਾਰ ਇਥੇ ਹੀ ਕਰਾਂਗੇ। ਅਸੀਂ ਜੋਸ਼ ਵਿਚ ਆ ਕੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾ ਦਿੱਤੇ ਤੇ ਸੁਰਿੰਦਰ ਕੌਰ ਦੀ ਚਿਖਾ ਨੂੰ ਬਾਪੂ ਤਰਲੋਕ ਸਿੰਘ ਨੇ ਅੱਗ ਵਿਖਾਈ। ਸੁਰਿੰਦਰ ਕੌਰ ਦਾ ਅੰਤਮ ਸਸਕਾਰ ਹੋ ਰਿਹਾ ਸੀ, ਲੋਕਾਂ ਦੀਆਂ ਅੱਖਾਂ ਵਿਚ ਹੰਝੂਆਂ ਦੀ ਝੜੀ ਬਰਸ ਰਹੀ ਸੀ। ਚੜ੍ਹਾਈ ਕਰ ਕੇ ਆਇਆ ਅਫ਼ਸਰ ਲੋਕਾਂ ਦੇ ਰੋਹ ਅੱਗੇ, ਫਿੱਕਾ ਪੈ ਕੇ ਸ਼ਰਮਿੰਦਾ ਹੋ ਕੇ ਪੁਲਿਸ ਦੀਆਂ ਗੱਡੀਆਂ ਲੈ ਕੇ ਵਾਪਸ ਮੁੜ ਗਿਆ। ਲੋਕ ਦਿੱਲੀ ਸਰਕਾਰ ਦੇ ਪਾਲਤੂ ਨੂੰ ਲਾਹਨਤਾਂ ਪਾ ਰਹੇ ਸਨ, ਜਿਸ ਨੇ ਧਰਮੀ ਦੇਵੀ ਸੁਰਿੰਦਰ ਕੌਰ ਦੇ ਅੰਤਮ ਸਸਕਾਰ 'ਚ ਆ ਕੇ ਵਿਘਨ ਪਾ ਕੇ ਪ੍ਰੇਸ਼ਾਨ ਕੀਤਾ ਸੀ। ਸਸਕਾਰ ਉਪਰੰਤ ਗੁੰਬੀ ਸਿੰਘ ਨੇ ਕੀਰਤਨ ਸੋਹਿਲੇ ਦਾ ਪਾਠ ਕੀਤਾ, ਉਪਰੰਤ ਅਰਦਾਸ ਕੀਤੀ, ਹਨੇਰਾ ਵਾਹਵਾ ਹੋ ਚੁੱਕਿਆ ਸੀ।

26 ਦਸੰਬਰ 2000 ਦਾ ਦਿਨ ਸੀ, 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ। ਧੁੰਦ ਪੈ ਚੁੱਕੀ ਸੀ, ਆਕਾਸ਼ ਵਿਚੋਂ ਇਕ ਦਮ ਬਾਰਸ਼ ਹੋਣ ਲੱਗ ਪਈ, ਜੋ ਦੋ ਕੁ ਮਿੰਟ ਹੁੰਦੀ ਰਹੀ ਤੇ ਰੁਕ ਗਈ। ਅਕਾਲ ਪੁਰਖ ਵਾਹਿਗੁਰੂ ਨੇ 20ਵੀਂ ਸਦੀ ਦੀ ਮਹਾਨ ਸਿੱਖ ਬੀਬੀ ਨੂੰ ਮੀਂਹ ਰੂਪੀ ਬਾਰਸ਼ ਵਰਸਾ ਕੇ ਧਰਮੀ ਦੇਵੀ ਬੀਬੀ ਸੁਰਿੰਦਰ ਕੌਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਸੀ। ਧਰਮੀ ਬੀਬੀ ਸੁਰਿੰਦਰ ਕੌਰ ਦੇ ਵਿਛੋੜੇ ਤੇ ਕੁਦਰਤ ਨੇ ਵੀ ਹੰਝੂ ਕੇਰ ਕੇ ਸ਼ਰਧਾਂਜਲੀ ਭੇਟ ਕੀਤੀ। ਲੋਕ ਘਰੋ-ਘਰੀ ਤੁਰ ਪਏ, ਸਵੇਰੇ ਤੋਂ ਲੈ ਕੇ ਹੁਣ ਤਕ (ਸ਼ਾਮ ਤਕ) ਕਿਸੇ ਨੇ ਕੁਝ ਮੂੰਹ 'ਚ ਨਹੀਂ ਸੀ ਪਾਇਆ। ਮਾਲ ਡੰਗਰ ਵੀ ਸਵੇਰ ਤੋਂ ਲੈ ਕੇ ਸਾਰੇ ਪਿੰਡ ਦਾ ਭੁੱਖਾ ਸੀ। ਸ਼ਾਮ ਨੂੰ ਵੀ ਕਿਸੇ ਨੇ ਰਾਤ ਵੇਲੇ ਚੁੱਲ੍ਹੇ 'ਚ ਅੱਗ ਨਾ ਬਾਲੀ, ਸਾਰਾ ਇਲਾਕਾ ਹੀ ਗ਼ਮ ਤੇ ਸੋਗ ਦੇ ਡੂੰਘੇ ਸਮੁੰਦਰ 'ਚ ਡੁੱਬਾ ਹੋਇਆ ਸੀ। ਬੀਬੀ ਸੁਰਿੰਦਰ ਕੌਰ ਦੀ ਚਿਖਾ ਆਪਣੇ ਸ਼ਹੀਦ ਪਤੀ ਸ਼ਹੀਦ ਸ. ਸਤਵੰਤ ਸਿੰਘ ਦੇ ਗੁਰਦੁਆਰਾ ਸਾਹਿਬ ਦੇ ਵਿਹੜੇ ਵਿਚ ਲਟ ਲਟ ਬਲ ਰਹੀ ਸੀ। ਸੁਰਿੰਦਰ ਕੌਰ ਆਪਣੇ ਪਤੀ ਸ਼ਹੀਦ ਸਤਵੰਤ ਸਿੰਘ ਦੀ ਪੱਗ ਦੀ ਲਾਜ ਪਾਲਦੀ, ਰੱਖਦੀ ਹੋਈ ਸ਼ਹੀਦ ਸਤਵੰਤ ਸਿੰਘ ਦੇ ਕੋਲ ਪਹੁੰਚ ਚੁੱਕੀ ਸੀ।

—o—

ਧੰਨਵਾਦ

ਸ. ਸੁਖਦੇਵ ਸਿੰਘ, ਗੁਰਮਤਿ ਪੁਸਤਕ ਭੰਡਾਰ ਵਾਲੇ, ਜਿਸ ਢੰਗ ਨਾਲ ਸੰਘਰਸ਼ੀ ਯੋਧਿਆਂ ਦੀਆਂ ਗਾਥਾਵਾਂ ਛਾਪ ਕੇ ਪੰਥ ਦੀ ਸੇਵਾ ਕਰ ਰਹੇ ਹਨ, ਉਹ ਆਪਣੇ ਆਪ ਵਿਚ ਇਕ ਸ਼ਲਾਘਾਯੋਗ ਕਾਰਜ ਹੈ।

ਬੀਤੇ ਸਮੇਂ ਵਿਚ ਜਿਥੇ ਸ. ਸੁਖਦੇਵ ਸਿੰਘ ਹੋਰਾਂ, ਹੱਡੀਂ ਹੰਢਾਇਆ ਖ਼ੂਨੀ ਦਹਾਕਾ, ਸਿੰਘ ਗਰਜ, ਇਹ ਸੱਚ ਹੈ, 'ਤੇ ਦੀਵਾ ਜਗਦਾ ਰਹੇਗਾ, ਲਕੀਰ, ਪਾਂਧੀ, ਜੁਝਾਰੂ ਯੋਧੇ ਆਦਿ ਮੌਜੂਦਾ ਸਿੱਖ ਸੰਘਰਸ਼ ਨਾਲ ਕਿਸੇ ਨਾ ਕਿਸੇ ਤਰੀਕੇ ਨਾਲ ਜੁੜੀਆਂ ਹੋਈਆਂ ਕਿਤਾਬਾਂ ਛਾਪੀਆਂ ਹਨ, ਉਥੇ ਹੀ ਪੰਥ ਦਾ ਦਰਦ ਆਪਣੇ ਮਨ ਵਿਚ ਰੱਖਦੇ ਹੋਏ ਸ. ਸੁਖਦੇਵ ਸਿੰਘ ਨੇ ਬਾਗੀ ਸਿੱਖ ਲੇਖਕ ਗੁਰਬਖ਼ਸ਼ ਸਿੰਘ ਕਾਲਾ ਅਫ਼ਗਾਨਾ ਵੱਲੋਂ ਕੀਤੇ ਜਾ ਰਹੇ ਕੂੜ ਪ੍ਰਚਾਰ, (ਜਿਸ ਰਾਹੀਂ ਉਹ ਸਿੱਖ ਧਰਮ, ਸਿੱਖ ਰਵਾਇਤਾਂ, ਸਿੱਖ ਰਹਿਤ ਮਰਯਾਦਾ ਦਾ ਘਾਣ ਕਰ ਰਿਹਾ ਹੈ) ਦਾ ਵੀ ਡਟ ਕੇ ਵਿਰੋਧ ਕਰਨ ਵੱਜੋਂ 'ਕਾਲਾ ਅਫ਼ਗਾਨਾ ਦੇ ਕਾਲੇ ਲੇਖ' ਨਾਮੀ ਕਿਤਾਬ ਛਾਪ ਕੇ ਪੰਥ ਦੀ ਰੱਜ ਕੇ ਸੇਵਾ ਕੀਤੀ ਹੈ।

ਸਮਾਜਿਕ ਕੁਰੀਤੀਆਂ ਦੇ ਖ਼ਿਲਾਫ਼ ਸ. ਇੰਦਰਜੀਤ ਸਿੰਘ ਗੋਗੋਆਣੀ ਦੀ ਲਿਖੀ ਕਿਤਾਬ 'ਸੱਚ ਆਖਾਂ ਤਾਂ ਭਾਂਬੜ ਮੱਚਦਾ ਏ' ਛਾਪ ਕੇ ਸਮਾਜ ਨੂੰ ਕੁਰੀਤੀਆਂ ਦੇ ਖ਼ਿਲਾਫ਼ ਜਹਾਦ ਕਰਨ ਵਾਲਿਆਂ ਨੂੰ ਨਵਾਂ ਮਸਾਲਾ ਦੇਣ ਦੀ ਕੋਸ਼ਿਸ਼ ਕੀਤੀ, ਮੇਰੇ ਵਰਗੇ ਨਾਚੀਜ਼ ਨੂੰ ਸ. ਸੁਖਦੇਵ ਸਿੰਘ ਜੀ ਨੇ ਮੇਰਾ ਨਾਵਲ 'ਪੱਗ ਦੀ ਲਾਜ' ਛਾਪ ਕੇ ਜੋ ਐਨਾ ਮਾਣ ਦਿੱਤਾ ਹੈ, ਉਸ ਦਾ ਤਹਿ-ਦਿਲੋਂ ਧੰਨਵਾਦੀ ਹਾਂ।

—ਮਨਿੰਦਰ ਸਿੰਘ ਬਾਜਾ

ਅਸੀਂ ਪੰਥ ਦੀ ਖ਼ਾਤਰ ਜੂਝਣਾ ਜਾਂ ਫਾਂਸੀ ਚੜ੍ਹਨਾ

ਸੀ ਸੰਨ ਚੌਰਾਸੀ ਉਨੀ ਸੌ, ਅਕਤੂਬਰ ਮਹੀਨਾ।
ਇੱਕਤੀ ਤਰੀਕ ਦਿਨ ਆਖਰੀ, ਇੰਦਰਾ ਨੇ ਜੀਣਾ।
ਉਹ ਰਾਹ ਮੱਲ ਕੇ ਸੀ ਖੜ੍ਹ ਗਏ ਇੰਦਰਾ ਦਾ, ਹੀਰੇ।
ਸਤਵੰਤ ਸਿੰਘ ਤੇ ਬਿਅੰਤ ਸਿੰਘ ਦੋਵੇਂ ਹੀ ਵੀਰੇ।
ਉਹ ਨਿਕਲੀ ਭਾਰੀ ਪਹਿਰੇ ਵਿਚ, ਹੰਕਾਰ 'ਚ ਆ ਕੇ।
ਜਾ ਪਹੁੰਚੀ ਸਿੰਘਾਂ ਸਾਹਮਣੇ, ਪੈਦਲ ਹੀ ਆ ਕੇ।
ਉਹ ਘੜੀ ਸੁਲੱਖਣੀ ਪਹੁੰਚ ਗਈ, ਦਿਨ ਚੜ੍ਹਿਆ ਆ ਕੇ।
ਉਹ ਜਿਸ ਨੂੰ ਪਏ ਉਡੀਕਦੇ, ਸੀ ਅੱਖੀਆਂ ਲਾ ਕੇ।
ਸਾਹਵੇਂ ਆਈ ਬਿਅੰਤ ਸਿੰਘ, ਛੱਡਿਆ ਜੈਕਾਰਾ।
'ਰੁਕ' ਜਾ ਕਿਹਾ ਸਤਵੰਤ ਸਿੰਘ, ਮਾਰ ਲਲਕਾਰਾ।
ਤੂੰ ਕਹਿਰ ਕਮਾਇਆ ਪੰਥ 'ਤੇ, ਫੌਜਾਂ ਚੜ੍ਹਾ ਕੇ।
ਤੂੰ ਅਕਾਲ ਤਖਤ ਵੀ ਢਾਹ 'ਤਾ, ਤੋਪਾਂ ਚਲਾ ਕੇ।
ਤੂੰ ਤਰਸ ਨਾ ਖਾਧਾ ਜ਼ਰਾ ਵੀ, ਬੱਚੇ ਵੀ ਕੋਹੇ।
ਤੂੰ ਬਣ ਗਈ ਭੈਣ ਕਈ ਭੈਣਾਂ ਦੇ, ਸਨ ਵੀਰੇ ਖੋਹੇ।
ਖਾ ਗੁੱਸਾ ਕਿਹਾ ਬਿਅੰਤ ਸਿੰਘ, ਹੁਣ ਕਰ ਲੈ ਚਾਰਾ।
ਨਹੀਂ ਛੱਡਣਾ ਤੈਨੂੰ ਪਾਪਣੇ, ਜੋ ਤੇਰਾ ਕਾਰਾ।
ਅੱਜ ਘਿਰ ਗਈ ਰਾਣੀ ਹਿੰਦ ਦੀ, ਸ਼ੇਰਾਂ 'ਚ ਆ ਕੇ।
ਉਹਨੂੰ ਛੱਡ ਕਮਾਂਡੋ ਭੱਜ ਗਏ, ਜਾਨਾਂ ਬਚਾ ਕੇ।
ਹੱਥ ਜੋੜ ਪਈ ਹਾੜੇ ਕੱਢਦੀ, ਤੇ ਚੀਕਾਂ ਮਾਰੇ।
ਮੈਂ ਭੁੱਲ ਗਈ ਸਿੰਘੋ ਬਖ਼ਸ਼ਿਓ, ਪਈ ਤਰਲੇ ਮਾਰੇ।
ਹਟ ਪਿੱਛੇ ਕਿਹਾ ਸਤਵੰਤ ਸਿੰਘ, ਕੱਢ ਗੋਲੀ ਮਾਰੀ।
ਖਾ ਲੋਟਣੀ ਭੁੰਜੇ ਡਿੱਗ ਪਈ, ਝੱਟ ਹਿੰਦ ਦੀ ਰਾਣੀ।
ਰਹੀ ਕਸਰ ਕੱਢੀ ਸਤਵੰਤ ਸਿੰਘ, ਕਰ ਖ਼ਤਮ ਕਹਾਣੀ।
ਉਹਨਾਂ ਕਰਤੀ ਫਿਲਟਰ ਵਾਂਗਰਾਂ, ਬਰੱਸਟ ਲਗਾ ਕੇ।
ਉਹਨਾਂ ਤਖ਼ਤ ਹਿਲਾ 'ਤਾ ਹਿੰਦ ਦਾ, ਸੀ ਭਬਕ ਦਿਖਾ ਕੇ।
ਉਹਨਾਂ 'ਬੋਲੇ ਸੋ ਨਿਹਾਲ' ਦਾ, ਛੱਡ ਕੇ ਜੈਕਾਰਾ।
'ਖ਼ਾਲਿਸਤਾਨ ਜ਼ਿੰਦਾਬਾਦ' ਦਾ, ਫਿਰ ਲਾ ਕੇ ਨਾਹਰਾ।
ਕਿਹਾ ਕਰਨਾ ਸੀ ਜੋ ਕਰ ਲਿਆ, ਹੁਣ ਤੁਹਾਡੀ ਵਾਰੀ।
ਅਸੀਂ ਮੌਤ ਲਾੜੀ ਨੂੰ ਵਰਨ ਦੀ, ਕਰ ਲਈ ਤਿਆਰੀ।
ਨਾ ਡਰੋ ਜ਼ਲਾਦੋ ਪਕੜ ਲਉ, ਕਰ ਦੇਵੋ ਫੇਰੇ।
ਸਾਡੇ ਹੱਥੀਂ ਗਾਨੇ ਬੰਨ੍ਹ ਦਿਉ, ਸਿਰ ਮੌਤ ਦੇ ਸਿਹਰੇ।
ਅਸੀਂ ਪ੍ਰਣ ਨਿਭਾਇਆ ਆਪਣਾ, ਕਰ ਪੰਥ ਦੀ ਸੇਵਾ।
ਸਾਨੂੰ ਭੈ ਜਰਾ ਨਾ ਮੌਤ ਤੋਂ, ਇਹ ਸ਼ਹੀਦੀ ਮੇਵਾ।
ਭਾਵੇਂ ਗੋਲੀ ਸਾਡੇ ਮਾਰ ਦਿਉ, ਜਾਂ ਫਾਂਸੀ ਚਾੜ੍ਹੋ।
ਭਾਵੇਂ ਬੋਟੀ-ਬੋਟੀ ਤੋੜ ਲਉ, ਜਾਂ ਚੀਰੋ ਫਾੜੋ।
ਅਸੀਂ ਸਿੰਘ ਗੁਰੂ ਦਸਮੇਸ਼ ਦੇ, ਕੌਮੀ ਪਰਵਾਨੇ।
ਅਸੀਂ ਜੜ੍ਹ ਜ਼ੁਲਮ ਦੀ ਪੁੱਟਣ ਲਈ, ਬੰਨ੍ਹੇ ਸੀ ਗਾਨੇ।
ਅਸੀਂ ਚਾਅ ਇਕ ਪੂਰਾ ਕਰ ਲਿਆ, ਅੱਜ ਡੈਣਾ ਮੁਕਾ ਕੇ।
ਅਸੀਂ ਪੰਥ ਦੀ ਖ਼ਾਤਰ ਜੂਝ ਕੇ, ਤੇ ਅਣਖ਼ ਦਿਖਾ ਕੇ।
ਅਸੀਂ ਚਾਅ ਹੁਣ ਦੂਜਾ ਆਪਣਾ, ਹੈ ਪੂਰਾ ਕਰਨਾ।
ਜਾਂ ਗੋਲੀ ਖਾਣੀ ਸੀਨੇ ਵਿਚ, ਜਾਂ ਫਾਂਸੀ ਚੜ੍ਹਨਾ।
ਕਰੋ ਜਲਦੀ ਦੇਰ ਲਗਾਉ ਨਾ, ਤੁਸੀਂ ਕੰਮ ਮੁਕਾਉ।
ਜਾਂ ਰਾਹ ਤਖ਼ਤੇ ਦੇ ਪਾ ਦਿਉ, ਜਾਂ ਬੰਦੂਕ ਚਲਾਉ।

-ਨਰਾਇਣ ਸਿੰਘ
(ਅਕਾਲ ਫੈਡਰੇਸ਼ਨ)

ਪ੍ਰਕਾਸ਼ਕ:
ਗੁਰਮਤਿ ਪੁਸਤਕ ਭੰਡਾਰ
31, ਘੰਟਾ ਘਰ ਮਾਰਕੀਟ, ਅੰਮ੍ਰਿਤਸਰ ਫੋਨ ਨੰ: 0183-5101231, 98151-61234